# ਚਿਰਾਗ

ਜਨਵਰੀ -ਮਾਰਚ 2000

**January -March 2000**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਚਿਰਾਗ਼



ਮੁੱਲ : ਦਸ ਰੁਪਏ 31 ਜਨਵਰੀ-ਮਾਰਚ, 2000

# ਚਿਰਾ.ਗ (ਤਿਮਾਹੀ)

ਜਨਵਰੀ/ਮਾਰਚ, 2000

ਸੰਪਾਦਕ : ਹਰਭਜਨ ਸਿੰਘ ਹੁੰਦਲ

ਪ੍ਰਤੀਨਿਧ : ਅਵਤਾਰ ਸਾਦਕ (ਯੂ.ਕੇ.)
ਮਾਨ ਸਿੰਘ ਭਾਰਗਵ (ਜੰਮੂ)

ਸੰਪਾਦਕੀ ਮੰਡਲ : ਡਾ. ਕਰਮਜੀਤ ਸਿੰਘ
ਸੁਰਜੀਤ ਗਿੱਲ, ਸੂਫ਼ੀ ਅਮਰਜੀਤ

## ਤਤਕਰਾ

- *ਸੰਪਾਦਕੀ ਟਿਪਣੀਆਂ :-* ਕੇਂਦਰੀ ਪੰਜਾਬੀ ਲੇਖਕ ਸਭਾ ਕਿੱਧਰ ਨੂੰ
- *ਇਸ ਵਾਰ ਦਾ ਵਿਸ਼ੇਸ਼ ਕਵੀ :-* ਪ੍ਰਮਿੰਦਰ ਜੀਤ
- *ਕਹਾਣੀ :-* ਫ਼ਾਸਲੇ (ਧਰਮਪਾਲ ਸਾਹਿਲ) ਕੂਲੇ ਹੱਥ (ਮਨਜੀਤ ਬਠਿੰਡਾ)
- *ਵਤਨੋਂ ਦੂਰ :-* ਵਰਿੰਦਰ ਪ੍ਰੀਹਾਰ, ਗੁਰਨਾਮ ਢਿੱਲੋਂ
- *ਗ਼ਜ਼ਲਾਂ :-* ਅਮਰਜੀਤ ਸਿੰਘ ਸੰਧੂ, ਰਾਮਿੰਦਰ ਬੇਰੀ, ਕਸ਼ਮੀਰ ਨੀਰ, ਮਹਿਮਾ ਸਿੰਘ, ਮਹਾਂਬੀਰ ਸਿੰਘ ਦਰਦੀ, ਅਮਰਦੀਪ ਸੰਧਾਂਵਾਲੀਆ, ਸ਼ਾਮ ਸੁੰਦਰ, ਨਦੀਮ ਪਰਮਾਰ, ਮਨਜੀਤ ਬਠਿੰਡਾ, ਸੁਰਿੰਦਰ ਪ੍ਰੀਤ ਘਣੀਆ, ਸ.ਨ. ਸੇਵਕ।
- *ਯਾਦਾਂ :-* ਮੇਰੇ ਸਾਹਿਤਕ ਦੁਸ਼ਮਣ, ਮੇਰੀ ਪਹਿਲੀ ਕਵਿਤਾ, (ਪਾਬਲੋ ਨੇਰੂਦਾ)
- *ਵਾਘਿਓਂ ਪਾਰ :-* ਨਜ਼ਮ (ਸੱਜਾਦ ਮਿਰਜ਼ਾ) ਵਰ੍ਹੇ ਵਾਰ ਸਾਹਿਤ (ਇਲਿਆਸ ਘੁੰਮਣ) ਤੇ ਤਾਰਕ ਗੁੱਜਰ
- *ਵਿਸ਼ਵ ਕਵਿਤਾ :-* ਨੀਗਰੋ ਕਵਿਤਾ (ਈਓਜੀਨੀ ਪਰਕਿਨਜ਼) ਲਿੰਗ ਤ੍ਰਿਸ਼ਨਾ (ਪਾਬਲੋ ਨੇਰੂਦਾ)
- *ਵਾਦ-ਵਿਵਾਦ ਤੇ ਮੁਲਾਂਕਣ :-* ਪੰਜਾਬੀ ਆਲੋਚਨਾ- ਰੂਪਵਾਦ ਤੋਂ ਉੱਤਰ-ਆਧੁਨਿਕਤਾ ਤੱਕ (ਡਾ. ਸੁਖਪਾਲ ਸਿੰਘ ਥਿੰਦ) ਵਿਸ਼ਾਲ ਮਾਨਵੀ ਧਰਾਤਲ/ਬਨਾਮ ਨੂਰ ਦੀ ਕਵਿਤਾ (ਡਾ. ਸੁਖਵਿੰਦਰ ਸਿੰਘ ਰੰਧਾਵਾ) ਸਾਹਿਤਕਾਰ ਦੀ ਲੋਕ-ਪ੍ਰਤੀ ਬੱਧਤਾ- ਸੂਫ਼ੀ ਅਮਰਜੀਤ।
- *ਪੁਸਤਕ ਪੜਚੋਲ :-* ਗਿਰ ਰਿਹਾ ਗਰਾਫ਼ (ਸੁਰਜੀਤ ਗਿੱਲ) ਕੰਧ ਉਹਲੇ ਪ੍ਰਦੇਸ਼ (ਹਰਭਜਨ ਹਲਵਾਰਵੀ) ਉਹਲੇ ਵਿਚ ਉਜਿਆਰਾ, ਚਿਰਾਗਾਂ ਦੀ ਡਾਰ ਤੇ ਦਿੱਬ ਦੇ ਸਿੱਟੇ (ਹ.ਸ.ਹ.)
- *ਖਿਆਲ ਆਪੋ-ਆਪਣਾ :-* ....................
- *ਪੁਸਤਕ ਪ੍ਰਾਪਤੀ :-* ....................
- *ਪ੍ਰੋਚੈ :-* ਸੁਲੱਖਣ ਸਰਹੱਦੀ

**Postal Address :**
Harbhajan Singh Hundal,
V. Fatu Chak,
P.O. Dhilwan,
Distt. Kapurthala-144804
(Pb.) India. Ph. 01822-43188

ਚੰਦਿਆਂ ਦਾ ਵੇਰਵਾ :

| | | |
|---|---|---|
| ਦੇਸ਼ ਵਾਰਸ਼ਿਕ | : | 40 ਰੁਪਏ |
| ਇਕ ਪਰਚਾ | : | 10 ਰੁਪਏ |
| ਸੰਸਥਾਵਾਂ (ਵਾਰਸ਼ਿਕ) | : | 50 ਰੁਪਏ |
| ਬਦੇਸ਼, ਯੂ.ਕੇ. | : | 5 ਪੌਂਡ |
| ਵਾਰਸ਼ਿਕ (ਹੋਰ ਦੇਸ਼) | : | 300 ਰੁਪਏ |

ਚਿਰਾਗ ਡਾਇਰੈਕਟਰ ਸਿੱਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ. 4/1-96 ਐਡੀਟਰ (ਪੰ) ਮਿਤੀ 3-9-1996 ਦੇ ਅਨੁਸਾਰ ਹਾਈ/ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੈ।

ਸੰਪਾਦਕੀ ਟਿੱਪਣੀਆਂ

# ਕੇਂਦਰੀ ਪੰਜਾਬੀ ਲੇਖਕ ਸਭਾ ਕਿਧਰ ਨੂੰ?

### 1. ਕੇਂਦਰੀ ਪੰਜਾਬੀ ਲਿਖਾਰੀ ਸਭਾ ਦੀ ਚੋਣ

ਕੇਂਦਰੀ ਪੰਜਾਬੀ ਲਿਖਾਰੀ ਸਭਾ (ਰਜਿ.) ਦੀ 12 ਦਸੰਬਰ 1999 ਨੂੰ, ਦੋ ਵਰ੍ਹਿਆਂ ਲਈ ਹੋਈ ਲਗਪਗ ਸਰਬਸੰਮਤੀ ਵਰਗੀ ਚੋਣ ਤੋਂ ਪਹਿਲਾ, ਉਦੇਸ਼ਮੁਖੀ ਏਕਤਾ ਨੂੰ ਪ੍ਰਾਪਤ ਕਰ ਸਕਣਾ, ਚਿਰਾਗ ਨਾਲ ਸੰਬੰਧਿਤ ਸੁਹਿਰਦ ਧਿਰ ਦੀ ਖੁੱਲ੍ਹ ਦਿਲੀ ਤੇ ਤਿਆਗ ਦਾ ਸਿੱਟਾ ਸੀ। ਇਸ ਪੈਦਾ ਕੀਤੀ ਏਕਤਾ ਨੂੰ, ਮਹਿਜ਼ ਏਕਠਾ ਜਾਂ ਦਿਖਾਵੇ ਲਈ ਏਕਤਾ ਨੂੰ ਮੁੱਖ ਰੱਖ ਕੇ ਨਹੀਂ ਸਿਰਜਿਆ ਗਿਆ ਸੀ। ਸਗੋਂ ਇਹ ਪੰਜਾਬੀ ਸੱਭਿਆਚਾਰ ਨੂੰ ਕੌਮਾਂਤਰੀ ਸਾਮਰਾਜ ਦੇ ਉਪਭੋਗਤਾਵਾਦੀ ਅਤੇ "ਸਵੈਦੇਸ਼ੀ" ਫਿਰਕੂ-ਫਾਸ਼ੀ ਸ਼ਕਤੀਆਂ ਵਲੋਂ ਲਾਲਸੀ ਮੁਨਾਫਾ ਖੋਰ ਅਤੇ ਏਕਾਅਧਿਕਾਰਵਾਦੀ ਅਨੇਰ ਬਿਰਤੀ ਸਿਧਾਂਤਾਂ ਨੂੰ ਠੋਸਣ ਦੀਆਂ ਵੰਗਾਰਾਂ ਦਾ ਸਾਹਮਣਾ ਕਰਨ ਲਈ, ਪੰਜਾਬੀ ਲੋਕਾ ਦੀ ਚੇਤਨਾ ਨੂੰ ਪ੍ਰਚੰਡ ਕਰਨ ਲਈ, ਮੁਹਿਮ ਨੂੰ ਉਸਾਰਨ ਦਾ ਉਦੇਸ਼ ਸਾਹਮਣੇ ਰੱਖ ਕੇ ਉਸਾਰਿਆ ਗਿਆ ਸੀ।

12 ਦਸੰਬਰ 1999 ਤੋਂ ਪਹਿਲਾਂ ਦੀਆਂ ਘੱਟ ਘੱਟ ਦੋ ਕਮੇਟੀਆਂ ਦੀਆਂ ਸਰਗਰਮੀਆਂ ਨੇ, ਕੇਂਦਰੀ ਸਭਾ ਦੇ ਵਿਰਸੇ ਅਤੇ ਗਿਆਨੀ ਹੀਰਾ ਸਿੰਘ ਵਰਗੇ ਸੰਸਥਾਪਕਾਂ ਵੱਲੋਂ ਘਾਲੀਆਂ ਘਾਲਾਂ ਉਪਰ ਪਾਣੀ ਹੀ ਨਹੀਂ ਫੇਰ ਦਿੱਤਾ ਸੀ, ਸਗੋਂ ਉਹਨਾਂ ਦਾ ਅਤੇ ਸਾਹਿਤ ਦੇ ਮਾਨਵ ਹਿਤੂ ਉਦੇਸ਼ਾਂ ਦਾ ਘੋਰ ਅਪਮਾਨ ਵੀ ਕੀਤਾ ਸੀ। ਪਿਛਲੇ ਚਾਰ ਸਾਲਾਂ ਦੀਆਂ ਸਭਾ ਦੀਆਂ ਕਾਰਗੁਜ਼ਾਰੀਆਂ ਨੂੰ ਜੇ ਕਰ ਗਹੁ ਨਾਲ ਦੇਖੀਏ ਤਾਂ ਕੇਂਦਰੀ ਸਭਾ ਨਾਲ ਸੰਬੰਧਿਤ ਅਤੇ ਅਸੰਬੰਧਿਤ ਲੇਖਕਾਂ ਨੂੰ ਖਾਸ ਕਰਕੇ ਨਵੇਂ ਲੇਖਕਾਂ ਨੂੰ, 'ਕਲਾ ਨੂੰ ਕਲਾ ਲਈ' ਸਿਰਜਣ ਵੱਲ ਰੁੜ੍ਹ ਜਾਣ ਲਈ ਉਤਸ਼ਾਹਤ ਕੀਤਾ ਸੀ। ਭਾਵ ਇਹ ਕਿ ਸਮਾਜ ਪ੍ਰਤੀ ਤੇ ਸੱਭਿਆਚਾਰ ਪ੍ਰਤੀ, ਜਿਵੇਂ ਲੇਖਕ ਦੀ ਕੋਈ ਜ਼ਿੰਮੇਵਾਰੀ ਹੁੰਦੀ ਹੀ ਨਹੀਂ। ਅਜਿਹਾ ਰੁਝਾਨ ਸਾਹਿਤ ਨੂੰ ਜਨਸਮੂਹ ਤੋਂ ਬੇਮੁਖ ਕਰਨ ਵਾਲਾ ਹੁੰਦਾ ਹੈ। ਸਾਹਿਤਕਾਰ ਸਮਾਜ ਦੇ ਚੇਤਨ ਅਤੇ ਅਨੁਭਵੀ ਮੈਂਬਰ ਹੁੰਦੇ ਹਨ। ਜੋ ਸਮਾਜ ਨੂੰ ਮਾਨਵਵਾਦੀ ਲੀਹਾਂ ਉਪਰ ਤੋਰਨ ਲਈ ਅਤੇ ਮਾਨਵ ਦੁਸ਼ਮਣ ਸ਼ਕਤੀਆਂ ਵਿਰੁੱਧ ਲੋਕਾਂ ਨਾਲ ਖਲੋਂਦੇ ਹੀ ਨਹੀਂ, ਸਗੋਂ ਅਜਿਹੇ ਸੰਘਰਸ਼ ਵਿੱਚ ਬੌਧਿਕ ਆਗੂ ਦਾ ਰੋਲ ਵੀ ਅਦਾ ਕਰਦੇ ਹਨ। ਹੁਣ, ਜਦੋਂ ਕਿ ਸਮਾਜ ਨੂੰ ਉਪਭੋਗਤਾਵਾਦੀ ਰੁਚੀਆਂ ਅਤੇ ਫਿਰਕੂ ਸੋਚਾਂ ਦਾ, ਚੇਤਨ ਤੌਰ ਉਪਰ ਸ਼ਿਕਾਰ ਬਣਾਇਆ ਜਾ ਰਿਹਾ ਹੈ, ਕੇਂਦਰੀ ਸਭਾ ਦੀ ਮਹੱਤਵਪੂਰਨ ਜ਼ਿੰਮੇਵਾਰੀ ਬਣਦੀ ਹੈ। ਕੇਂਦਰੀ ਸਭਾ ਦੀਆਂ ਸਰਗਰਮੀਆਂ ਇਸ ਤਰ੍ਹਾਂ ਵਿਉਂਤੀਆਂ ਜਾਣੀਆਂ ਚਾਹੀਦੀਆਂ ਹਨ ਕਿ ਸਾਹਿਤਕ ਜਗਤ ਵਿਚ ਪ੍ਰਵੇਸ਼ ਕਰ ਰਹੇ ਨੌਜੁਆਨ ਲੇਖਕਾਂ ਨੂੰ, ਸੱਭਿਆਚਾਰ ਨੂੰ ਦਰਪੇਸ਼ ਵੱਡੇ ਖ਼ਤਰਿਆਂ ਤੋਂ, ਪਾਠਕਾਂ ਨੂੰ ਚੇਤਨ ਕਰਨ ਲਈ, ਅਗਵਾਈ ਦੇਣ ਵਾਲੇ ਜ਼ਿੰਮੇਵਾਰ ਸਾਹਿਤ ਸਿਰਜਕਾਂ ਦੇ ਰੂਪ ਵਿਚ ਵਿਕਸਤ ਹੋਣ ਵਿਚ ਸਹਾਇਤਾ ਕੀਤੀ ਜਾ ਸਕੇ। ਹੁਣ ਇਸ ਦੀ ਥਾਂ ਉਹਨਾਂ ਨੂੰ ਉੱਤਰ ਆਧੁਨਿਕਤਾ ਦੇ ਰੋਗ ਦੇ ਸ਼ਿਕਾਰ ਬਣਨ ਲਈ ਛੱਡ ਦਿੱਤਾ ਗਿਆ ਹੈ।

ਚੋਣ ਪਿੱਛੋਂ, ਜਦੋਂ ਏਕਤਾ ਕਰਨ ਵਾਲੀਆਂ ਧਿਰਾਂ ਨੇ ਕਾਰਜਕਾਰਨੀ ਦੀਆਂ ਇੱਕੀ ਥਾਵਾਂ ਪੁਰ ਕਰਨ ਲਈ ਵਿਚਾਰ ਕੀਤਾ ਕਿ ਕਾਰਜਕਾਰਨੀ ਅਜਿਹੀ ਹੋਣੀ ਚਾਹੀਦੀ ਹੈ ਜੋ ਕਿ ਉਪਰੋਕਤ ਮਿਥੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਵਾਲੇ ਪ੍ਰਤੀ ਬੱਧ ਲੇਖਕਾਂ ਨੂੰ ਉਸ ਵਿਚ ਪਾਇਆ ਜਾਵੇ ਤਾਂ 'ਵੱਡੀ ਧਿਰ' ਦੀ ਥਿੜਕਣ ਸਾਹਮਣੇ ਆਉਣ ਲੱਗੀ। ਉਸ ਵੇਲੇ ਇਹ ਵੀ ਅਨੁਭਵ ਹੋਣ ਲੱਗਾ ਕਿ 'ਵੱਡੀ ਧਿਰ' ਤਾਂ ਏਕਤਾ ਦੀ ਇੱਛਾ ਨਾਲ ਵਿਸਾਹ ਘਾਤ ਕਰਨ ਅਤੇ ਉਦੇਸ਼ਾਂ ਦੀ ਭਾਵਨਾਂ ਨਾਲ ਬਲਾਤਕਾਰ ਕਰਨ ਵਰਗੀ ਸਥਿਤੀ ਪੈਦਾ ਕਰਨ ਵੱਲ ਸੇਧਤ ਹੈ। ਫਿਰ ਵੀ 'ਚਿਰਾਗ' ਨਾਲ ਸੰਬੰਧਿਤ ਧਿਰ ਨੇ ਵਿਸ਼ਵਾਸ਼ ਨਾਲ ਯਤਨ ਜਾਰੀ ਰੱਖੇ। ਪ੍ਰੰਤੂ 'ਵੱਡੀ ਧਿਰ' ਦੀ ਹਉਮੈਂ ਅਤੇ ਜ਼ਿੱਦ ਨੂੰ ਦੇਖ ਕੇ ਉਦੇਸ਼ਾਂ ਦੀ ਪ੍ਰਾਪਤੀ ਅਸੰਭਵ ਜਾਪਣ ਲੱਗੀ। ਓੜਕ ਇਹ ਕੋਸ਼ਿਸ਼ ਜਾਰੀ ਰੱਖੀ ਗਈ ਕਿ ਘੱਟਘੱਟ ਸੱਤ-ਅੱਠ ਤਾਂ ਅਜਿਹੇ ਮੈਂਬਰ ਕਾਰਜਕਰਨੀ ਵਿਚ ਪੈਣੇ ਹੀ ਚਾਹੀਦੇ ਹਨ ਜੋ ਪੰਜਾਬੀ ਸੱਭਿਆਚਾਰ ਅਤੇ ਪੰਜਾਬੀ ਭਾਸ਼ਾ ਨੂੰ ਦਰਵੇਸ਼ ਖ਼ਤਰਿਆਂ ਵਿਰੁੱਧ

ਕਾਰਜਕਾਰਨੀ ਵਿਚ ਜੁਝਾਰੂ ਰੁਖ ਧਾਰਨ ਕਰ ਸਕਣ। ਪਰ ਲੰਘੇ ਚਾਰ ਸਾਲਾਂ ਵਿਚ ਅਜਿਹੇ ਸੁਆਰਥੀ ਅਧਿਕਾਰਵਾਦੀ ਜੋੜ ਬਣ ਚੁੱਕੇ ਸਨ, ਜੋ 'ਏਕਤਾ ਦੀ ਉਦੇਸ਼ ਮੁਖੀ ਭਾਵਨਾ' ਵਿਰੁੱਧ ਸਾਜ਼ਸ਼ੀ ਵਿਉਂਤਬੰਦੀ ਨੂੰ ਨੇਪਰੇ ਚਾੜ੍ਹਨ ਦੀ ਮੁਹਾਰਤ ਰੱਖਦੇ ਸਨ। ਸਿੱਟੇ ਵਜੋਂ ਇਕ ਵਾਰ ਫਿਰ ਕੇਂਦਰੀ ਸਭਾ ਨੂੰ 'ਵੱਡੀ ਧਿਰ' ਨੇ ਯਰਗਮਾਲ ਬਣਾ ਲਿਆ ਹੈ।

ਹੁਣ 24 ਦਸੰਬਰ ਨੂੰ ਜਿਹੜੀ ਕਾਰਜ ਕਾਰਨੀ ਬਹੁਸੰਮਤੀ ਦੇ ਬਲਬੂਤੇ ਨਾਮਜ਼ਦ ਕੀਤੀ ਗਈ ਹੈ ਉਹ ਸਾਡੇ ਸਾਹਮਣੇ ਹੈ। ਇਸ ਦੀ ਬਣਤਰ ਉਪਰ ਗਹੁ ਨਾਲ ਦੇਖਿਆ ਪਤਾ ਲਗ ਜਾਂਦਾ ਹੈ ਕਿ ਇਹ ਅਧਿਕਾਰਵਾਦੀ ਪਹੁੰਚ ਨੂੰ ਮੁੱਖ ਰੱਖ ਕੇ ਨਾਮਜ਼ਦ ਕੀਤੀ ਗਈ ਹੈ। ਇਸ ਦੀ ਕੇਂਦਰੀ ਸਭਾ ਦੇ ਉਦੇਸ਼ਾਂ ਦੀ ਪ੍ਰਾਪਤੀ ਅਤੇ ਸਮੇਂ ਦੀਆਂ ਵੰਗਾਰਾਂ ਨਾਲ ਮੱਥਾ ਲਾਉਣ ਦੀ ਇੱਛਾ ਹੀ ਨਹੀਂ ਹੈ।

ਜਿਥੋਂ ਤੱਕ ਸਾਹਿਤਕਾਰ ਦਾ ਕਿਸੇ ਰਾਜਸੀ ਵਿਚਾਰਧਾਰਾ ਨਾਲ ਸੰਬੰਧਿਤ ਜਾਂ ਉਸ ਤੋਂ ਪ੍ਰਭਾਵਤ ਹੋਣ ਦਾ ਸਵਾਲ ਹੈ, ਇਸ ਤੋਂ ਕੋਈ ਵੀ ਮੁਕਤ ਨਹੀਂ ਹੈ ਅਤੇ ਨਾ ਹੀ ਮੁਕਤ ਹੋਣਾ ਚਾਹੀਦਾ ਹੈ। ਇਹ ਕੋਈ ਗੁਨਾਂਹ ਵੀ ਨਹੀਂ ਹੈ। ਉਹਨਾਂ ਲੋਕਾਂ ਲਈ ਇਸ ਨੂੰ ਸਹਿਣ ਕਰਨਾ ਜ਼ਰੂਰ ਕਠਨ ਹੈ ਜਿਹੜੇ ਲੋਕ ਦੁਸ਼ਮਣ ਰਾਜਸੀ ਵਿਚਾਰਾਂ ਦੇ ਪ੍ਰਭਾਵ ਦੇ ਸ਼ਿਕਾਰ ਹਨ ਜਾਂ ਜਿਹੜੇ ਮੌਕਾਪ੍ਰਸਤੀ ਦੇ ਗੁਲਾਮ ਹਨ ਜਾਂ ਹਾਕਮਾਂ ਤੋਂ ਲਾਗ ਲੈਣ ਲਈ ਤੇ ਲੋਕਾਂ ਨਾਲ ਝੂਠੇ ਹੇਜ ਦਰਸਾਉਣ ਲਈ, ਅੱਖ ਮਟੱਕਾ ਕਰਨ ਦੇ ਮਾਹਰ ਹੁੰਦੇ ਹਨ। ਦੁਬਿਧਾ ਦੇ ਮਰੀਜ਼ ਲੇਖਕਾਂ ਜਾਂ ਰਾਜਨੀਤਕਾਂ ਵਲੋਂ, ਕਿਸੇ ਲੇਖਕ ਉਪਰ ਕਿਸੇ ਪ੍ਰਗਤੀਸ਼ੀਲ ਰਾਜਸੀ ਪਾਰਟੀ ਵੱਲ ਝੁਕਾ ਨੂੰ, ਦੋਸ਼ ਵਜੋਂ ਨੌਲਣ ਵਾਲੇ ਜਾਂ ਤਾਂ ਮਾਨਸਿਕ ਤੌਰ ਉਪਰ ਬੀਮਾਰ ਹੁੰਦੇ ਹਨ ਜਾਂ ਚਾਲਾਕ ਤੇ ਜਾਂ ਫਿਰ ਸ਼ਾਇਦ ਦੂਜੇ ਨੂੰ ਧੋਖਾ ਦੇਣਾ ਚਾਹੁੰਦੇ ਹਨ। ਪ੍ਰੰਤੂ ਕੁੱਲ ਮਿਲਾ ਕੇ ਜੋ ਸਿੱਟਾ ਹਾਸਲ ਹੋਇਆ ਹੈ ਉਸ ਤੋਂ ਤੀਜੀ ਵਾਰ ਸਭਾ ਉਪਰ ਕਾਬਜ਼ ਹੋਣ ਵਾਲੀ ਧਿਰ ਦਾ ਅਸਲੀ ਕਿਰਦਾਰ ਸਾਹਮਣੇ ਆ ਜਾਂਦਾ ਹੈ। ਜੋ ਉਹਨਾਂ ਦੇ ਆਚਾਰ ਦੇ ਦੀਵਾਲੀਆਪਨ ਨੂੰ ਨੰਗਾ ਕਰਕੇ ਚੌਰਾਹੇ ਵਿਚ ਸੁੱਟ ਜਾਂਦਾ ਹੈ।

12 ਦਸੰਬਰ ਨੂੰ ਚੋਣ ਤੋਂ ਪਹਿਲਾਂ ਪਿਛਲੇ ਦੋ ਸਾਲਾਂ ਦੀ ਜਿਹੜੀ ਰਿਪੋਰਟ ਪੇਸ਼ ਕੀਤੀ ਗਈ, ਉਸ ਸਮੇਂ ਕੁਝ ਮਤੇ ਵੀ ਪਹਿਲੀ ਕਮੇਟੀ ਨੇ ਆਮ ਇਜਲਾਸ ਤੋਂ ਪਾਸ ਕਰਵਾਉਣ ਲਈ ਰੱਖੇ। ਇਹਨਾਂ ਉਪਰ ਬੋਲਣ ਵਾਲਿਆਂ ਦੀ ਵੱਡੀ ਗਿਣਤੀ ਨੇ ਇਹਨਾਂ ਨੂੰ ਹੇਠਲੀਆਂ ਸਭਾਵਾਂ ਵਿਚ ਵਿਚਾਰ ਕਰਨ ਲਈ ਅੱਗੇ ਪਾਉਣ ਲਈ ਕਿਹਾ। ਅਜਿਹੇ ਗੰਭੀਰ ਮਸਲਿਆਂ ਨੂੰ ਕਾਹਲ ਵਿਚ ਪਾਸ ਕਰਨ ਤੋਂ ਪਰਹੇਜ਼ ਵਰਤਨ ਲਈ ਬੇਨਤੀ ਕੀਤੀ। ਕਿਉਂਕਿ ਇਹ ਮਤੇ ਕਾਬਜ਼ ਧੜੇ ਦੀ ਕੇਂਦਰੀ ਸਭਾ ਉਪਰ ਜਕੜ ਮਜ਼ਬੂਤ ਕਰਨ ਲਈ ਅਤੇ ਸਭਾ ਨੂੰ ਹਮੇਸ਼ਾ ਲਈ 'ਘਰ ਦੀ ਦਾਲ' ਬਣਾ ਲੈਣ ਦੇ ਇਰਾਦੇ ਨਾਲ ਪਾਸ ਕੀਤੇ ਗਏ ਸਨ। ਇਕ ਮਤਾ ਆਮ ਇਜਲਾਸ ਦੇ ਕੋਰਮ ਨੂੰ ਕੁਲ ਮੈਂਬਰਾਂ ਦੇ ਪੰਜ ਫੀਸਦੀ ਦੀ ਥਾਂ ਦਸ ਫੀਸਦੀ ਕਰਨ ਦਾ ਸੀ। ਜਦੋਂ ਕਿ ਇਹ ਆਮ ਇਜਲਾਸ ਆਪਣੇ ਆਪ ਵਿਚ ਪੂਰਾ ਕੋਰਮ ਨਹੀਂ ਸੀ ਜਿਸ ਦਾ ਸਬੂਤ 2067 ਮੈਂਬਰਾਂ ਵਿਚੋਂ, ਵੋਟ ਪਾਉਣ ਵਾਲੇ 377 ਮੈਂਬਰਾਂ ਦੀ ਹਾਜ਼ਰ ਗਿਣਤੀ ਹੈ। ਇਸ ਤਰ੍ਹਾਂ ਇਹ ਇਜਲਾਸ ਹੀ ਸਭਾ ਦੇ ਸੰਵਿਧਾਨ ਅਨੁਸਾਰ ਦਰੁਸਤ ਨਹੀਂ ਸੀ। ਦੂਜਾ ਮਤਾ ਚੋਣ ਸਮੇਂ ਖੜੇ ਹੋਣ ਵਾਲੇ ਉਮੀਦਵਾਰ ਵਲੋਂ 200 ਤੋਂ 1000 ਰੁ. ਤੱਕ ਦੀ ਜ਼ਮਾਨਤ ਜਮ੍ਹਾਂ ਕਰਵਾਉਣ, ਮੈਂਬਰਸ਼ਿਪ ਫੀਸ ਵਿਚ ਅਣਉਚਿਤ ਵਾਧਾ ਆਦਿ ਸਨ। ਇਕ ਵਲੰਟੀਅਰ ਸੰਸਥਾ ਦੇ ਅਹੁਦੇਦਾਰਾਂ ਲਈ ਚੁਣੇ ਜਾਣ ਵਾਸਤੇ ਜ਼ਮਾਨਤ ਜਮ੍ਹਾਂ ਕਰਵਾਉਣੀ ਤੇ ਫਿਰ ਸਾਹਿਤਕਾਰਾਂ ਵਰਗੇ ਵਰਗ ਦੀ ਕੇਂਦਰੀ ਸਭਾ ਦੇ ਲਈ ਉਂਜ ਹੀ ਨਾਵਾਜਬ ਹੈ। ਇਹ ਸਭਾ ਦੇ ਕੰਟਰੋਲਰਾਂ ਵਲੋਂ ਸਭਾ ਨੂੰ ਉਪਭੋਗਤਾ ਵਾਦੀ ਲੀਹਾਂ ਉਪਰ ਤੋਰ ਕੇ ਮੁਨਾਫਾ ਬਖ਼ਸ਼ ਬਣਾਉਣ ਦੀ ਉਘੜਵੀਂ ਮਿਸਾਲ ਬਣ ਜਾਂਦੀ ਹੈ। ਕਿਸੇ ਸੰਸਥਾ ਦੇ ਇਤਿਹਾਸ ਵਿਚ ਅਜਿਹੇ ਸਮੇਂ ਉਸ ਸਮੇਂ ਆਉਂਦੇ ਹਨ ਜਦੋਂ ਕੁਝ ਲੋਕ ਉਸ ਨੂੰ ਕੰਟਰੋਲ ਵਿਚ ਰੱਖਣ ਲਈ ਸੰਕੀਰਨ ਪਹੁੰਚ ਅਪਣਾਉਂਦੇ ਹਨ। ਜਿਵੇਂ ਐਮਰਜੈਂਸੀ ਲਾਉਣ ਸਮੇਂ ਇੰਦਰਾ ਗਾਂਧੀ ਨੇ ਲੋਕ ਸਭਾ ਦੀ ਮਿਆਦ ਪੰਜ ਦੀ ਥਾਂ ਛੇ ਸਾਲ ਕਰ ਦਿੱਤੀ ਸੀ। ਇਹ ਜਥੇਬੰਦੀ ਦੇ ਪਤਨ ਵੱਲ ਜਾਣ ਦਾ ਉਭਰਵਾਂ ਸੰਕੇਤ ਹੈ।

ਚਾਰ ਕੁ ਸਾਲ [illegible] ਤੋਂ ਇਹ ਖੁਲ੍ਹਾ ਇਲਜ਼ਾਮ ਲੱਗਦਾ ਆ ਰਿਹਾ ਹੈ ਜੋ ਕਿ ਦਰੁਸਤ ਹੈ, ਕਿ



ਕੇਂਦਰੀ ਸਭਾ ਦੀ ਚੋਣ ਜਿੱਤਣ ਲਈ ਕਾਬਜ਼ ਗਰੁਪ ਨੇ ਅਲੇਖਕਾਂ ਦੀ ਵੱਡੀ ਗਿਣਤੀ ਦੀ ਜਾਅਲੀ ਭਰਤੀ ਕੀਤੀ ਹੈ। ਪ੍ਰੰਤੂ ਹੁਣ ਇਸ ਤੋਂ ਅੱਗੇ ਲੰਘ ਕੇ ਕੇਂਦਰੀ ਸਭਾ ਨੂੰ 'ਜੱਦੀ-ਪੁਸ਼ਤੀ ਪੱਕੀ ਵਿਰਾਸਤ' ਬਣਾਉਣ ਲਈ ਕਾਰਜਕਾਰਨੀ ਗੈਰ ਸਹਿਤਕਾਰਾਂ, ਸਿਖਾਦਰੂਆਂ, ਪਿਆਲੇ ਦੇ ਸਾਂਝੀਦਾਰਾਂ ਤੇ "ਰਾਜਨੀਤਕ ਕੌਮੀਸਾਰਾਂ" ਨਾਲ ਭਰ ਦਿੱਤੀ ਗਈ ਹੈ। ਇਹ ਇਕ ਅਜਿਹੀ ਖ਼ਤਰਨਾਕ ਤੇ ਦੁਖਦਾਈ ਸਥਿਤੀ ਹੈ ਜਿਸ ਨਾਲ ਸਦੀ ਦੇ ਅੰਤ ਉਪਰ ਕੇਂਦਰੀ ਸਭਾ ਦੀ ਸਾਰਥਿਕਤਾ ਉਪਰ ਗੰਭੀਰ ਪ੍ਰਸ਼ਨ ਚਿੰਨ੍ਹ ਲੱਗ ਗਿਆ ਹੈ।

ਫਿਰ ਵੀ ਕੇਂਦਰੀ ਸਭਾ ਦੇ ਵਿਰਸੇ ਦਾ ਸਤਿਕਾਰ ਕਰਨ ਵਾਲੇ ਅਤੇ ਪੰਜਾਬੀ ਸੱਭਿਆਚਾਰ ਦੇ ਲੋਕ ਮੁਖੀ ਵਿਕਾਸ ਨਾਲ ਪ੍ਰਤੀਬੱਧ ਅਤੇ ਪੰਜਾਬੀ ਭਾਸ਼ਾ ਦੀ ਪ੍ਰਮੁੱਖਤਾ ਨੂੰ ਕਾਇਮ ਰੱਖਣ ਵਾਲੇ ਕਾਰਜਕਾਰਨੀ ਮੈਂਬਰਾਂ ਨੇ ਜਿਵੇਂ 'ਏਕਤਾ ਅਤੇ ਸੰਘਰਸ਼' ਦੇ ਅਸੂਲ ਉਪਰ ਪਹਿਰਾ ਦਿੰਦਿਆ ਆਮ ਇਜਲਾਸ ਵਿਚ ਨੁਕਤਾਚੀਨੀ ਕਰਕੇ, ਭਾਵੇਂ ਭਾਰੀ ਮੁੱਲ ਚੁਕਾਇਆ ਹੈ, ਅੱਗੇ ਵੀ 'ਏਕਤਾ ਤੇ ਸੰਘਰਸ਼' ਅਤੇ ਆਲੋਚਨਾ ਸਵੈਆਲੋਚਨਾ' ਦੇ ਹਿੱਤਾਂ ਨੂੰ ਪਿੱਠ ਦਿਖਾਉਣ ਵਾਲਿਆਂ ਵਿਰੁਧ ਘੋਰ ਜਾਰੀ ਰੱਖਣਗੇ।

ਆਸ ਹੈ ਕਿ ਪੰਜਾਬ ਦੇ ਪੰਜਾਬੀ ਲੇਖਕ, ਪਾਠਕ ਅਤੇ ਸੁਹਿਰਦ ਲੋਕ ਪੰਜਾਬੀ ਸੱਭਿਆਚਾਰ ਦੀ ਬਾਹਰਲੇ ਮਾਰੂ ਹਮਲਿਆਂ ਤੋਂ ਰਾਖੀ ਲਈ ਆਪਣੀ ਇਕ ਮੁਠਤਾ ਕਾਇਮ ਕਰਨਗੇ ਅਤੇ ਅਧਿਕਾਰਵਾਦੀ ਸਾਜ਼ਸ਼ੀਆਂ ਨੂੰ ਪਿਛਾੜਨ ਲਈ ਸਹਿਯੋਗ ਅਤੇ ਰਾਏ ਦਿੰਦੇ ਰਹਿਣਗੇ।

**2. ਕੇਂਦਰੀ ਸਭਾ ਦੇ ਵਿਧਾਨ ਵਿਚ ਸੋਧਾਂ ਦਾ ਮਾਮਲਾ।**

ਕੇਂਦਰੀ ਪੰਜਾਬੀ ਲੇਖਕ ਸਭਾ ਪੰਜਾਬੀ ਲੇਖਕਾਂ ਦੀ ਇਕ ਜਮਹੂਰੀ ਜਥੇਬੰਦੀ ਹੈ ਜਿਸ ਦਾ ਇਕ ਬਕਾਇਦਾ ਵਿਧਾਨ ਹੈ। ਇਸ ਦੀ ਚੋਣ ਹਰ ਦੋ ਸਾਲ ਬਾਅਦ ਅਕਤੂਬਰ ਵਿਚ ਹੋਣੀ ਨਿਸ਼ਚਿਤ ਹੈ। ਵਕਤ ਦੇ ਬੀਤਣ ਨਾਲ ਨਵੇਂ ਜਥੇਬੰਦਕ ਮਸਲੇ ਉੱਠਣੇ ਕੁਦਰਤੀ ਹਨ। ਜਿਨ੍ਹਾਂ ਦੇ ਨਜਿੱਠਣ ਲਈ ਵਿਧਾਨ ਵਿਚ ਸੋਧਾਂ ਕਰਨੀਆਂ ਜ਼ਰੂਰੀ ਹੋ ਜਾਂਦੀਆਂ ਹਨ। ਇਹਨਾਂ ਸੋਧਾਂ ਦੇ ਪੇਸ਼ ਤੇ ਪਾਸ ਕਰਨ ਲਈ ਸਭਾ ਦੇ ਵਿਧਾਨ ਵਿਚ ਸਾਫ ਲਿਖਿਆ ਹੈ ਕਿ "ਕੇਂਦਰੀ ਸਭਾ ਦੇ ਵਿਧਾਨ ਵਿਚ ਸੋਧ ਜਨਰਲ ਬਾਡੀ ਦੀ ਇਕੱਤਰਤਾ ਵਿਚ ਦੋ-ਤਿਹਾਈ ਹਾਜ਼ਰ ਮੈਂਬਰਾਂ ਦੀ ਰਾਏ ਨਾਲ ਹੋ ਸਕੇਗੀ। ਪਰ ਵਿਧਾਨ ਵਿਚ ਸੋਧ ਜਨਰਲ ਬਾਡੀ ਦੀ ਇਕੱਤਰਤਾ ਦੇ ਏਜੰਡੇ ਵਜੋਂ ਪਹਿਲਾਂ ਸਰਕੂਲੇਟ ਹੋਣੀ ਜ਼ਰੂਰੀ ਹੋਵੇਗੀ" ਨੇਮ ਨੰ. 18.

ਇਸ ਦੇ ਨਾਲ ਹੀ ਰੂਲ ਨੰ. 11 ਭਾਗ ਏ. ਵਿਚ ਲਿਖਿਆ ਹੈ, "ਜਨਰਲ ਬਾਡੀ ਦੀ ਇਕੱਤਰਤਾ ਦਾ ਕੋਰਮ ਕੁੱਲ ਮੈਂਬਰਾਂ ਦੀ ਗਿਣਤੀ ਦਾ ਪੰਜਵਾਂ ਹਿਸਾ ਹੋਵੇਗਾ। ਕੋਰਮ ਨਾ ਪੂਰਾ ਹੋਣ ਕਾਰਨ ਜੇ ਇਕੱਤਰਤਾ ਮੁਲਤਵੀ ਕਰਨੀ ਪਵੇ ਤਾਂ ਉਸੇ ਏਜੰਡੇ ਅਨੁਸਾਰ ਹੋਈ ਇਕੱਤਰਤਾ ਬਿਨਾਂ ਕੋਰਮ ਦੇ ਹੀ ਜਾਇਜ਼ ਮੰਨੀ ਜਾਵੇਗੀ।"

ਪਿਛਲੇ ਬੀਤੇ ਦੋ ਸਾਲਾਂ ਵਿਚ ਸਭਾ ਦੀ ਕੁੱਲ ਮੈਂਬਰ-ਸ਼ਿਪ 2049 ਸੀ, ਜਿਸ ਦਾ ਪੰਜਵਾਂ ਹਿੱਸਾ 410 ਬਣਦਾ ਸੀ। ਸਭਾ ਦਾ ਜਨਰਲ ਇਜਲਾਸ 22 ਅਗਸਤ 1999 ਨੂੰ ਲੁਧਿਆਣੇ ਵਿਖੇ ਹੋਇਆ ਜਿਸ ਵਿਚ ਸਭਾ ਦੇ 2049 ਵਿਚੋਂ 50 ਦੇ ਕਰੀਬ ਮੈਂਬਰ ਹਾਜ਼ਰ ਸਨ। ਉਸ਼ ਵਿਚ ਜੋ ਤਰਮੀਮਾਂ ਪੇਸ਼ ਹੋਈਆਂ ਉਹ ਸਭਾ ਦੇ ਵਿਧਾਨ ਅਨੁਸਾਰ ਪਹਿਲਾਂ ਮੈਂਬਰਾਂ ਨੂੰ ਸਰਕੂਲੇਟ ਨਹੀਂ ਕੀਤੀਆਂ ਗਈਆਂ। ਇਤਰਾਜ਼ ਦੇ ਬਾਵਜੂਦ ਸਭਾ ਦਾ ਇਜਲਾਸ ਕੋਰਮ ਦੀ ਕਮੀ ਕਾਰਨ ਬਕਾਇਦਾ ਉਠਾਇਆ ਨਹੀਂ ਗਿਆ। ਜੀਵਨ ਮੈਂਬਰਾਂ ਦੇ ਚੰਦਿਆਂ ਬਾਰੇ ਹੋਈਆਂ ਸੋਧਾਂ ਬਾਰੇ ਭਾਵੇਂ ਹਾਜ਼ਰ ਮੈਂਬਰਾਂ ਵਿਚ ਕੋਈ ਵੱਡੇ ਮਤਭੇਦ ਨਹੀਂ ਸਨ, ਪਰ ਵਿਧਾਨਕ ਸੋਧਾਂ ਬਾਰੇ ਪਿਛਲੇ ਸਮਿਆਂ ਵਿਚ ਵਿਧਾਨ ਸੋਧ ਕਮੇਟੀ ਬਣਦੀ ਰਹੀ ਹੈ ਤੇ ਪੇਸ਼ ਖਰੜਾ ਹਰ ਮੈਂਬਰ ਨੂੰ ਬਕਾਇਦਾ ਭੇਜਿਆ ਜਾਂਦਾ ਰਿਹਾ ਹੈ, ਜੋ ਇਸ ਵਾਰ ਨਹੀਂ ਭੇਜਿਆ ਗਿਆ। ਸੋਧਾਂ ਲਈ ਡੂੰਘੇ ਵਿਚਾਰ-ਵਟਾਂਦਰੇ ਦੀ ਲੋੜ ਹੁੰਦੀ ਹੈ।

ਛੇ ਮਹੀਨੇ ਬਾਅਦ ਅਰਥਾਤ 24.12.99 ਨੂੰ ਵਿਧਾਨ ਵਿਚ ਦੁਬਾਰਾ ਸੋਧਾਂ ਦੀ ਲੋੜ ਪੈ ਗਈ। ਕਿਉਂਕਿ ਕੁਝ ਮੈਂਬਰ ਚੋਣਾਂ ਵਿਚ ਸਰਬ ਸੰਮਤੀ ਦੇ ਰਾਹ ਵਿਚ "ਅੜਿਕਾ" ਬਣ ਖਲੋਤੇ ਸਨ। ਇਹਨਾਂ ਅੜਿੱਕਿਆਂ ਤੋਂ ਤੈਸ਼ ਵਿਚ ਆ ਕੇ ਸਭਾ ਦੀ ਲੀਡਰਸ਼ਿਪ ਨੇ ਫਿਰ ਨਵੀਆਂ ਸੋਧਾਂ ਐਨ ਚੋਣਾਂ ਦੀ ਤਾਰੀਖ

ਵਾਲੇ ਦਿਨ ਕਾਰਜ ਕਰਨੀ ਵਿਚ ਪਾਸ ਕਰਕੇ ਜਨਰਲ ਬਾਡੀ ਹਾਊਸ ਵਿਚ ਪੇਸ਼ ਕਰ ਦਿੱਤੀਆਂ ਤੇ ਚੋਣਾਂ ਦੇ ਰੌਲੇ ਗੌਲੇ ਵਿਚ ਪਾਸ ਕਰਨ ਦਾ ਐਲਾਨ ਕਰ ਦਿੱਤਾ। ਕੋਰਮ ਬਾਰੇ ਫਿਰ ਦੜ ਵੱਟੀ ਰੱਖੀ। ਵਿਰੋਧੀ ਰਾਏ ਰੱਖਣ ਵਾਲੇ ਲੇਖਕਾਂ ਨੇ ਲੀਡਰ-ਸ਼ਿਪ ਨੂੰ ਬੇਨਤੀ ਕੀਤੀ ਕਿ ਇਹ ਸੋਧਾਂ ਬੜੀਆਂ ਗੰਭੀਰ ਹਨ ਤੇ ਇਹਨਾਂ ਬਾਰੇ ਇਕ ਸਬ.-ਕਮੇਟੀ ਬਣਾ ਕੇ ਰਾਏ ਲਈ ਜਾਵੇ ਤੇ ਖਰੜੇ ਨੂੰ ਸਭਾਵਾਂ ਦੀਆਂ ਮੀਟਿੰਗਾਂ ਵਿਚ ਵਿਚਾਰਨ ਲਈ ਪੇਸ਼ ਕੀਤਾ ਜਾਵੇ, ਪਰ ਭਾਰੂ ਲੀਡਰਸ਼ਿਪ ਨੇ ਤਾਨਾਸ਼ਾਹੀ ਢੰਗ ਨਾਲ ਇਹ ਸੋਧਾਂ ਵੀ "ਸਰਬ ਸੰਮਤੀ" ਨਾਲ ਪਾਸ ਕਰ ਦਿਤੀਆਂ ਸਨ।

ਇਸ 'ਸਰਬ ਸੰਮਤੀ' ਸ਼ਬਦ ਦਾ ਪਿਛਲੇ ਸੈਸ਼ਨ ਸਮੇਂ ਜਿਹੜੀ ਮਿੱਟੀ ਪਲੀਤ ਕੀਤੀ ਗਈ ਹੈ, ਉਹ ਵੀ ਵੇਖਣ ਵਾਲੀ ਹੈ। ਦੋ ਮਾਰਚ 1999 ਨੂੰ "ਗੰਭੀਰ ਵਿਚਾਰ-ਚਰਚਾ" ਤੋਂ ਬਾਅਦ "ਸਰਬ-ਸੰਮਤੀ ਨਾਲ" ਕੇਂਦਰੀ ਪੰਜਾਬੀ ਲੇਖਕ ਸਭਾ ਨੂੰ ਪੰਜਾਬ ਸਰਕਾਰ ਦੀ ਸੰਸਥਾ "ਪੰਜਾਬ ਕਲਾ ਪਰਿਸ਼ਦ' ਨਾਲ ਸਬੰਧਤ ਕਰ ਦਿੱਤਾ ਗਿਆ। ਜਦੋਂ ਇਸ ਫੈਸਲੇ ਦੀ ਲੇਖਕਾਂ ਵਲੋਂ ਆਲੋਚਨਾ ਹੋਈ ਤਾਂ "ਸਰਬ-ਸੰਮਤੀ ਨਾਲ" 2 ਅਗਸਤ 99 ਦੀ ਕਾਰਜਕਰਨੀ ਦੀ ਮੀਟਿੰਗ ਵਿਚ ਇਸ ਫੈਸਲੇ ਨੂੰ ਰੱਦ ਕਰ ਦਿੱਤਾ ਗਿਆ।

ਆਓ ਵੇਖੀਏ ਕਿ 24 ਦਸੰਬਰ 99 ਦੇ ਜਨਰਲ ਬਾਡੀ ਅਜਲਾਸ ਵਿਚ ਪਾਸ ਕੀਤੀਆਂ ਗਈਆਂ ਸੋਧਾਂ ਕਿੰਨੀਆਂ ਕੁ ਸਾਰਥਕ ਹਨ।

ਅੱਗੇ ਤੋਂ ਨਾਮਜ਼ਦਗੀ ਪੱਤਰ ਦੇਣ ਵੇਲੇ ਪ੍ਰਧਾਨ, ਜਨਰਲ ਸਕੱਤਰ, ਸੀਨੀਅਰ-ਮੀਤ-ਪ੍ਰਧਾਨ 1000/- ਰੁਪਏ ਜ਼ਮਾਨਤ ਵਜੋਂ ਜਮ੍ਹਾ ਕਰਾਇਆ ਕਰਨਗੇ ਤੇ ਮੀਤ-ਪ੍ਰਧਾਨ ਅਤੇ ਸਕੱਤਰ 500/ ਰੁਪਏ। ਸਪੱਸ਼ਟ ਹੈ ਕਿ ਅਰਜ਼ੀ ਦੇਣ ਵੇਲੇ ਤੁਹਾਡੀ ਜੇਬ ਵਿਚ ਹਜ਼ਾਰ ਰੁਪਈਆ ਹੋਣਾ ਚਾਹੀਦਾ ਹੈ, ਨਹੀਂ ਤੇ ਤੁਸੀਂ ਚੋਣ ਨਹੀਂ ਲੜ ਸਕਦੇ। ਸੋ ਹੁਣ ਇਹ ਖੇਡ ਪੈਸਿਆਂ ਵਾਲੇ ਦੀ ਹੋਵੇਗੀ। ਜੇ ਤੁਸੀਂ ਦੋ ਸੀਟਾਂ ਤੇ ਚੋਣ ਲੜਨੀ ਹੈ ਤਾਂ ਦੋ ਹਜ਼ਾਰ ਰੁਪਏ ਲੈ ਕੇ ਰੀਟਰਨਿੰਗ ਅਫ਼ਸਰ ਵੱਲ ਤੁਰਿਆ ਕਰਨਾ ਹੈ। ਤੇ ਜੇ ਤੁਸੀਂ ਵੋਟਰਾਂ ਦੀ ਨਿਸ਼ਚਿਤ ਮਾਤਰਾ ਪ੍ਰਾਪਤ ਨਹੀਂ ਕਰਦੇ ਤਾਂ ਤੁਹਾਡੀ ਜ਼ਮਾਨਤ ਜ਼ਬਤ। ਇਹ ਸੋਧ ਇਸ ਲਈ ਕੀਤੀ ਗਈ ਹੈ ਕਿਉਂਕਿ "ਹਰ ਐਰਾ ਵਗੈਰਾ ਨੱਥੂ ਖੈਰਾ" ਉਠ ਕੇ ਚੋਣ ਲਈ "ਅਰਜ਼ੀ ਦੇ ਜਾਂਦਾ ਸੀ ਤੇ ਉਹ ਸਾਬਕਾ ਜਨਰਲ ਸਕੱਤਰ ਦੀ ਰਾਏ ਅਨੁਸਾਰ "ਇਹ ਬੰਦੇ ਦਰਅਸਲ ਗੰਭੀਰ ਨਹੀਂ ਸੀ ਹੁੰਦੇ।" ਹੁਣ ਸਿਰਫ 'ਗੰਭੀਰ' ਤੇ ਅਮੀਰ ਹੀ ਚੋਣ ਲੜ ਸਕਿਆ ਕਰਨਗੇ। ਗੰਭੀਰਤਾ ਦਾ ਇਹ ਸਰਟੀਫਿਕੇਟ ਵੀ ਤੁਹਾਨੂੰ ਅਧਿਕਾਰੀਆਂ ਤੋਂ ਪ੍ਰਾਪਤ ਕਰਨਾ ਹੋਵੇਗਾ।

ਦੂਸਰੀ "ਜਮਹੂਰੀ ਸੋਧ," 'ਜੋ ਸਰਬ-ਸੰਮਤੀ' ਨਾਲ ਕੀਤੀ ਗਈ ਹੈ, ਉਹ ਇਹ ਹੈ ਕਿ ਤੁਸੀਂ ਇਕ ਤੋਂ ਵੱਧ ਅਹੁਦੇ ਲਈ ਚੋਣਾਂ ਵਿਚ ਖਲੋ ਨਹੀਂ ਸਕਦੇ। ਜੇ ਖਲੋਵੋਗੇ ਤਾਂ ਸਭ ਅਹੁਦਿਆਂ ਲਈ ਦਿੱਤੇ ਤੁਹਾਡੇ ਕਾਗਜ਼ ਰੱਦ ਸਮਝੇ ਜਾਣਗੇ। ਇੰਝ ਹੀ ਆਮ ਅਜਲਾਸ ਦਾ ਕੋਰਮ 1/5 ਤੋਂ ਵਧਾ ਕੇ 1/10 ਕਰਨ ਦਾ ਸੁਝਾ ਵੀ ਆਇਆ ਸੀ। ਸੋ ਇਹ ਸਾਰਾ ਕੁਝ "ਕੇਂਦਰੀ ਸਭਾ ਵਰਗੀ ਸਿਰਮੌਰ ਜਥੇਬੰਦੀ ਦੀ ਚੋਣ ਪ੍ਰਤਿ ਗੰਭੀਰਤਾ ਵਾਲਾ ਮਾਹੌਲ ਕਾਇਮ" ਕਰਨ ਲਈ ਕੀਤਾ ਗਿਆ ਹੈ।

ਤੀਸਰੀ ਸੋਧ ਵਿਦੇਸ਼ੀ ਲੇਖਕਾਂ ਦੀ ਮੈਂਬਰ-ਸ਼ਿਪ ਫੀਸ ਨੂੰ 1000/- ਤੋਂ ਵਧਾ ਕੇ 2500/- ਕਰਨ ਬਾਰੇ ਹੈ। 1993 ਯੂ.ਕੇ. ਦੀ ਫੇਰੀ ਸਮੇਂ ਪ੍ਰਗਤੀਸ਼ੀਲ ਲਿਖਾਰੀ ਸਭਾ (ਗ.ਬ.) ਦੇ 12 ਮੈਂਬਰਾਂ ਕੋਲੋਂ ਪੰਜ-ਪੰਜ ਪੌਂਡ ਜੀਵਨ ਮੈਂਬਰੀ ਦੇ ਲੈ ਕੇ ਸੰਪਾਦਕ ਚਿਰਾਗ ਨੇ ਉਹਨਾਂ ਦੀ ਸਭਾ ਨੂੰ ਹਮੇਸ਼ਾ ਲਈ ਕੇਂਦਰੀ ਪੰ.ਲੇ. ਸਭਾ ਨਾਲ ਜੋੜ ਦਿੱਤਾ ਸੀ। ਪਰ ਅੱਜ ਤੀਕਰ ਅੱਠਾਂ ਸਾਲਾਂ ਵਿਚ ਕਿਸੇ ਜਨਰਲ ਸਕੱਤਰ ਨੇ ਉਹਨਾਂ ਨੂੰ ਕਦੇ ਪੱਤਰ ਨਹੀਂ ਲਿਖਿਆ। ਹੁਣ ਢਾਈ ਹਜ਼ਾਰ ਦੀ ਫੀਸ ਵਧਾ ਕੇ, ਇਹ ਸੱਜਣ ਬਾਹਰਲੇ ਲੇਖਕਾਂ ਨੂੰ ਕਿਹੜੇ ਸਨਮਾਨ ਚਿੰਨ੍ਹ ਦਿਆ ਕਰਨਗੇ?

ਸਾਡੀ ਮੰਗ ਹੈ ਕਿ ਇਹਨਾਂ ਸੋਧਾਂ ਨੂੰ ਦੁਬਾਰਾ ਵਿਚਾਰਿਆ ਜਾਵੇ। ਚੰਗਾ ਹੋਵੇ ਇਹ ਕਾਹਲੀ ਵਿਚ ਕੀਤੀਆਂ ਸੋਧਾਂ ਨੂੰ ਰੱਦ ਕੀਤਾ ਜਾਵੇ ਤੇ ਭਵਿੱਖ ਵਿਚ ਵਿਧਾਨਕ ਸੋਧਾਂ ਕਰਨ ਵੇਲੇ ਵਿਧਾਨਕ ਨੇਮਾਂ ਨੂੰ ਅਣਡਿੱਠ ਨਾ ਕੀਤਾ ਜਾਵੇ।



## 3. ਕੇ. ਪੰ. ਲੇ. ਸਭਾ—ਕਾਰਜ ਤੇ ਕਾਰਜ ਸ਼ੈਲੀ

ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਲੇਖਕਾਂ ਦੀ ਇਕੋ ਇਕ ਐਸੀ ਪ੍ਰਤੀ ਨਿਧ ਜਥੇਬੰਦੀ ਹੈ ਜਿਸਨੇ ਸਿਰਫ ਪੰਜਾਬੀ ਲੇਖਕਾਂ ਦੇ ਹੀ ਨਹੀਂ ਸਗੋਂ ਸਮੂਹ ਪੰਜਾਬੀ ਭਾਈਚਾਰੇ ਦੇ ਹੱਕਾਂ ਹਿੱਤਾਂ ਦੀ ਰਾਖੀ ਕਰਨ ਹਿਤ ਮੋਹਰੀ ਭੂਮਿਕਾ ਨਿਭਾਈ ਹੈ। ਨਾਮ ਤੋਂ ਭਾਵੇਂ ਇਹ ਪੰਜਾਬੀ ਲੇਖਕਾਂ ਦੀ ਜਥੇਬੰਦੀ ਹੈ ਅਸਲ ਵਿਚ ਇਹ ਹਰ ਭਾਸ਼ਾ ਦੇ ਲੇਖਕਾਂ, ਸਾਰੇ ਹਿੰਦੋਸਤਾਨੀਆਂ ਤੇ ਮਾਨਵ ਹਿਤੈਸ਼ੀ ਹੋਣ ਨਾਤੇ ਦੁਨੀਆਂ ਭਰ ਦੇ ਉਨ੍ਹਾਂ ਲੋਕਾਂ ਲਈ ਹਾਅ ਦਾ ਨਾਹਰਾ ਮਾਰਦੀ ਹੈ, ਉਹਨਾਂ ਦੇ ਅੰਗ ਸੰਗ ਮਹਿਸੂਸ ਕਰਦੀ ਹੈ, ਜੋ ਹੱਕ ਸੱਚ ਲਈ ਲੜ ਰਹੇ ਨੇ ਜਾਂ ਜਿਨਾ ਨਾਲ ਵੀ ਬੇ-ਇਨਸਾਫੀ ਹੋ ਰਹੀ ਹੈ। ਮਨੁੱਖੀ ਕਦਰਾਂ ਕੀਮਤਾਂ ਤੇ ਪਹਿਰਾ ਦੇਣਾ ਇਸਦਾ ਉਦੇਸ਼ ਹੈ।

ਇਸਨੇ ਆਪਣੇ ਜ਼ਿੰਮੇ ਸਿਰਫ ਲੇਖਕਾਂ ਨੂੰ ਪ੍ਰਗਤੀਵਾਦੀ ਵਿਚਾਰਧਾਰਾ ਨਾਲ ਜੋੜੀ ਰੱਖਣ ਦਾ ਹੀ ਅਹਿਦ ਨਹੀਂ ਲਿਆ ਸਗੋਂ ਪੰਜਾਬੀ ਲੇਖਕਾਂ ਨੂੰ ਇਕਮੁੱਠ ਕਰਕੇ ਲੋੜੀਂਦੀ ਜਥੇਬੰਦਕ ਸਰਗਰਮੀ ਵੀ ਕੀਤੀ ਹੈ। ਪੰਜਾਬੀ ਭਾਸ਼ਾ, ਸਾਹਿਤ ਤੇ ਸੱਭਿਆਚਾਰ ਨੂੰ ਸਭ ਪੱਖਾਂ ਤੋਂ ਪ੍ਰਫੁਲਤ ਕਰਨਾ ਇਸੇ ਦੀ ਜ਼ਿੰਮੇਵਾਰੀ ਹੈ। ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਦਾ ਮਸਲਾ ਸਿਰਫ ਲੇਖਕਾਂ ਦਾ ਮਸਲਾ ਨਹੀਂ ਸਗੋਂ ਸਮੂਹ ਪੰਜਾਬੀਆਂ ਦਾ ਮਸਲਾ ਹੈ। ਪਰ ਕੇਂਦਰੀ ਪੰਜਾਬੀ ਸਭਾ ਨੇ ਇਹ ਆਪਣੇ ਜ਼ਿੰਮੇ ਲੈ ਕੇ ਮੋਹਰੀ ਭੂਮਿਕਾ ਨਿਭਾਈ ਹੈ।

ਹੁਣ ਇਸਦੇ ਸਾਹਮਣੇ ਚੁਣੌਤੀਆਂ ਹੋਰ ਵੀ ਵਡੇਰੀਆ ਹਨ। ਪੰਜਾਬੀ ਭਾਸ਼ਾ ਨਾਲ ਵਿਤਕਰਾ ਬਰਕਰਾਰ ਹੈ। ਰਾਜ ਭਾਸ਼ਾ ਐਕਟ ਵਿਚ ਸਜ਼ਾ ਦੀ ਧਾਰਾ ਸ਼ਾਮਲ ਨਹੀਂ ਹੈ ਤੇ ਉਹ ਨਾ ਮੁਕੰਮਲ ਹੈ। ਪੰਜਾਬੀ ਸਾਹਿਤ ਹੋਰ ਭਾਸ਼ਾਵਾਂ ਤੋਂ ਪਿਛਾਂਹ ਰਹਿੰਦਾ ਜਾ ਰਿਹਾ ਹੈ। ਸਰਕਾਰ ਵਲੋਂ ਇਸਨੂੰ ਪ੍ਰਫੁਲਤ ਕਰਨ ਲਈ ਕੋਈ ਵੀ ਯਤਨ ਨਹੀਂ ਕੀਤਾ ਜਾ ਰਿਹਾ ਸਗੋਂ ਉਸਦੀ ਪਹੁੰਚ ਨਾਕਾਰਾਤਮਕ ਹੈ। ਲੇਖਕ ਨੂੰ ਪੁਸਤਕ ਛਪਵਾਉਣ ਲਈ ਢੇਰ ਸਾਰਾ ਖਰਚ ਕਰਨਾ ਪੈਂਦਾ ਹੈ ਪਰ ਪੁਸਤਕ ਦੀ ਵਿਕਰੀ ਦੀ ਸਮੱਸਿਆ ਗੰਭੀਰ ਰੂਪ ਅਖਤਿਆਰ ਕਰ ਗਈ ਹੈ। ਪਾਠਕਾਂ ਦੀ ਵੱਡੀ ਘਾਟ ਹੈ। ਪੰਜਾਬੀ ਸੱਭਿਆਚਾਰ ਤੇ ਮੀਡੀਏ ਰਾਹੀਂ ਪੱਛਮੀ ਸਭਿਆਚਾਰ ਦਾ ਹਮਲਾ ਬੜਾ ਤੇਜ਼ ਹੋ ਗਿਆ ਹੈ। ਵਿਦੇਸ਼ੀ ਮੀਡੀਏ ਨਾਲ ਦੇਸੀ ਮੀਡੀਏ ਨੇ ਸਾਂਝ ਪਾ ਲਈ ਹੈ। ਭਾਸ਼ਾ ਵਿਭਾਗ ਪੰਜਾਬ ਤੇ ਜਲੰਧਰ ਦੂਰਦਰਸ਼ਨ ਮਨਮਾਨੀਆਂ ਕਰ ਰਹੇ ਹਨ। ਸਿੱਟੇ ਵਜੋਂ ਪੰਜਾਬੀ ਭਾਸ਼ਾ ਸਾਹਿਤ ਤੇ ਸਭਿਆਚਾਰ ਦਾ ਮੌਜੂਦਾ ਨਿੱਗਰ ਪ੍ਰੰਪਰਾਵਾਂ ਵਾਲਾ ਲੋਕ ਪੀੜਾਂ ਨੂੰ ਪ੍ਰਣਾਇਆ ਸਰੂਪ ਬੁਰੀ ਤਰ੍ਹਾਂ ਵਿਗੜ ਕੇ ਤੇਜ਼ੀ ਨਾਲ ਉਲਟ ਦਿਸ਼ਾ ਨੂੰ ਜਾ ਰਿਹਾ ਹੈ। ਪਹਿਲੀ ਅਨਪੜ੍ਹਤਾ ਵਿਚ ਹੋਰ ਵੀ ਵਾਧਾ ਕਰਨ ਵਾਲੀਆਂ ਯੋਜਨਾਵਾਂ ਬਣਾਈਆਂ ਜਾ ਰਹੀਆਂ ਹਨ। ਸਿਖਿਆ ਗਰੀਬ ਲੋਕਾਂ ਦੀ ਪਹੁੰਚ ਤੋਂ ਬਾਹਰ ਹੋਈ ਜਾ ਰਹੀ ਹੈ। ਪੰਜਾਬੀ ਬੋਲਦੇ ਇਲਾਕੇ, ਪੰਜਾਬ ਤੋਂ ਬਾਹਰ ਕਰ ਦਿੱਤੇ ਗਏ ਹਨ। ਰਾਜੀਵ ਲੌਂਗੋਵਾਲ ਸਮਝੌਤਾ ਜੋ ਪੰਜਾਬੀ ਭਾਈਚਾਰੇ ਦੇ ਜ਼ਖ਼ਮਾਂ ਤੇ ਫੇਹਾ ਲਾਉਂਦਾ ਸੀ, ਲਾਗੂ ਕਰਾਉਣ ਲਈ ਕਿਸੇ ਧਿਰ ਵਲੋਂ ਵੀ ਕੋਈ ਉਪਰਾਲਾ ਨਹੀਂ ਹੋ ਰਿਹਾ। ਸਮੂਹ ਪੰਜਾਬੀਆਂ ਦੇ ਜੋ ਵੀ ਮਸਲੇ ਨੇ ਉਹੀ ਮਸਲੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਨੇ। ਜੇ ਦੇਸ਼ ਦੀ ਏਕਤਾ ਅਖੰਡਤਾ ਨੂੰ ਚੁਣੌਤੀ ਹੁੰਦੀ ਹੈ ਤਾਂ ਇਸ ਚੁਣੌਤੀ ਦਾ ਸਾਹਮਣਾ ਕੇਂਦਰੀ ਸਭਾ ਨੇ ਵੀ ਕਰਨਾ ਹੈ। ਅੱਤਵਾਦ ਚਾਹੇ ਪੰਜਾਬ ਦਾ ਹੋਵੇ ਜਾਂ ਆਸਾਮ, ਤ੍ਰੀਪੁਰਾ, ਆਂਧਰਾ, ਕਸ਼ਮੀਰ ਸਮੇਤ ਦੇਸ਼ ਦੇ ਕਿਸੇ ਹੋਰ ਹਿੱਸੇ ਦਾ, ਜਦ ਮਨੁੱਖੀ ਕਦਰਾਂ ਦਾ ਘਾਣ ਹੁੰਦਾ ਹੈ ਤਾਂ ਪੰਜਾਬੀ ਲੇਖਕ ਕਦੇ ਪਿਛਾਂਹ ਨਹੀਂ ਹਟਿਆ ਸਗੋਂ ਮੋਹਰੇ ਹੋ ਕੇ ਆਪਣਾ ਫਰਜ਼ ਨਿਭਾਇਆ ਹੈ। ਪੰਜਾਬੀ ਸਾਹਿਤ ਦੀ ਪਛਾਣ ਹੀ ਪ੍ਰਗਤੀਵਾਦੀ ਸੁਰ ਹੈ।

ਕੇਂਦਰੀ ਪੰਜਾਬੀ ਲੇਖਕ ਸਭਾ ਜ਼ਿੰਮੇ ਚੁਣੌਤੀਆਂ ਗੰਭੀਰ ਤੇ ਵਿਸ਼ਾਲ ਹਨ ਪਰ ਅਫਸੋਸ ਹੈ ਕਿ ਇਸਦੀ

ਕਾਰਜ ਸ਼ੈਲੀ ਪ੍ਰਦੂਸ਼ਿਤ ਹੋਈ ਜਾ ਰਹੀ ਹੈ। ਮੁੱਖ ਤੌਰ ਤੇ ਇਸ 'ਚੋਂ ਸਰਬ ਸਹਿਮਤੀ ਵਾਲੀ ਕਾਰਜਸ਼ੈਲੀ ਵਾਲੀ ਪ੍ਰੰਪਰਾ ਖਤਮ ਹੋ ਗਈ ਹੈ। ਇਹ ਇਕ ਗੰਭੀਰ ਮਸਲਾ ਹੈ ਅਤੇ ਇਸ ਨਾਲ ਸਾਂਝੇ ਮਸਲਿਆਂ ਲਈ ਸਾਂਝੀ ਜਦੋ ਜਹਿਦ ਉਸਾਰਨ ਦੇ ਸੰਕਲਪ ਨੂੰ ਢਾਹ ਲੱਗੀ ਹੈ।

ਭਾਵੇਂ ਕਾਫੀ ਚਿਰ ਪਹਿਲੋਂ ਤੋਂ ਹੀ ਸਰਬਸੰਮਤੀ ਨਾਲ ਚੋਣਾਂ ਹੋਣ ਦੀ ਥਾਂ ਬਕਾਇਦਾ ਵੋਟ ਪਰਚੀ ਪਾ ਕੇ ਚੋਣਾਂ ਹੋਣ ਲਗ ਪਈਆਂ ਸਨ ਪਰ ਇਹ ਕੋਈ ਮਾੜੀ ਗੱਲ ਨਹੀਂ ਸੀ, ਸਗੋਂ ਜਥੇਬੰਦੀ ਦੇ ਹਰਮਨ ਪਿਆਰੀ ਹੋਣ ਦਾ ਹੀ ਪ੍ਰਮਾਣ ਸੀ ਕਿਉਂਕਿ ਕਾਰਜ ਕਾਰਨੀ ਬਣਾਉਣ ਵੇਲੇ ਅਤੇ ਕਾਰਜ ਕਾਰਨੀ ਵਲੋਂ ਫੈਸਲੇ ਲੈਣ ਵੇਲੇ ਸਰਬ ਸਹਿਮਤੀ ਵਾਲੀ ਰਾਇ ਬਣਾ ਲਈ ਜਾਂਦੀ ਸੀ। ਪਰ ਹੁਣ ਪਿਛਲੀਆਂ ਕੁਝ ਟਰਮਾਂ ਤੋਂ ਅਜਿਹਾ ਨਹੀਂ ਹੋ ਰਿਹਾ। ਸਗੋਂ ਇਕ ਜੇਤੂ ਧਿਰ ਵਲੋਂ ਘਟਵੀਂ ਰਾਇ ਨੂੰ ਵਿਰੋਧੀ ਰਾਇ ਵਜੋਂ ਦੇਖਿਆ ਜਾਣ ਲੱਗਾ ਹੈ ਤੇ ਇਸਨੂੰ ਉੱਕਾ ਹੀ ਰੱਦ ਕਰ ਦੇਣ ਦੀ ਰੁਚੀ ਉਤਪੰਨ ਹੋਈ ਹੈ। ਪਹਿਲਾਂ ਅਜਿਹਾ ਕਦੇ ਨਹੀਂ ਸੀ ਹੋਇਆ। ਅਕਤੂਬਰ 1995 ਦੀ ਚੋਣ ਵਿਚ ਸੰਤੋਖ ਸਿੰਘ ਧੀਰ ਹੋਰੀਂ ਜਦ ਪ੍ਰਧਾਨ ਬਣੇ (ਜਨ. ਸਕੱਤਰ ਅਵਤਾਰ ਜੌੜਾ ਸਨ) ਉਸ ਵੇਲੇ ਉਨ੍ਹਾਂ ਵਲੋਂ ਮੱਖਣ ਕੁਹਾੜ ਤੇ ਡਾ. ਅਨੂਪ ਸਿੰਘ ਆਦਿ ਵਲੋਂ ਜੋ ਵੀ ਰਾਏ ਆਈ ਉਸ ਨੂੰ ਮੂਲੋਂ ਰੱਦ ਕਰਨ ਦਾ ਹਰ ਹੀਲਾ ਕੀਤਾ ਗਿਆ। ਪੰਜਾਬੀ ਭਾਸ਼ਾ ਤੇ ਹੋਰ ਮਸਲਿਆਂ ਲਈ ਸਰਕਾਰ ਵਿਰੁੱਧ ਜੱਦੋ ਜਹਿਦ ਕਰਨ ਦੀ ਗੱਲ ਅਣਸੁਣੀ ਕਰ ਦਿੱਤੀ ਜਾਂਦੀ ਸੀ। ਚੰਡੀਗੜ੍ਹ ਦੀ ਪੰਜਾਬੀ ਭਾਸ਼ਾ ਕਾਨਫਰੰਸ ਦੀ ਤਰੀਕ ਪ੍ਰਧਾਨ ਮੰਤਰੀ ਅਤੇ ਮੁੱਖ ਮੰਤਰੀ ਦੇ ਵਿਹਲ ਦੇ ਹਾਥੀ ਦੀ ਪੂਛ ਨਾਲ ਬੰਨਣ ਕਾਰਨ ਵਾਰ ਵਾਰ ਤਰੀਕਾਂ ਬਦਲਣ ਅਤੇ ਇਸ ਦੀ ਸਪਾਂਸਰਸ਼ਿਪ, 'ਥਮਜ-ਅੱਪ' 'ਤੇ 'ਬੈਂਕ ਆਫ ਪੰਜਾਬ' ਨੂੰ ਦੇਣ ਦੇ ਫੈਸਲੇ ਦੇ ਡਟਵੇਂ ਵਿਰੋਧ ਬਾਦ ਧੀਰ ਹੋਰਾਂ ਨੂੰ ਇਥੋਂ ਤੱਕ ਕਹਿਣਾ ਪਿਆ ਕਿ ਮੇਰੀਆਂ ਸੱਤ ਪੁਸ਼ਤਾਂ ਤੱਕ ਕੋਈ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਚੋਣ ਨਹੀਂ ਲੜੇਗਾ, ਜੇ ਲੜੇਗਾ ਤਾਂ ਪ੍ਰਧਾਨ ਨਹੀਂ ਬਣੇਗਾ, ਜੇ ਪ੍ਰਧਾਨ ਬਣ ਜਾਊ ਤਾਂ ਪੰਜਾਬੀ ਭਾਸ਼ਾ ਕਨਵੈਨਸ਼ਨ ਨਹੀਂ ਕਰਾਏਗਾ। ਮਾਰਚ 1998 ਦੀ ਚੋਣ ਵਿੱਚ ਸਾਥੀ ਧੀਰ ਦੀ ਥਾਂ ਭਾ ਜੀ ਗੁਰਸ਼ਰਨ ਸਿੰਘ ਦੀ ਮਦਦ ਕਰਨ ਦਾ ਖਮਿਆਜ਼ਾ ਮੱਖਣ ਕੁਹਾੜ ਤੇ ਡਾ. ਅਨੂਪ ਸਿੰਘ ਨੂੰ 1997-1999 ਦੀ ਕਾਰਜਕਾਰਨੀ ਬਣਾਉਣ ਵੇਲੇ ਭੁਗਤਣਾ ਪਿਆ। ਜਦ ਪ੍ਰਧਾਨ ਧੀਰ ਹੋਰਾਂ ਵਲੋਂ ਡਾ. ਸੁਰਿੰਦਰ ਸ਼ਾਂਤ ਤੇ ਤਲਵਿੰਦਰ ਸਿੰਘ ਦੀ ਮੱਖਣ ਕੁਹਾੜ ਤੇ ਡਾ. ਅਨੂਪ ਸਿੰਘ ਕਾਰਜਕਰਨੀ ਵਿੱਚ ਲੈਣ ਦੀ ਮੰਗ ਨੂੰ ਮੂਲੋਂ ਹੀ ਨਕਾਰਦਿਆਂ ਉਂਗਲ ਖੜੀ ਕਰਕੇ ਇਹ ਐਲਾਨ ਕਰ ਦਿਤਾ ਗਿਆ ਕਿ ਮੇਰੀ ਪਹਿਲੀ ਸ਼ਰਤ ਇਹ ਹੈ ਕਿ ਕਾਰਜ ਕਰਨੀ ਵਿਚ ਮੱਖਣ ਕੁਹਾੜ ਤੇ ਡਾ. ਅਨੂਪ ਸਿੰਘ ਬਿਲਕੁਲ ਨਹੀਂ ਲਏ ਜਾਣਗੇ। ਹੋਰ ਭਾਵੇਂ ਕੋਈ ਵੀ ਲੈ ਲਵੋ। ਉਹਨਾਂ ਪਿਛਲੀ ਟਰਮ ਵੀ ਮੇਰੀ ਨੀਂਦ ਹਰਾਮ ਕਰ ਛੱਡੀ ਸੀ ਤੇ ਮੈਂ ਹੁਣ ਐਸਾ ਨਹੀਂ ਹੋਣ ਦਿਆਂਗਾ। ਸਿੱਟੇ ਵਜੋਂ ਡਾ. ਸੁਰਿੰਦਰ ਸ਼ਾਂਤ ਤੇ ਤਲਵਿੰਦਰ ਸਿੰਘ ਵਲੋਂ ਕਾਰਜਕਾਰਨੀ ਦੀ ਚੋਣ ਵੇਲੇ ਬਾਈਕਾਟ ਵਰਗੀ ਹਾਲਤ ਵਿਚ ਰਹਿਣ ਲਈ ਮਜਬੂਰ ਕਰ ਦਿਤਾ। ਤੇ ਕਈ ਗੈਰ ਸਾਹਿਤਕ ਗੈਰ ਸਰਗਰਮ ਨਿਰੋਲ ਰਾਜਨੀਤਕ ਆਗੂ ਹੀ ਕਾਰਜਕਾਰਨੀ ਵਿਚ ਲੈ ਲਏ ਗਏ। ਪਰ ਪ੍ਰਧਾਨ ਧੀਰ ਹੋਰਾਂ ਵਲੋਂ ਸਰਕਾਰ ਵਿਰੁੱਧ ਦੂਰਦਰਸ਼ਨ, ਭਾਸ਼ਾ ਵਿਭਾਗ ਪੰਜਾਬ ਵਿਰੁੱਧ ਸਿਵਾ ਇਕ ਲੇਖਕ ਧਰਨੇ ਤੋਂ ਹੋਰ ਕੋਈ ਉਪਰਾਲਾ ਨਹੀਂ ਹੋਇਆ ਅਤੇ ਧਰਨੇ ਤੋਂ ਬਾਦ ਜੱਦੋ ਜਹਿਦ ਨੂੰ ਅੱਗੇ ਤੋਰਨ ਦੀ ਪਾਟਵੀ ਰਾਇ ਨੂੰ ਉੱਕਾ ਹੀ ਨਕਾਰਨ ਦਾ ਯਤਨ ਕੀਤਾ ਗਿਆ। ਇਹ ਕੇਂਦਰੀ ਸਭਾ ਲਈ ਮੰਦਭਾਗਾ ਸੀ। 12.12.99 ਦੀ ਤਾਜ਼ਾ ਚੋਣ ਵੇਲੇ ਇਹ ਯਤਨ ਕੀਤਾ ਗਿਆ ਕਿ ਇਸ ਵਾਰ ਸਰਬਸੰਮਤ ਰਾਇ ਬਣੇ। ਵੋਟਾਂ ਦੀ ਖੇਚਲ ਤੋਂ ਵੀ ਨਜਾਤ ਹਾਸਲ ਹੋਵੇ ਅਤੇ ਜੱਦੋ ਜਹਿਦ ਵੀ ਸਾਂਝੇ ਤੌਰ ਤੇ ਉਸਰੇ। ਹਰਭਜਨ ਸਿੰਘ ਹੁੰਦਲ ਤੇ ਡਾ. ਤਰਸੇਮ ਹੋਰਾਂ ਇਕ ਨਿੱਗਰ ਉਪਰਾਲਾ ਵੀ ਕੀਤਾ। ਹੁੰਦਲ ਹੋਰਾਂ ਵਲੋਂ ਸਰਬਸੰਮਤ ਰਾਇ ਬਣਾਉਣ ਲਈ ਸੀਟਾਂ ਦੀ ਗਿਣਤੀ ਤੱਕ ਦੀ ਵੀ ਹਰ



ਕੁਰਬਾਨੀ ਕੀਤੀ। ਭਾਵੇਂ ਸਕੱਤਰ ਦੀ ਚੋਣ ਫੇਰ ਵੀ ਵੋਟਾਂ ਨਾਲ ਹੋਈ ਪਰ ਸਾਂਝੀ ਰਾਇ ਦੇ ਸੰਕਲਪ ਨੂੰ ਕਾਇਮ ਰੱਖਣ ਲਈ ਸਾਰਾ ਕੁਝ ਸਹਿਣ ਕੀਤਾ ਗਿਆ। ਸਿੱਟੇ ਵਜੋਂ ਡਾ. ਜਗਤਾਰ ਹੋਰੀਂ ਸਰਬਸੰਮਤੀ ਨਾਲ ਪ੍ਰਧਾਨ, ਡਾ. ਐਸ. ਤਰਸੇਮ ਹੋਰੀਂ ਜਨ. ਸਕੱਤਰ ਤੇ ਹਰਭਜਨ ਸਿੰਘ ਹੁੰਦਲ ਹੋਰੀਂ ਸੀਨੀਅਰ ਮੀਤ ਪ੍ਰਧਾਨ ਬਣੇ। ਮੀਤ ਪ੍ਰਧਾਨਾਂ ਤੇ ਸਕੱਤਰਾਂ ਦੀ ਟੀਮ ਸਮੇਤ ਸਮੁੱਚੇ ਤੌਰ ਤੇ ਕੇਂਦਰੀ ਸਭਾ 'ਚ ਕੰਮ ਕਰਦੀਆਂ ਸਾਰੀਆਂ ਧਿਰਾਂ ਨੂੰ ਭਾਵੇਂ ਬਰੋ ਬਰਾਬਰ ਦੀ ਨਹੀਂ ਪਰ ਨੁਮਾਇੰਦਗੀ ਜ਼ਰੂਰ ਮਿਲੀ।

ਚਾਹੀਦਾ ਇਹੀ ਸੀ ਕਿ ਇਸ ਭਾਵਨਾ ਨੂੰ ਕਾਰਜਕਾਰਨੀ ਵਿਚ ਮੈਂਬਰਾਂ ਦੀ ਨਿਯੁਕਤੀ ਵੇਲੇ ਵੀ ਕਾਇਮ ਰੱਖਿਆ ਜਾਂਦਾ। ਪਰ ਅਫਸੋਸ ਕਿ ਅਜਿਹਾ ਨਹੀਂ ਕੀਤਾ ਗਿਆ। ਬਹੁਸੰਮਤੀ ਦੇ ਵਿਧਾਨਕ ਡੰਡੇ ਦੇ ਜ਼ੋਰ ਨਾਲ ਕਾਰਜਕਾਰਨੀ ਠੋਸ ਦਿੱਤੀ ਗਈ। ਮੱਖਣ ਕੁਹਾੜ ਤੋਂ ਹਰਭਜਨ ਸਿੰਘ ਹੁੰਦਲ ਦੇ ਵਿਰੋਧ ਦੇ ਬਾਵਜੂਦ ਵੀ ਉਹਨਾਂ ਵਲੋਂ ਤਜਵੀਜਤ ਘਟੋ ਘੱਟ ਇਕ ਇਕ ਮੈਂਬਰ ਵੀ ਨਾਮਜ਼ਦ ਨਹੀਂ ਕੀਤਾ ਗਿਆ। ਵੋਟਾਂ ਨਾਲ ਚੁਣ ਕੇ ਬਣੇ ਮੱਖਣ ਕੁਹਾੜ ਵਲੋਂ ਘਟੋ ਘਟ ਇਕ ਮੈਂਬਰ ਡਾ. ਅਨੂਪ ਸਿੰਘ, ਜੋ ਕੇਂਦਰੀ ਸਭਾ ਦਾ ਅਣਥੱਕ ਵਰਕਰ ਹੈ, ਨੂੰ ਲੈਣ ਦੀ ਮੰਗ ਵੀ ਉੱਕਾ ਹੀ ਠੁਕਰਾ ਦਿੱਤੀ ਗਈ। ਇਹੀ ਹਸ਼ਰ ਸ਼ੀਨੀ ਮੀਤ ਪ੍ਰਧਾਨ ਹਰਭਜਨ ਸਿੰਘ ਹੁੰਦਲ ਤੇ ਤਸਕੀਨ ਦਾ ਹੋਇਆ। ਉਹਨਾਂ ਵੱਲੋਂ ਵਾਰ ਵਾਰ ਜ਼ੋਰ ਦੇਣ ਤੇ ਵੀ ਉਹਨਾਂ ਦਾ ਘਟੋ ਘੱਟ ਇਕ ਮੈਂਬਰ ਵੀ ਕਾਰਜਕਾਰਨੀ ਵਿਚ ਨਹੀਂ ਲਿਆ ਗਿਆ। ਚੋਣ ਲਈ ਕੋਈ ਵਾਜਬ ਨਿਯਮ ਵੀ ਤਹਿ ਨਹੀਂ ਕੀਤਾ ਗਿਆ। ਸਿੱਟੇ ਵਜੋਂ ਹੁੰਦਲ ਤੇ ਕੁਹਾੜ ਨੂੰ ਬਾਈਕਾਟ ਕਰਨ ਲਈ ਮਜਬੂਰ ਕੀਤਾ। ਤਸਕੀਨ ਦੀ ਵੀ ਲਗਭਗ ਇਹੀ ਹਾਲਤ ਸੀ। ਅਫਸੋਸ ਦਰ ਅਫਸੋਸ ਤਾਂ ਉਦੋਂ ਹੋਇਆ ਜਦੋਂ ਡਾ. ਅਨੂਪ ਸਿੰਘ ਜਾਂ ਕੇਂਦਰੀ ਸਭਾ ਲਈ ਰਾਤ ਦਿਨ ਕੰਮ ਕਰਦੇ ਹਰਮੀਤ ਵਿਦਿਆਰਥੀ ਆਦਿ ਦੀ ਥਾਂ ਨਿਰੋਲ ਰਾਜਨੀਤਕ ਬੰਦਿਆਂ ਨੂੰ ਬਹੁਸੰਮਤੀ ਨਾਲ ਕਾਰਜਕਾਰਨੀ ਵਿਚ ਸ਼ਾਮਲ ਕਰ ਲਿਆ ਗਿਆ। ਡਾ. ਜਗਤਾਰ ਵਲੋਂ ਇਨ੍ਹਾਂ ਨੂੰ ਪਾਉਣਾ ਉਹਨਾਂ ਦੀ ਰਿਸ਼ਤੇਦਾਰੀ ਪਾਲਣ ਦੀ ਮਜਬੂਰੀ ਸੀ ਜਾਂ ਕੋਈ ਹੋਰ, ਪਤਾ ਨਹੀਂ ਹੈ। ਇਸ ਗੱਲ ਦਾ ਹੋਰ ਵੀ ਬਹੁਤ ਅਫਸੋਸ ਤ ਹੈਰਾਨੀ ਹੈ ਕਿ ਸਰਬਸੰਮਤੀ ਨਾਲ ਚੋਣ ਕਰਵਾਉਣ ਲਈ ਅਲੰਬਰਦਾਰ ਬਣਨ ਵਾਲੇ ਡਾ. ਐਸ. ਤਰਸੇਮ, ਡਾ. ਜਗਤਾਰ ਦੇ ਬਹੁਸੰਮਤੀ ਦੇ 'ਘੋਟਣੇ' ਵੇਲੇ ਨਿਰਪੱਖ ਹੋ ਗਏ। ਇਸ ਤੋਂ ਵੀ ਵਧੇਰੇ ਹੈਰਾਨੀ ਇਸ ਗੱਲ ਦੀ ਹੈ ਕਿ ਜਿੰਨਾ ਲੋਕਾਂ ਨੇ 12-12-99 ਦੇ ਘੱਟ ਕੋਰਮ ਵਾਲੇ ਜਨਰਲ ਇਜਲਾਸ ਵਿਚ ਬਹੁਸੰਮਤੀ ਹੀ ਜ਼ੋਰ ਨਾਲ ਜੀਵਨ ਮੈਂਬਰ ਬਣਨ ਲਈ ਪੁਸਤਕ ਛਪੀ ਹੋਣ ਦੀ ਵਿਧਾਨਕ ਸੋਧ ਕਰਾਈ। ਉਹੀ ਲੋਕ 24-12-99 ਨੂੰ ਕਾਰਜਕਾਰਨੀ ਮੈਂਬਰ ਲੈਣ ਲਈ ਪੁਸਤਕ ਤਾਂ ਪਾਸੇ ਰਹੀ ਇਕ ਸਾਹਿਤਕ ਰਚਨਾ ਛਪੀ ਹੋਣ ਦੀ ਸ਼ਰਤ ਲਈ ਵੀ ਸਹਿਮਤ ਨਾ ਹੋਏ।

ਲੋੜ ਇਸ ਗੱਲ ਦੀ ਹੈ ਕਿ ਪੰਜਾਬ ਦੀ ਬਾਦਲ ਸਰਕਾਰ ਵਿਰੁੱਧ, ਪੰਜਾਬੀ ਭਾਸ਼ਾ ਦੀ ਦੁਰਗਤੀ ਦੂਰ ਕਰਾਉਣ ਤੇ ਰਾਜ ਭਾਸ਼ਾ ਐਕਟ ਵਿਚ ਸਜ਼ਾ ਦੀ ਧਾਰਾ ਸ਼ਾਮਲ ਕਰਾਉਣ, ਪਹਿਲੀ ਤੋਂ ਅੰਗਰੇਜ਼ੀ ਪੜ੍ਹਾਉਣ ਸਮੇਤ ਹੋਰ ਮਸਲਿਆਂ ਦਾ ਵਿਰੋਧ ਕਰਨ ਹਿਤ ਜੱਦੋ ਜਹਿਦ ਕੀਤੀ ਜਾਵੇ। ਦੂਰਦਰਸ਼ਨ ਜਲੰਧਰ ਜੋ ਪੰਜਾਬੀ ਭਾਸ਼ਾ ਤੇ ਸਭਿਆਚਾਰ ਦਾ ਮੁਹਾਂਦਰਾ ਵਿਗਾੜਨ ਵਿਚ ਵਿਦੇਸ਼ੀ ਪੱਛਮੀ ਮਾਧਿਅਮਾਂ ਤੋਂ ਵੀ ਮੋਹਰੀ ਰੋਲ ਅਦਾ ਕਰ ਰਿਹਾ ਹੈ, ਵਿਰੁੱਧ ਲੰਬੀ ਲੜਾਈ ਲੜੀ ਜਾਵੇ ਤੇ ਪੰਜਾਬ ਦਾ ਭਾਸ਼ਾ ਵਿਭਾਗ ਜੋ ਆਪਣੀ ਬਣਦੀ ਭੂਮਿਕਾ ਨਿਭਾਉਣ ਦੀ ਥਾਂ ਸਰਕਾਰ ਦਾ ਦੁੰਮ ਛੱਲਾ ਬਣ ਗਿਆ ਹੈ ਵਿਰੁੱਧ ਮੋਰਚਾਬੰਦੀ ਬੰਦ ਕੀਤੀ ਜਾਵੇ। ਪਰ ਐਸਾ ਹੋ ਪਾਵੇਗਾ ਘੱਟ ਹੀ ਆਸ ਹੈ, ਭਾਵੇਂ ਕਿ 'ਹੁੰਦਲ' ਧਿਰ ਵਲੋਂ ਐਸਾ ਜ਼ੋਰ ਲਗਾਤਾਰ ਦਿੱਤਾ ਜਾਂਦਾ ਰਹੇਗਾ।

(ਸੰਪਾਦਕ। ਮਡਲ)

## ਕੁਝ ਗ਼ਜ਼ਲਾਂ—*ਪ੍ਰਮਿੰਦਰ ਜੀਤ*

ਮੇਰੇ ਨਾਮ ਨਾਲ ਇਕੋ ਵੇਰ ਏਨੀਆਂ ਗ਼ਜ਼ਲਾਂ ਛਪੀਆਂ ਵੇਖ ਕੇ ਮੇਰੇ ਕਈ ਪਾਠਕਾਂ ਤੇ ਕੁਝ ਅਦੀਬਾਂ ਨੂੰ ਜ਼ਰੂਰ ਹੈਰਾਨੀ ਹੋਏਗੀ। ਦੋਸਤੋ, ਮੈਂ ਇਕ ਮੁਦਤ ਤੋਂ ਗ਼ਜ਼ਲਾਂ ਲਿਖਦਾ ਆ ਰਿਹਾ ਹਾਂ, ਮੈਂ ਗੀਤ ਵੀ ਲਿਖੇ ਹਨ। ਮੈਨੂੰ ਸ਼ਾਇਰੀ ਦੀ ਅੰਤਰੀਵ ਲੈਅ ਦੀ ਸੋਝੀ ਹੈ। ਮੈਂ ਕਾਫੀ ਗ਼ਜ਼ਲਾਂ ਲਿਖੀਆਂ ਹਨ। ਪਰ ਮੈਂ ਫੇਰ ਵੀ ਗ਼ਜ਼ਲਗੋ ਨਹੀਂ ਹਾਂ। ਵਿਚਾਰ, ਸ਼ਬਦ ਤੇ ਕਾਵਿਕ ਸੂਖਮਤਾ ਦਾ ਮੇਲ ਹੀ ਚੰਗੀ ਕਾਵਿ-ਰਚਨਾ ਦੀ ਪਹਿਲੀ ਸ਼ਰਤ ਹੈ। ਵਿਚਾਰ ਦੀ ਆਪਣੀ ਲੈਅ ਹੈ, ਸ਼ਬਦ ਦਾ ਆਪਣਾ ਸੰਸਾਰ ਹੈ, ਇਨ੍ਹਾਂ ਦੀ ਸਹਿਹੋਂਦ ਹੀ ਸਜੀਵ ਕਾਵਿਕਤਾ ਦਾ ਮੂੰਹ ਮੁਹਾਂਦਰਾ ਸਿਰਜਦੀ ਹੈ। ਹਰ ਕਾਵਿ ਰੂਪ ਦਾ ਆਪਣਾ ਇਕ ਕਾਵਿਕ ਬੰਧੇਜ ਹੈ, ਆਪਣਾ ਕਾਵਿਕ ਨੇਮ ਹੈ। ਇਨ੍ਹਾਂ ਦੀ ਪਾਲਣਾ ਬੜੀ ਜ਼ਰੂਰੀ ਹੈ। ਗ਼ਜ਼ਲ ਰਚਨਾ ਵੇਲੇ ਇਹ ਵਧੇਰੇ ਪੁਖ਼ਤਗੀ ਤੇ ਸਖ਼ਤੀ ਨਾਲ ਲਾਗੂ ਕੀਤੇ ਤੇ ਵਰਤੇ ਜਾਂਦੇ ਹਨ। ਗ਼ਜ਼ਲ ਦਾ ਆਪਣਾ ਇਕ ਕਾਵਿਕ ਮੂੰਹ-ਮੁਹਾਂਦਰਾ ਹੈ, ਇਸ ਤੋਂ ਕੋਈ ਇਨਕਾਰੀ ਨਹੀਂ ਹੈ। ਪਰ ਅਕਸਰ ਹੁੰਦਾ ਇਹ ਹੈ ਕਿ ਗ਼ਜ਼ਲ ਰਚਨਾ ਨੂੰ ਬੜਾ ਕੋਈ ਅਲੋਕਾਰ ਜਿਹਾ ਕਾਰਨਾਮਾ ਕਰ ਜਾਣ ਵਾਂਗ ਲਿਆ ਜਾਂਦਾ ਹੈ। ਤੇ ਬਾਕੀ ਕਾਵਿ ਰੂਪਾਂ ਨੂੰ ਨਿਮਨ ਦਰਜੇ ਦਾ ਸਮਝ ਲਿਆ ਜਾਂਦਾ ਹੈ। ਬੇਸ਼ਕ ਇੰਜ ਨਹੀਂ ਹੋਣਾ ਚਾਹੀਦਾ। ਕੋਈ ਰਚਨਾ ਤਾਂ ਹੀ ਉਚ ਦਰਜੇ ਦੀ ਕਾਵਿਕਤਾ ਗ੍ਰਹਿਣ ਕਰ ਸਕੇਗੀ, ਜੇ ਉਸ ਵਿਚ ਵਿਚਾਰ, ਸ਼ਬਦ ਤੇ ਕਾਵਿਕ ਸੁਮੇਲਤਾ ਹੋਵੇਗੀ। ਨਿਰੇ ਸ਼ਾਬਦਿਕ ਬੰਧੇਜ ਨੂੰ ਗ਼ਜ਼ਲ ਕਹਿ ਦੇਣਾ ਤੇ ਆਪੇ ਹੀ ਆਪਣੀ ਵਡਿਆਈ ਕਰੀ ਜਾਣੀ ਠੀਕ ਨਹੀਂ ਜਾਪਦੀ। ਸ਼ਬਦੀ ਅਭਿਆਸ ਤੇ ਮਹਿਜ਼ ਪਿੰਗਲ-ਅਰੂਜ਼ ਦੀ ਹਿਸਾਬੀ ਜਾਣਕਾਰੀ ਹੀ ਚੰਗੇ ਗ਼ਜ਼ਲਗੋ ਦੀ ਸਿਫ਼ਤ ਨਹੀਂ ਹੈ। ਵਿਚਾਰ, ਸੋਚ ਤੇ ਅਹਿਸਾਸ ਨੂੰ ਆਧਾਰ ਬਣਾਏ ਬਿਨਾਂ ਗ਼ਜ਼ਲ ਦਾ ਜਲੌ ਬੌਣਾ ਨਜ਼ਰ ਆਉਂਦਾ ਹੈ। ਗ਼ਜ਼ਲ ਨਾਲ ਜੁੜੇ ਫ਼ਾਰਸ਼ੀ ਕਿਸਮ ਦੇ ਬੰਧੇਜ ਨੂੰ ਮਹਿਸੂਸ ਕਰਕੇ ਹੀ ਗਾਲਿਬ ਵਰਗੇ ਮਹਾਂ ਕਵੀ ਨੂੰ ਗ਼ਜ਼ਲ ਰਚਨਾ ਵਿਚ ਆਪਣੀ ਸੋਚ ਤੇ ਅਹਿਸਾਸ ਦਾ ਸਾਹ ਘੁਟਦਾ ਮਹਿਸੂਸ ਹੋਣ ਲੱਗ ਪਿਆ ਸੀ। ਕਵਿਤਾ ਦੇ ਨਾਮ ਤੇ ਵੀ ਕਚਘਰੜ ਲਿਖਿਆ ਜਾ ਰਿਹਾ ਸਾਰਾ ਕੁਝ ਹੀ ਕਵਿਤਾ ਨਹੀਂ ਹੈ। ਕਾਵਿਕਤਾ ਕਾਵਿ ਦਾ ਮੂਲ ਆਧਾਰ ਹੈ—ਵਿਚਾਰ ਤੇ ਸ਼ਬਦ ਇਸ ਦਾ ਪਾਸਾਰ ਹਨ।

ਮੈਂ ਗ਼ਜ਼ਲ ਨੂੰ ਰਵਾਇਤੀ ਤੇ ਰੂੜੀ ਵਾਦੀ ਪ੍ਰਪੱਕਤਾ ਨਾਲ ਨਹੀਂ ਲਿਖ ਸਕਿਆ, ਇਸ ਦਾ ਮੈਨੂੰ ਅਹਿਸਾਸ ਹੈ। ਥੋੜ੍ਹੀ ਜਿਹੀ ਰਗੜਾਈ, ਛਿਲਾਈ ਨਾਲ ਮੇਰੇ ਸ਼ੇਅਰ ਵੀ ਹੋਰ ਪੁਖ਼ਤਾ ਹੋ ਸਕਦੇ ਹਨ। ਪਰ ਫੇਰ ਇਹ ਮੇਰੇ ਨਹੀਂ ਰਹਿਣੇ, ਕਿਸੇ ਹੋਰ ਦਾ ਮੁਕਟ ਆਪਣੇ ਸਿਰ ਤੇ ਰੱਖ ਲੈਣਗੇ ਤੇ ਮੇਰੇ ਸ਼ੇਅਰਾਂ ਵਿਚਲੇ ਖ਼ਿਆਲ ਮੇਰੇ ਲਈ ਹੀ ਅਜਨਬੀ ਹੋ ਜਾਣਗੇ।

ਇਨ੍ਹਾਂ ਗ਼ਜ਼ਲਾਂ 'ਚੋਂ ਬਹੁਤੀਆਂ ਅਣਛਪੀਆਂ ਹੀ ਹਨ, ਉਂਜ ਮੈਂ ਇਨ੍ਹਾਂ ਨੂੰ ਮੁਸ਼ਾਇਰਿਆਂ ਵਿਚ ਪੜ੍ਹਿਆ, ਸੁਣਾਇਆ ਵੀ ਹੈ। ਜੇ ਗਾਉਣਾ ਆਉਂਦਾ ਹੁੰਦਾ ਤਾਂ ਗਾ ਕੇ ਵੀ ਜ਼ਰੂਰ ਸੁਣਾ ਚੁੱਕਾ ਹੁੰਦਾ। ਫਿਲਹਾਲ ਇਹ ਗ਼ਜ਼ਲਾਂ ਤੁਹਾਡੇ ਲਈ ਹਨ-ਤੁਸੀਂ ਹੀ ਦੱਸਿਓ ਕਿ ਇਨ੍ਹਾਂ ਵਿਚ ਗ਼ਜ਼ਲ ਵਰਗਾ ਕਿੰਨਾ ਕੁਝ ਹੈ।

1. ਸ਼ਾਇਰੀ ਜਿਹੇ ਅਹਿਸਾਸ ਹਾਂ, ਸ਼ਬਦਾਂ ਦੀ ਦੁਆ ਮੰਗਦੇ ਹਾਂ
ਅਸੀਂ ਗੀਤਾਂ ਨਜ਼ਮਾਂ ਤੇ ਗ਼ਜ਼ਲਾਂ ਦੀ ਦੁਆ ਮੰਗਦੇ ਹਾਂ

ਬਹੁਤ ਸੁਲਘੇ ਨੇ ਰਾਹ, ਪਗਡੰਡੀਆਂ ਤੇ ਸੁੰਞੇ ਚੌਰਾਹੇ
ਘਰਾਂ 'ਚ ਬਾਕੀ ਬਚੇ ਜਗਦੇ ਚਿਰਾਗਾਂ ਦੀ ਦੁਆ ਮੰਗਦੇ ਹਾਂ

ਅਸਾਂ ਮਾਤਮ ਦੀ ਅੰਤਲੀ ਤਹਿ ਤਕ ਉਤਰ ਕੇ ਵੇਖ ਲਿਐ
ਨੀਂਦਾਂ 'ਚ ਉਤਰੇ ਸੁਰਮਈ ਖ਼ਾਬਾਂ ਦੀ ਦੁਆ ਮੰਗਦੇ ਹਾਂ



ਨਾ ਦਿਓ ਖੰਜਰਾਂ ਨੂੰ ਤੁਸੀਂ ਗੱਭਰੂ ਹਿੱਕਾਂ ਦੇ ਸਿਰਨਾਵੇਂ
ਇਨ੍ਹਾਂ ਹਿੱਕਾਂ ਲਈ ਅਸੀਂ ਚੁੰਮਣਾਂ ਦੀ ਦੁਆ ਮੰਗਦੇ ਹਾਂ

ਨਹੀਂ ਆਖਣੀ ਹੁਣ ਕਦੇ ਸੰਗੀਨ ਨੂੰ ਜੀਅ ਆਇਆਂ
ਆਪਣੇ ਹੱਥਾਂ 'ਚ ਫੜ੍ਹੇ ਗੁਲਾਬਾਂ ਦੀ ਦੁਆ ਮੰਗਦੇ ਹਾਂ

ਰਹੇ ਨਾ ਜੀਣ ਜੋਗੇ ਤਾਂ ਫਿਰ ਕੀ ਕਰੇਗੀ ਜ਼ਿੰਦਗੀ
ਜ਼ਿੰਦਗੀ ਵਰਗੇ ਜੀਣ ਜੋਗੇ ਪਲਾਂ ਦੀ ਦੁਆ ਮੰਗਦੇ ਹਾਂ

ਸੁਜਾਖੇ ਸਫ਼ਰ ਦੀ ਰਾਤ ਵਿਚ ਤਾਂ ਜੁਗਨੂੰ ਵੀ ਸੂਰਜ ਹੈ
ਬੇੜੀਆਂ; ਬਾਦਬਾਨਾਂ ਤੇ ਪੁਲਾਂ ਦੀ ਦੁਆ ਮੰਗਦੇ ਹਾਂ।

2. ਕੋਈ ਗੀਤ ਗ਼ਜ਼ਲ ਜਾਂ ਕੋਈ ਨਜ਼ਮ ਹੀ ਬਣਾ ਮੈਨੂੰ
ਇਬਾਰਤ ਰੰਗ ਸੁਰ ਦੀ ਹਾਂ, ਸ਼ਬਦਾਂ ਦੀ ਦੇ ਦੁਆ ਮੈਨੂੰ

ਮੇਰੀ ਮਿੱਟੀ 'ਚ ਇਕ ਸੰਗੀਤ ਹੈ, ਹਰਿਆਵਲ ਜਿਹਾ
ਮੇਰੇ ਬੰਜਰਾਂ ਚੋਂ ਕੁਝ ਪਲ ਹੀ ਤੂੰ ਉਗਾ ਮੈਨੂੰ

ਹਜ਼ਾਰਾਂ ਸੂਰਜਾਂ ਦੇ ਨਕਸ਼ ਮੇਰੇ ਨਾਲ ਨਾਲ ਤੁਰੇ
ਜਦੋਂ ਉਹ ਦੇ ਗਿਆ ਇਕ ਲਰਜ਼ਦੀ ਸ਼ੁਆ ਮੈਨੂੰ

ਮੈਂ ਹਰਫ਼ ਹਰਫ਼ ਹਾਂ, ਤੇਰੀ ਨਜ਼ਰ ਨਜ਼ਰ ਵਰਗਾ
ਕਿਤਾਬ ਜਿਸਮ ਦੀ ਜਾਂ ਮਨ ਦਾ ਹੀ ਸ਼ੀਸ਼ਾ ਬਣਾ ਮੈਨੂੰ

ਸੌਂ ਗਏ ਉਹ ਕਿਨਾਰਿਆਂ ਤੋਂ ਤੋਰ ਕੇ ਬੇੜੀ
ਉਨ੍ਹਾਂ ਵੀ ਡੁੱਬਣਾ ਸੀ, ਜੇ ਉਨ੍ਹਾਂ ਸੀ ਡੋਬਣਾ ਮੈਨੂੰ

ਜਿਨ੍ਹਾਂ ਦੇ ਸਾਹਾਂ ਵਿਚੋਂ ਵੀ ਥਲਾਂ ਦੀ ਰੇਤ ਉਡਦੀ ਹੈ
ਉਹੀ ਧੁਖਦੇ ਜਜ਼ੀਰੇ ਕਹਿ ਰਹੇ ਨੇ ਰੇਤਲਾ ਮੈਨੂੰ

ਜਿਸ ਤੇ ਹਜ਼ਾਰਾਂ ਪੰਛੀਆਂ ਦੀ ਮਮਤਾ ਬਣਾਵੇ ਆਲ੍ਹਣੇ
ਝੀਲ ਵਿਚ ਤਰਦਾ ਉਸੇ ਬਿਰਖ ਦਾ ਸਾਇਆ ਬਣਾ ਮੈਨੂੰ

3. ਜਿਸਮ ਤਾਂ ਨਜ਼ਦੀਕੀਆਂ ਦੇ ਭਰਮ ਵਿਚ ਮਸਰੂਫ਼ ਨੇ
ਪਰ ਹੁੰਗਾਰੇ ਖ਼ਤਮ ਹੋਏ, ਤੇਰੀ ਤੇ ਮੇਰੀ ਬਾਤ ਵਿਚ।

ਮੇਰੀਆਂ ਨਜ਼ਮਾਂ ਚੋਂ ਸਾਰੇ ਬਿੰਬ ਹੀ ਨੇ ਲਾ-ਪਤਾ
ਮੇਰੀਆਂ ਨਜ਼ਮਾਂ ਵੀ ਸ਼ਾਮਲ ਹੋਈਆਂ ਨੇ ਮੇਰੀ ਮਾਤ ਵਿਚ।

ਗੁਜ਼ਰ ਕੇ ਸ਼ਾਇਦ ਗਏ ਇਹਨੀਂ ਹੀ ਰਾਹੀਂ ਹਾਦਸੇ
ਸ਼ੋਰ ਜ਼ਖ਼ਮੀ ਪੰਛੀਆਂ ਦਾ ਫੈਲਿਆ ਕਾਇਨਾਤ ਵਿਚ।

ਓਸ ਨੂੰ ਹੁਣ ਮੋਹ ਦੀਆਂ ਕਣੀਆਂ ਤੋਂ ਆਉਂਦਾ ਸੇਕ ਹੈ,
ਭਿੱਜ ਕੇ ਜਾਇਓ ਨਾ ਉਹਦੇ ਕੋਲ ਹੁਣ ਬਰਸਾਤ ਵਿਚ।

ਹੋ ਗਿਆ ਜਿਸਮਾਂ ਚੋਂ ਜੇ ਸਭ ਕੁਝ ਦਿਲਾਂ ਵਰਗਾ
ਜ਼ਿੰਦਗੀ ਫਿਰ ਰੱਖਿਆ ਏ, ਕੀ ਤੇਰੀ ਸੰਗਾਤ ਵਿਚ?

4. ਕਈ ਚਿਹਰੇ, ਕਈ ਨਾਮ, ਕਈ ਰਿਸ਼ਤੇ, ਹੁੰਦੇ ਨੇ ਤਿਤਲੀਆਂ ਵਰਗੇ।
ਕਈ ਚਿਹਰੇ ਕਈ ਨਾਮ, ਕਈ ਰਿਸ਼ਤੇ, ਹੁੰਦੇ ਉਦਾਸੀਆਂ ਵਰਗੇ।

ਸੁਰਮਈ ਸ਼ਾਮ ਵਿਦਾ ਵਰਗੀ ਉਸ ਪਾਰ ਉਤਰ ਆਈ ਹੈ
ਇਸ ਪਾਰ ਕੁਝ ਅਹਿਸਾਸ ਖਲੋਤੇ ਨੇ ਔਂਸੀਆਂ ਵਰਗੇ।

ਦਹਿਲੀਜ਼ ਤੇ ਆ ਕੇ ਜੇ ਦਸਤਕ ਨਾ ਦਿਓ ਤਾਂ ਠੀਕ ਨਹੀਂ
ਘਰਾਂ 'ਚ ਅਜੇ ਵੀ ਜਗਦੇ ਨੇ ਕੁਝ ਮਨ ਦੀਵਿਆਂ ਵਰਗੇ।

ਰੇਤਲੀ ਦੀਵਾਰ ਹੁੰਦੇ ਨੇ ਇਹ, ਪਲ ਵਿਚ ਬਿਖਰ ਜਾਣੇ
ਜਿਸਮ ਦੀ ਮਿੱਟੀ 'ਚ ਸੁਪਨੇ ਬੀਜ ਨਾ ਤੂੰ ਰਿਸ਼ਤਿਆਂ ਵਰਗੇ।

ਜਿਨ੍ਹਾਂ ਆਉਣਾ ਸੀ ਪਹਿਨ ਕੇ ਰੰਗ, ਖੁਸ਼ਬੂ ਤੇ ਸੁਰ ਦਾ ਲਿਬਾਸ
ਹੋ ਗਏ ਉਹ ਯਾਰ ਵੀ ਹੁਣ ਅਖ਼ਬਾਰੀ ਸੁਰਖੀਆਂ ਵਰਗੇ।

5. ਸੈਆਂ ਪਤਝੜਾਂ ਵਿਚ ਵੀ ਜੋ ਰਿਹਾ ਹਰਿਆ
ਬਹਾਰ ਦਾ ਵੀ ਉਸ ਬਿਰਖ਼ ਬਿਨ ਨਹੀਂ ਸਰਿਆ।

ਬੜੀ ਔਖੀ ਸੀ ਕਦੇ ਅੱਗ ਦੀ ਨਦੀ ਤਰਨੀ
ਹੁਣ ਅੰਗਿਆਰ ਲੱਗਦਾ ਏ ਤਲੀ ਤੇ ਅੱਥਰੂ ਧਰਿਆ।

ਇਕ ਦਿਨ ਜੋ ਮੇਰੀ ਸੁਲਘਦੀ ਮਿੱਟੀ ਚੋਂ ਉਠਿਆ ਸੀ
ਧੁਖਦੇ ਪਰਬਤੀਂ ਜਾ ਕੇ ਉਹ ਬੱਦਲ ਬੜਾ ਵਰ੍ਹਿਆ।

ਬੜਾ ਔਖਾ ਹੈ ਇਕ ਤਾਬੂਤ ਨੂੰ ਬੰਦਾ ਬਣਾ ਦੇਣਾ
ਇਕ ਤਨ 'ਚ ਸੈਆਂ ਵਾਰ ਹੈ ਇਕ ਆਦਮੀ ਮਰਿਆ।

6. ਸਮੁੰਦਰ ਹੋ ਕੇ ਵੀ ਮੇਰੀ ਰੇਤਲੀ ਤਾਸੀਰ ਰਹੀ
ਮੈਂ ਪਿਆਸ ਬਣ ਕੇ ਰਿਹਾ, ਪਿਆਸ ਨਾ ਬੁਝਾ ਸਕਿਆ।
ਸਰਾਪ ਕਿਸ ਨਦੀ ਦਾ ਹੈ ਇਹ ਮੇਰੇ ਪਾਣੀਆਂ ਨੂੰ
ਕਿਸੇ ਜਜ਼ੀਰੇ ਤੇ ਹਰਿਆਵਲ ਨਾ ਮੈਂ ਉਗਾ ਸਕਿਆ।
ਤੋਰਿਆ ਕਈ ਮੁਸਾਫ਼ਰਾਂ ਨੂੰ ਮੈਂ ਰੌਸ਼ਨ ਸਫ਼ਰ ਤੇ
ਪਹਿਲੇ ਮੀਲ ਪੱਥਰ ਤੋਂ ਖ਼ੁਦ ਅਗਾਂਹ ਨਾ ਜਾ ਸਕਿਆ।

ਮਹਿਕ ਮੇਰੇ ਦਰਾਂ ਤੇ ਆਉਂਦੀ ਏ ਚਾਨਣੀ ਰੰਗੀ
ਮੈਂ ਆਪਣੇ ਨ੍ਹੇਰਿਆਂ ਚੋਂ ਬਾਹਰ ਕਦੇ ਨਾ ਆ ਸਕਿਆ।

ਪਿਛਾਂਹ ਜਦ ਵੇਖਦਾਂ ਤਾਂ ਧੁਖਦੀਆਂ ਪੈੜਾਂ ਨੇ ਦਿਸਦੀਆਂ
ਅਗਾਂਹ ਦੇ ਨਕਸ਼ ਮੈਂ ਨਜ਼ਰਾਂ 'ਚ ਨ ਸਜਾ ਸਕਿਆ।

7. ਜਿਸਮ ਦੀ ਮਹਿਕ ਲੈ ਉਡਿਆ ਤਾਂ ਉਹ ਤਪਦਾ ਖਲਾ ਹੋਇਆ
ਉਹ ਆਪਣੇ ਕੋਲ ਜਦ ਆਇਆ ਤਾਂ ਕੋਈ ਹਾਦਸਾ ਹੋਇਆ।

ਇਕ ਉਮਰ ਪਿਛੋਂ ਮਿਲੇ ਸਾਂ, ਰੰਗੇ ਵੀ ਗਏ ਸਾਂ,
ਖੌਰੇ ਕਿਉਂ ਹੈ ਵਾਪਸ ਮੁੜ ਗਿਆ ਉਹ ਸੁਲਘਦਾ ਹੋਇਆ।



ਤੁਸੀਂ ਮਹਿਫ਼ੂਜ਼ ਹੋ ਆਪਣੇ ਘਰਾਂ 'ਚ ਮਹਿਕਦੇ ਰਹੋ,
ਅਸੀਂ ਸੜਕਾਂ ਤੇ ਹਾਂ, ਸਾਡਾ ਵੀ ਘਰ ਅੱਜ ਹੀ ਤਬਾਹ ਹੋਇਆ

ਤੁਸਾਂ ਜਿਸ ਨਾਲ ਸੀ ਯਾਰੋ ਹਨੇਰੇ ਨੂੰ ਕਤਲ ਕਰਨਾ,
ਉਹ ਖੰਜਰ ਅੱਜ ਕਿਉਂ ਮੇਰੇ ਲਹੂ ਵਿਚ ਰਾਂਗਲਾ ਹੋਇਆ।

8. ਦੂਰੋਂ ਖ਼ਲਾਅ ਨੂੰ ਘੂਰਦਾ ਚਿਹਰੇ ਪਛਾਣਦਾ
ਮੈਂ ਉਹ ਬੂਹਾ ਜੋ ਰਿਹਾ ਦਸਤਕ ਉਡੀਕਦਾ।

ਮੈਂ ਉਹ ਪਰਬਤ ਜਿੰਨ੍ਹੇ ਤੁਰਨਾ ਕਦੇ ਨਹੀਂ,
ਮੇਰਿਆਂ ਪੈਰਾਂ 'ਚ ਭਾਵੇਂ ਵਗ ਰਿਹਾ ਦਰਿਆ।
ਗੀਤ ਸੁਪਨੇ, ਕਹਿਕਹੇ, ਚੁੰਮਣ ਤੇ ਲੋਰੀਆਂ
ਅਪਣੇ ਵਜੂਦ ਵਿਚ ਕੀ ਮੈਂ ਹੋਰ ਬੀਜਦਾ?

ਉਨ੍ਹਾਂ ਦੇ ਕੋਲ ਬਿਰਖ਼ ਸੀ ਸਹਿਰਾ ਸੀ, ਮੇਰੇ ਕੋਲ,
ਓਨ੍ਹਾਂ ਦੀ ਚੁੱਪ ਸੀ ਗੀਤ, ਮੇਰੇ ਗੀਤ ਮਰਸੀਆ।

ਨਗ਼ਮੇ ਸੁਣਾ ਕੇ ਤੁਰ ਗਏ ਸਾਰੇ ਘਰੋਂ ਘਰੀ,
ਕਿਸ ਦਾ ਸੀ ਚਿਹਰਾ ਰਹਿ ਗਿਆ ਨੁੱਕਰ 'ਚ ਵਿਲਕਦਾ।

9. ਹੋਂਦ ਮੇਰੀ ਦਾ ਅਜਬ ਜੁਗਰਾਫ਼ੀਆ ਏ।
ਜ਼ਖ਼ਮੀ ਪਲਾਂ ਦਾ ਨਕਸ਼ਾ ਜਿਹਾ ਏ।

ਉਹ ਹਾਸੇ ਕਹਿਕਹੇ ਲੈ ਗਏ ਚੁਰਾ ਕੇ
ਕਈ ਢੱਠੇ ਘਰੀਂ ਧੁਖਦਾ ਪਿਆ ਏ।

ਮੇਰੇ ਸਾਹੀਂ ਤਾਂ ਹਰਿਆਵਲ ਬੜੀ ਏ
ਨਜ਼ਰਾਂ 'ਚ ਤਪਦਾ ਬਰੇਤਾ ਲਿਸ਼ਕਦਾ ਏ।

ਉਹ ਟੁੱਟੀ ਬੰਸਰੀ ਦੇ ਕੋਲ ਬੈਠਾ
ਘਾਇਲ ਸੁਰਾਂ ਨੂੰ ਚੁਣਦਾ ਪਿਆ ਏ।

ਕਿਸੇ ਮੰਝਧਾਰ ਤੋਂ ਹੁਣ ਕਿਉਂ ਡਰਾਂ ਮੈਂ
ਸਮੁੰਦਰ ਮੇਰੇ ਬਦਨ ਦਾ ਹਾਸ਼ੀਆ ਏ।

10. ਹਰ ਦਿਨ, ਬੀਤੇ, ਪੁਰਾਣੇ ਹੋ ਰਹੇ ਹਾਂ।
ਜੀਣ ਦੀ ਥਾਂ ਜ਼ਿੰਦਗੀ ਨੂੰ ਢੋ ਰਹੇ ਹਾਂ।

ਹੋਰ ਤਾਂ ਸ਼ਾਇਦ ਨਹੀਂ ਕੁਝ ਕਰਨ ਜੋਗੇ
ਮੈਲੇ ਮਨਾਂ ਦੇ ਕੱਜਣਾਂ ਨੂੰ ਧੋ ਰਹੇ ਹਾਂ।

ਅੱਖ ਦਾ ਆਕਾਸ਼ ਕਿਧਰੇ ਖ਼ੁਰ ਨਾ ਜਾਏ
ਜਿਸਮ ਦੇ ਨੇਰ੍ਹੇ 'ਚ ਬਹਿ ਕੇ ਰੋ ਰਹੇ ਹਾਂ।

ਧਰਤੀ ਤਾਂ ਲੋਚਦੀ ਸਦਾ ਹਰਿਆਵਲ, ਸੁਗੰਧੀਆਂ
ਪਰ ਸਿਆੜੀਂ ਅੱਗ ਦੇ ਬੀਅ ਬੋ ਰਹੇ ਹਾਂ।

11. ਵਰ੍ਹਦੇ ਨਹੀਂ ਜਾ ਕੇ ਜੋ ਕਦੇ ਮਾਰੂਥਲਾਂ 'ਤੇ।
ਵਰ੍ਹ ਜਾਂਦੇ ਨੇ ਰੋਜ਼ ਆ ਕੇ ਉਹ ਕੱਚੇ ਘਰਾਂ 'ਤੇ।

ਕੀ ਕਰੋਗੇ ਹਵਾ ਵਿਚ ਪਿੰਜਰਾ ਉਛਾਲ ਕੇ,
ਪਰਵਾਜ਼ ਲਿਖੇ ਨਾਂ ਸਦਾ ਪੰਛੀ ਦੇ ਪਰਾਂ 'ਤੇ

ਰੇਸ਼ਮੀ ਨੀਂਦਾਂ 'ਚ ਰਹੇ ਬੰਜਰ ਸੁਲਘਦੇ
ਬਰਸਾਤ ਹੋ ਰਹੀ ਏ ਪਰ ਖਾਰੇ ਸਮੁੰਦਰਾਂ 'ਤੇ

ਉਸ ਨੂੰ ਉਡੀਕ ਪੰਛੀਆਂ ਦੇ ਆਉਣ ਦੀ ਰਹੇ,
ਬਹਿ ਜਾਂਦੇ ਨੇ ਰੋਜ਼ ਆਣ ਕੇ ਹਓਕੇ ਦਰਾਂ 'ਤੇ।

12. ਮੈਂ ਰਾਤੀਂ ਸੁਪਨਿਆਂ ਵਿਚ ਡਰ ਰਿਹਾ ਸਾਂ।
ਮੈਂ ਆਪਣੇ ਹੰਝੂਆਂ ਵਿਚ ਤਰ ਰਿਹਾ ਸਾਂ।

ਉਨ੍ਹਾਂ ਦੀ ਅਲਵਿਦਾ ਚਿਹਰੇ ਤੇ ਲਿਖ ਕੇ
ਮੈਂ ਆਪਣੇ ਕੋਲ ਬਹਿ ਕੇ ਮਰ ਰਿਹਾ ਸਾਂ।

ਉਹ ਮੇਰੇ ਖ਼ਾਬ ਚੁਣ ਕੇ ਲੈ ਗਏ ਸਨ
ਮੈਂ ਆਪਣੀ ਕਬਰ ਖ਼ੁਦ ਹੀ ਭਰ ਰਿਹਾ ਸਾਂ।
ਉਹ ਉਥੇ ਮਰ ਰਹੇ ਸਨ ਛਾਂ ਵਿਹੂਣੇ,
ਮੈਂ ਛਾਂ ਸੂਲਾਂ ਦੀ ਏਥੇ ਜਰ ਰਿਹਾ ਸਾਂ।

ਉਨ੍ਹਾਂ ਨੇ ਸਮਝਿਆ ਤਨ ਦੀ ਨੁਮਾਇਸ਼,
ਮੈਂ ਆਪਣੇ ਜ਼ਖ਼ਮ ਨੰਗੇ ਕਰ ਰਿਹਾ ਸਾਂ।

13. ਚੁੰਮਣ, ਗੁਲਾਬ, ਕਹਿਕਹਾ, ਜਾਂ ਕੋਈ ਹਾਦਸਾ ਹਾਂ ਮੈਂ।
ਨਿਤ ਨਵੇਂ ਮੌਸਮ ਆਪਣੀ ਮਿੱਟੀ 'ਚ ਬੀਜਦਾ ਹਾਂ ਮੈਂ।

ਮੇਰੇ ਪਾਣੀਆਂ ਨੂੰ ਬਣਾ ਦੇਵੇ ਜੋ ਨਿੱਘ ਦੀ ਨਦੀ
ਧੁੱਪ ਦੀ ਉਸ ਕਾਤਰ ਨੂੰ ਹੁਣ ਤਕ ਉਡੀਕਦਾ ਹਾਂ ਮੈਂ।

ਮੈਂ ਤਾਂ ਜਗਿਆ ਸਾਂ ਰਾਹਾਂ ਦੀ ਮਿੱਟੀ ਨੂੰ ਨੂਰ ਦੇਣ ਲਈ
ਕੀ ਹੋਇਆ ਜੇ ਉਨ੍ਹਾ ਲਈ ਕਬਰ ਦਾ ਦੀਵਾ ਹਾਂ ਮੈਂ।

ਲੰਘੇ ਜਿਨਾਂ ਤੋਂ ਕਾਫ਼ਲੇ ਸੂਹੀਆਂ ਸਵੇਰਾਂ ਦੇ,
ਅਜੇ ਵੀ ਬਿਰਖ਼ ਬਣ ਕੇ ਉਨ੍ਹਾਂ ਰਾਹਾਂ 'ਤੇ ਖੜ੍ਹਾ ਹਾਂ ਮੈਂ।

ਜਿਥੇ ਹੋਏ ਘਟਨਾ ਵੀ ਬਣ ਜਾਂਦੀ ਹੈ ਦੁਰਘਟਨਾ
ਇਕ ਅਜਿਹੇ ਬੇਨਕਸ਼ ਮੁਲਕ ਦਾ ਨਕਸ਼ਾ ਹਾਂ ਮੈਂ।

ਜੋ ਸਦਾ ਹੀ ਵੇਖਦੀ ਹੈ ਨਕਸ਼ ਤਿੜਕਦੇ ਮੇਰੇ
ਉਸੇ ਬੌਣੀ ਨਜ਼ਰ ਸਾਹਵੇਂ ਲਿਸ਼ਕਦਾ ਸ਼ੀਸ਼ਾ ਹਾਂ ਮੈਂ।

ਮੇਰੇ 'ਚ ਚੋਗ ਦੀ ਹਸਰਤ ਅਜੇ ਵੀ ਬਾਕੀ ਹੈ
ਹਿਜਰਤ ਕਰ ਗਏ ਪੰਛੀਆਂ ਦਾ ਆਲ੍ਹਣਾ ਹਾਂ ਮੈਂ।



ਕਹਾਣੀ

# ਫ਼ਾਸਲੇ

*—ਧਰਮਪਾਲ ਸਾਹਿਲ*

ਜੇਠ ਮਹੀਨੇ ਦਾ ਸੂਰਜ ਸਿਰ ਤੇ ਟਿਕਿਆ ਸੀ। ਕੁਸ਼ੱਲਿਆ ਨੂੰ ਸਾਹ ਚੜ੍ਹ ਗਿਆ ਸੀ। ਲਗਾਤਾਰ ਫੂਕਾਂ ਮਾਰਦੀ ਨੂੰ। ਪਰ ਅੱਗ ਸੀ ਕਿ ਬਲਣ ਦਾ ਨਾਂ ਨਹੀਂ ਸੀ ਲੈਂਦੀ ਪਈ। ਖਵਰੇ ਬਾਲਣ ਗਿੱਲਾ ਸੀ ਜਾਂ ਹੁਣ ਉਸ ਦੇ ਫੇਫੜੇ ਪੂਰੀ ਤਰ੍ਹਾਂ ਬਾਹਰ ਕੱਢਣ 'ਚ ਮਦਦ ਨਹੀਂ ਸਨ ਕਰ ਰਹੇ। ਧੂੰਏ ਕਰਕੇ ਪਾਣੀ ਅੱਖਾਂ ਤੋਂ ਸਿੰਮ ਕੇ ਚੇਹਰੇ ਦੀਆਂ ਝੁਰੜੀਆਂ 'ਚ ਗੁਆਚ ਗਿਆ ਸੀ। ਰਸੋਈ ਧੂੰਏ ਨਾਲ ਭਰੀ ਪਈ ਸੀ। ਕੋਈ ਰੋਸ਼ਨਦਾਨ ਨਾ ਹੋਣ ਕਰਕੇ, ਮਾੜਾ ਮਾੜਾ ਧੂੰਆਂ ਛੱਤ ਦੇ ਖਪਰੈਲਾਂ ਦੀ ਵਿਰਲ ਚੋਂ ਹੀ ਬਾਹਰ ਨਿਕਲ ਰਿਹਾ ਸੀ। ਕੁਸ਼ਲਿਆ ਦਾ ਸਾਹ ਇੱਕ ਵਾਰੀ ਫਿਰ ਪੂਰੇ ਜ਼ੋਰ ਨਾਲ ਫੂਕ ਮਾਰਕੇ ਤੇ ਵੀ ਜਦੋਂ ਅੱਗ ਨਹੀਂ ਬਲੀ ਤਾਂ ਉਹ ਖਿੱਝ ਪਈ ਤੇ ਭੂਕਨਾ ਉਥੇ ਹੀ ਪਟਕ ਕੇ ਬਾਹਰ ਖੁਲ੍ਹੀ ਹਵਾ 'ਚ ਅਟਲੀ ਤੇ ਆ ਕੇ ਬੈਠ ਗਈ ਤੇ ਸੌਖਾ-ਸੌਖਾ ਸਾਹ ਲੈਣ ਲੱਗੀ।

ਵਿਹੜੇ 'ਚ ਧਰੇਕ ਦੀ ਤਿੜਕੀ ਹੋਈ ਛਾਂ ਹੇਠਾਂ ਝੋਲੀ ਜਿਹੇ ਮੰਜੇ ਤੇ ਗੰਢ ਬਣ ਕੇ ਪਈ ਆਪਣੀ ਨਨਾਣ ਸ਼ਾਂਤੀ ਵੱਲ ਕੌਰੀ ਅੱਖ ਨਾਲ ਵੇਖਣ ਲੱਗ ਪਈ। ਮਾੜਾ ਜਿਹਾ ਹਵਾ ਦਾ ਬੁੱਲਾ ਆਇਆ। ਪਸੀਨਾ ਵਾਸ਼ਪ ਬਣ ਕੇ ਉਡਿਆ ਤਾਂ ਸਰੀਰ ਨੂੰ ਠੰਡਕ ਜਿਹੀ ਮਹਿਸੂਸ ਹੋਈ। ਕੁਸ਼ਲਿਆ ਮੁੜ ਰਸੋਈ 'ਚ ਜਾ ਕੇ ਅੱਗ ਬਾਲਣ ਦਾ ਹੌਸਲਾ ਜਿਹਾ ਇਕੱਠਾ ਕਰਨ ਲੱਗੀ। ਦੁਪਹਿਰ ਦੀ ਰੋਟੀ ਦਾ ਵੇਲਾ ਹੁੰਦਾ ਜਾਂਦਾ ਸੀ। ਤਦ ਨੂੰ ਉਸ ਦਾ ਪਤੀ ਬੰਸੀ ਕਮਰੇ 'ਚੋਂ ਬਾਹਰ ਆਇਆ। ਘੜਵੰਜੀ 'ਚ ਰੱਖੀ ਘੜੋਲੀ 'ਚ ਪਾਣੀ ਦਾ ਗਿਲਾਸ ਭਰਿਆ। ਜੇਬ 'ਚੋਂ ਇਕ ਗੋਲੀ ਕੱਢੀ ਤੇ ਧਰੇਕ ਦੀ ਛਾਂਵੇ ਪਈ ਭੈਣ ਸ਼ਾਂਤੀ ਵੱਲ ਹੋ ਗਿਆ।

"ਸ਼ਾਂਤੀਏ-ਸ਼ਾਂਤੀਏ ਚਲ ਉੱਠ ਕੇ ਦਵਾਈ ਖਾਈ ਲੈ.....।" ਬੰਸੀ ਨੇ ਆਵਾਜ਼ ਮਾਰੀ ਪਰ ਸ਼ਾਂਤੀ ਤਾਂ ਜਿਵੇਂ ਕਿਸੇ ਡੂੰਘੇ ਨਸ਼ੇ 'ਚ ਸੀ। ਤਿੰਨ-ਚਾਰ ਆਵਾਜ਼ਾਂ ਮਾਰਨ ਤੇ ਵੀ ਜਦੋਂ ਸ਼ਾਂਤੀ ਨੇ ਕੋਈ ਹਿਲਜੁਲ ਨਹੀਂ ਕੀਤੀ ਤਾਂ ਬੰਸੀ ਨੇ ਪਾਣੀ ਦਾ ਗਿਲਾਸ ਪਾਵੇ ਨੇੜੇ ਰੱਖਿਆ ਤੇ ਸ਼ਾਂਤੀ ਨੂੰ ਬਾਹੋਂ ਫੜ ਕੇ ਹਲੂਣਦਿਆਂ ਉਠਾ ਕੇ ਬਿਠਾ ਦਿੱਤਾ। ਤਿੰਨੂ ਸੁਣਦਾ ਨੀ, ਕਿੰਨੀਆਂ ਵਾਜਾਂ ਮਾਰੀਆਂ ਮੈਂ, ਦਵਾਈਏ ਦਾ ਟੈਮ ਹੋਈ ਗਿਆ। ਛੋੜ ਕਰ। ਗੋਲੀ ਖਾਈ ਲੈ।"

ਸ਼ਾਂਤੀ ਨੇ ਸੁਤ ਨੀਂਦੀ ਜਿਹੀ ਹਾਲਤ ਵਿਚ ਗੋਲੀ ਜੀਭ ਤੇ ਰੱਖੀ ਤੇ ਬੰਸੀ ਵਲੋਂ ਮੂੰਹ ਤੇ ਲਾਏ ਪਾਣੀ ਦੇ ਗਿਲਾਸ ਦਾ ਪਾਣੀ ਗਟ ਗਟ ਕਰਕੇ ਪੀਤਾ ਤੇ ਗੋਲੀ ਅੰਦਰ ਲੰਘ ਗਈ। ਬੰਸੀ ਨੇ ਸਹਾਰਾ ਦੇ ਕੇ ਉਸ ਨੂੰ ਮੁੜ ਲਿਟਾ ਦਿੱਤਾ।

ਅਟਲੀ ਤੇ ਬੈਠੀ ਕੁਸ਼ੱਲਿਆ ਦੁੱਪਟੇ ਨਾਲ ਹਵਾ ਕਰਦੀ ਸਾਰਾ ਕੁਝ ਬਹੁਤ ਹੀ ਨਫਰਤ ਭਰੀਆਂ ਨਜ਼ਰਾਂ ਨਾਲ ਵੇਖਦੀ ਪਈ ਸੀ। ਬੰਸੀ ਜੂਠਾ ਗਿਲਾਸ ਰਸੋਈ ਵਿਚ ਰੱਖਣ ਲਈ ਕੁਸ਼ਲਿਆ ਕੋਲੋਂ ਲੰਘਿਆ ਤਾਂ ਉਸ ਨੇ ਪੁਛ ਲਿਆ, "ਰੋਟੀ ਨੂੰ ਕਿੰਨੀ ਕੁ ਦੇਰ ਏ?" "ਮੈਤੋਂ ਨੀ ਪੱਥੀ ਹੁੰਦਾ ਸੱਥਰ, ਇਸ ਉਮਰੇ ਆਪਣੇ ਜੋਗੇ ਦੋ ਟੁੱਕ ਮੁਸ਼ਕਲਾਂ ਨਾਲ ਲਾਹੁਨੀ ਆਂ. ਹੁਣ ਇਕ ਇਹ ਲਈ ਔਂਦੀ ਏ ਮੇਰੇ ਸਿਰ ਤੇ। ਆਪ ਈ ਬਣਾਈ ਲਿਆ ਕਰ ਤੇ ਭੈਣ ਭਰਾ ਖਾਈ ਲਿਆ ਕਰੋ।" ਕੁਸ਼ਲਿਆ ਦੇ ਬੋਲਾਂ 'ਚੋਂ ਖਿਝ ਸਪਸ਼ਟ ਝਲਕਦੀ ਸੀ।

ਉਂਜ ਸ਼ਾਂਤੀ ਦੇ ਆਉਣ ਨਾਲ ਸਾਰੇ ਪ੍ਰੇਸ਼ਾਨ ਸਨ ਤੇ ਘਰ ਦੀ ਸ਼ਾਂਤੀ ਉਡ ਪੁਡ ਗਈ ਸੀ। ਸ਼ਾਂਤੀ ਆਈ ਕਿਥੇ ਸੀ। ਲਿਆਂਦੀ ਗਈ ਸੀ। ਮਜਬੂਰੀ ਵੱਸ। ਅੱਜ ਦੀ ਮਹਿੰਗਾਈ ਵਿਚ ਤਾਂ ਆਪਣਾ ਗੁਜ਼ਾਰਾ ਹੀ ਮਸਾਂ ਤੁਰਦਾ ਹੈ। ਇਸੇ ਬੀਮਾਰ ਨੂੰ ਆਪਣੇ ਘਰ ਬਿਠਾ ਕੇ ਖੁਆਉਣ ਤੇ ਇਲਾਜ ਕਰਾਉਣ ਦੀ ਹਿੰਮਤ ਤਾਂ ਕੋਈ ਬੰਸੀ ਵਰਗਾ ਵਿਰਲਾ ਹੀ ਕਰ ਸਕਦਾ ਹੈ। ਬੰਸੀ ਨੂੰ ਛੱਡ ਕੇ ਸ਼ਾਂਤੀ ਦਾ ਉਸ ਘਰ ਆਉਣਾ ਕਿਸੇ ਹੋਰ ਜੀ ਨੂੰ ਨਹੀਂ ਸੀ ਸੁਖਾਇਆ। ਸ਼ਾਂਤੀ ਨੂੰ ਲੈ ਕੇ ਕੁਸ਼ਲਿਆ ਅਕਸਰ ਬੰਸੀ ਨੂੰ ਝਈਂ ਲੈ-ਲੈ ਪੈਂਦੀ।

ਕੁਸ਼ੱਲਿਆ ਦੇ ਨਾਲ ਨਾਲ ਘਰ ਦੇ ਜੀਆਂ ਦੇ ਦਿਲ ਦਿਮਾਗ ਤੇ ਸ਼ਾਂਤੀ ਦੀ ਕੋਈ ਚੰਗੀ ਤਸਵੀਰ

ਨਹੀਂ ਸੀ ਉਕਰੀ ਹੋਈ। ਕੁਸ਼ੱਲਿਆ ਨੇ ਆਪਣੇ ਬੱਚਿਆਂ ਨੂੰ ਉਨ੍ਹਾਂ ਦੀ ਇਸ ਭੂਆ ਦੇ ਫਿਲਮੀ ਖਲਨਾਇਕਾਂ ਵਰਗੇ ਅਤਿਆਚਾਰ ਦੇ ਕਿੱਸੇ ਕਈ ਵਾਰੀ ਰੋ ਰੋ ਕੇ ਸੁਣਾਏ ਸਨ। ਬੇਸ਼ੱਕ ਇਨ੍ਹਾਂ ਗੱਲਾਂ ਦਾ ਬੰਸੀ ਤੇ, ਪੱਥਰ ਤੇ ਸੁੱਟੇ ਪਾਣੀ ਜਿਨਾ ਹੀ ਅਮਲ ਹੁੰਦਾ, ਪਰ ਮਾਂ ਕੋਲੋਂ ਉਸ ਤੇ ਹੁੰਦੇ ਜ਼ੁਲਮਾਂ ਦੀ ਦਾਸਤਾਨ ਸੁਣ ਕੇ ਬੱਚਿਆਂ ਅੰਦਰ ਭੂਆ ਪ੍ਰਤੀ ਘੋਰ ਨਫ਼ਰਤ ਪੈਦਾ ਹੋ ਜਾਂਦੀ। ਉਨ੍ਹਾਂ ਵਿਚ ਬਦਲਾ ਲੈਣ ਦੇ ਭਾਂਬੜ ਮੱਚ ਉਠਦੇ। ਕੁਸ਼ੱਲਿਆ ਪ੍ਰਤੀ ਆਪਣੇ ਪਿਉ ਦਾ ਗੈਰਾਂ ਵਰਗਾ ਵਿਵਹਾਰ ਵੇਖ ਕੇ ਉਨ੍ਹਾਂ ਨੂੰ ਬਹੁਤ ਗੁੱਸਾ ਆਉਂਦਾ ਤੇ ਬੰਸੀ ਵੀ ਉਨ੍ਹਾਂ ਦੀ ਘਿਰਣਾ ਦਾ ਪਾਤਰ ਬਣਦਾ ਜਾਂਦਾ ਸੀ।

ਕੁਸ਼ੱਲਿਆ ਸੌਖੇ ਘਰੋਂ ਸੀ। ਕਦੇ ਕਿਸੇ ਗੱਲ ਦੀ ਤੰਗੀ ਨਹੀਂ ਸੀ ਸਹਾਰੀ। ਪਿਤਾ ਦੀ ਦੁਕਾਨ ਚੰਗੀ ਚਲਦੀ ਸੀ। ਮੈਦਾਨੀ ਇਲਾਕਾ ਸੀ। ਵਿਹੜੇ 'ਚ ਖੂਹ ਸੀ। ਘਰ ਵਿੱਚ ਹੈਂਡ ਪੰਪ ਸੀ ਪਾਣੀ ਦੀ ਕਿੱਲਤ ਕਦੇ ਮਹਿਸੂਸ ਨਹੀਂ ਸੀ ਹੋਈ। ਪਰ ਇਸ ਪਹਾੜੀ ਪਿੰਡ 'ਚ ਵਿਆਹ ਹੋਣ ਮਗਰੋਂ ਉਸ ਦੀ ਜ਼ਿੰਦਗੀ ਇਕਦਮ ਬਦਲ ਗਈ ਸੀ। ਉਹ ਇਸ ਨਵੇਂ ਮਾਹੌਲ ਵਿਚ ਆਪਣੇ ਆਪਨੂੰ ਢਾਲਣ ਦੀ ਕੋਸ਼ਿਸ਼ ਕਰਦੀ ਪਈ ਸੀ। ਚਾਰ ਕਿਲੋਮੀਟਰ ਦੂਰੋਂ ਸਿਰ ਤੇ ਘੜਾ ਰੱਖਕੇ ਪਾਣੀ ਢੋਣਾ ਪੈਂਦਾ। ਨਾਲ ਮੈਲੇ ਕਪੜਿਆਂ ਦੀ ਪੰਡ ਲੈ ਜਾਣੀ। ਕਪੜੇ ਧੋਣੇ, ਸੁਕਾਣੇ, ਖੂਹ ਤੇ ਹੀ ਨਹਾਉਣਾ। ਪਥਰੀਲਾ ਕੱਚਾ ਤੇ ਸਿੱਧੀ ਚੜਾਈ ਵਾਲਾ ਰਸਤਾ ਸਿਰ ਤੇ ਭਾਰ ਚੁੱਕ ਕੇ ਚੜ੍ਹਦਿਆਂ ਬਸ ਹੋ ਜਾਂਦੀ ਜਾਂ ਫਿਰ ਬਰਸਾਤਾਂ ਦੇ ਦਿਨਾਂ ਵਿੱਚ ਟੀਨ ਦੀ ਛੱਤ ਨਾਲ ਲੱਗੇ ਪਰਨਾਲੇ ਦਾ ਪਾਣੀ ਟੈਂਕੀ 'ਚ ਇਕੱਠਾ ਕਰਕੇ ਉਸ ਨਾਲ ਹੀ ਕਪੜੇ ਧੋਣ ਤੇ ਨਹਾਉਣ ਧੋਣਾ। ਪੇਕਿਆਂ ਘਰ ਤਾਂ ਉਸ ਨੇ ਡੱਖਾ ਵੀ ਦੋਹਰਾ ਨਹੀਂ ਸੀ ਕੀਤਾ ਪਰ ਉੱਥੇ ਪੱਠੇ ਕੁੱਤਰਨੇ, ਗੋਹਾ-ਕੂੜਾ ਕਰਨਾ, ਖੇਤਾਂ 'ਚੋਂ ਘਾਹ ਖੋਤਨਾ, ਗੋਡੀ ਬੱਢੀ ਕਰਨੀ ਪੈ ਗਈ ਸੀ। ਪਛੜੇ ਇਲਾਕੇ ਤੇ ਪਛੜੀ ਸੋਚ ਵਾਲੇ ਲੋਕਾਂ 'ਚ ਰਹਿਣਾ ਪੈ ਰਿਹਾ ਸੀ। ਵੱਡਿਆਂ ਦੀ ਹਾਜ਼ਰੀ ਵਿਚ ਘੁੰਡ ਕੱਢਣਾ ਤੇ ਪਤੀ ਨਾਲ ਵੀ ਨੀ ਬੋਲਣਾ। ਵਹਿਮਾ-ਭਰਮਾਂ 'ਚ ਫਸੇ ਰਹਿਣਾ। ਕੁਸ਼ੱਲਿਆ ਮਨ ਹੀ ਮਨ ਵਿਚੋਲੇ ਨੂੰ ਪਾਣੀ ਪੀ ਪੀ ਗਾਲ੍ਹਾਂ ਕੱਢਦੀ ਜਿਸਨੇ ਉਸ ਦੇ ਪਿਉ ਨੂੰ ਝੂਠੇ ਸਬਜ਼ ਬਾਗ ਵਿਖਾ ਕੇ ਉਸ ਦੀ ਜ਼ਿੰਦਗੀ ਨਰਕ ਬਣਾ ਦਿੱਤੀ ਸੀ।

ਨਾਨਕੇ ਘਰ ਤੇ ਦਾਦਕੇ ਘਰ ਦੇ ਮਹੌਲ 'ਚ ਜ਼ਮੀਨ ਅਸਮਾਨ ਦਾ ਫਰਕ ਵੇਖ ਕੇ ਬੱਚਿਆ ਨੂੰ ਕੁਸ਼ੱਲਿਆ ਕਿਸੇ ਰਾਖਸ਼ਸ ਵਲੋਂ ਕੈਦ ਕੀਤੀ ਰਾਜਕੁਮਾਰੀ ਵਰਗੀ ਲਗਦੀ, ਜਿਸਨੇ ਹੁਣ ਕਿਸੇ ਰਾਜਕੁਮਾਰ ਵਲੋਂ ਆ ਕੇ ਉਸ ਨੂੰ ਕੈਦ 'ਚੋਂ ਛੁਡਾਉਣ ਦੀ ਆਸ ਛੱਡ ਦਿੱਤੀ ਸੀ। ਉਹ ਡਾਢੀ ਦੁਖੀ ਹੋ ਕੇ ਕਹਿੰਦੀ, "ਉਸ ਰੱਬ ਦੇ ਘਰ ਵੀ ਥਾਂ ਹਈ ਨੀ ਮੇਰੇ ਜੋਗੀ..... ਬਸ ਇਨ੍ਹਾਂ ਬੋਟਾਂ ਕਰਕੇ ਇਹ ਸਭ ਸਹਾਰੀ ਜਾਨੀ ਆਂ, ਨੀ ਤਾਂ ਮੈਂ ਕਿਸੇ ਖੂਹੇ 'ਚ ਛਾਲ ਮਾਰੀ ਕੇ ਕਧਾੜੀ ਦੀ ਇਸ ਕੱਦੇ ਤੋਂ ਅਜ਼ਾਦ ਹੋਈ ਗਈ ਹੁੰਦੀ।"

ਕੁਸ਼ੱਲਿਆ ਵਲੋਂ ਸ਼ਾਂਤੀ ਦੇ ਕਹਿਰ ਦੇ ਸੁਣਾਏ ਕਿੱਸੇ ਬੱਚਿਆਂ ਦੇ ਜ਼ਿਹਨ 'ਚ ਵਾਵਰੋਲਿਆਂ ਵਾਂਗ ਘੁੰਮਦੇ। ਸ਼ਾਂਤੀ ਘਰ 'ਚ ਸਾਰਿਆਂ ਤੋਂ ਛੋਟੀ ਤੇ ਸਭ ਤੋਂ ਵੱਧ ਲਾਡਲੀ ਹੋਣ ਕਰਕੇ ਸਿਰ ਚੜ੍ਹੀ ਸੀ। ਪੜ੍ਹੀ ਭਾਵੇਂ ਦੋ ਚਾਰ ਜਮਾਤਾਂ ਹੀ ਸੀ ਪਰ ਸੀ ਦਿਮਾਗ ਦੀ ਤੇਜ਼ ਤੇ ਸ਼ਕਲੋਂ ਸੂਰਤੋਂ ਸੋਹਣੀ। ਘਰ 'ਚ ਸਾਰਿਆਂ ਤੋਂ ਆਪਣੀ ਗੱਲ ਮਨਾ ਲੈਣ ਦਾ ਢੰਗ ਉਸ ਪਾਸ ਸੀ ਜਾਂ ਕਹਿ ਲਵੋ ਉਸ ਦੀ ਜ਼ਿੱਦ ਅੱਗੇ ਸਾਰਿਆਂ ਨੂੰ ਝੁਕਣਾ ਹੀ ਪੈ ਜਾਂਦਾ। ਗਲਤ ਹੁੰਦਿਆ ਹੋਇਆਂ ਵੀ ਆਪਣੇ ਆਪ ਨੂੰ ਸੱਚਾ ਸਾਬਿਤ ਕਰਨ ਦਾ ਹੁਨਰ ਜਾਣਦੀ ਸੀ। ਆਪਣੇ ਆਪ ਨੂੰ ਚੰਗਾ ਤੇ ਦੂਸਰੇ ਨੂੰ ਮਾੜਾ ਸਿੱਧ ਕਰਨ 'ਚ ਮਾਹਿਰ ਸੀ। ਬੰਸੀ ਫੌਜ ਵਿੱਚ ਸੀ। ਇਸ ਲਈ ਕੁਸ਼ੱਲਿਆ ਸਹੁਰਿਆਂ ਘਰ ਪਿੰਡ 'ਚ ਹੀ ਰਹਿੰਦੀ। ਭਾਈਆ (ਸਹੁਰਾ) ਤੇ ਵੱਡੀ ਬੀਬੀ (ਸੱਸ) ਸਿਹਤਮੰਦ ਸਨ। ਨਨਾਣ-ਭਰਜਾਈ ਇਕੱਠੀਆਂ ਖੇਤਾਂ 'ਚ ਘਾਹ ਖੋਤਣ ਜਾਂਦੀਆਂ। ਸ਼ੁਰੂ ਸ਼ੁਰੂ 'ਚ ਨਨਾਣ ਭਰਜਾਈ ਇਕ ਦੂਸਰੇ ਦਾ ਵਸਾਹ ਨਾ ਖਾਂਦੀਆਂ। ਖੇਤਾਂ ਦੇ ਮਾਲਕਾਂ ਦਾ ਜਵਾਨ ਜਗਤਾ ਅਕਸਰ ਉਦੋਂ ਹੀ ਖੇਤਾਂ 'ਚ ਗੇੜਾ ਮਾਰਦਾ ਜਦੋਂ ਉਹ ਦੋਵੇਂ ਘਾਹ-ਖੋਤਣ ਆਈਆਂ ਹੁੰਦੀਆਂ। ਸ਼ਾਂਤੀ ਸਭ ਕੁਝ ਭੁੱਲ ਕੇ ਜਗਤੇ ਨਾਲ ਗੱਲੀਂ ਪੈ ਜਾਂਦੀ। ਕੁਸ਼ਲਿਆ ਨੂੰ ਇਕੱਲੀ ਛੱਡ ਕੇ ਉਹ ਗੱਲਾਂ ਕਰਦੇ ਕਰਦੇ ਹੇਠਾਂ ਝਿਗਲੇ ਖੇਤਾਂ ਵੱਲ ਚਲੇ ਜਾਂਦੇ। ਫਿਰ ਡਾਢੀ ਉਡੀਕ ਮਗਰੋਂ ਸ਼ਾਂਤੀ ਪਰਤਦੀ। ਕੁਸ਼ਲਿਆ ਨੂੰ ਦਾਲ ਵਿਚ ਕਾਲਾ ਸਾਫ਼ ਨਜ਼ਰ ਆਉਂਦਾ ਪਿਆ ਸੀ। ਉਸ ਨੇ ਇਕ ਦੋ ਵਾਰੀ ਅਸਿੱਧੇ ਢੰਗ ਨਾਲ ਸ਼ਾਂਤੀ ਨੂੰ ਸਮਝਾਉਣ ਦੀ ਕੋਸ਼ਿਸ਼ ਵੀ ਕੀਤੀ ਪਰ ਸ਼ਾਂਤੀ ਬੜੀ ਚੁਸਤੀ ਨਾਲ ਟਾਲਦਿਆਂ ਮੁਕਰ ਗਈ ਸੀ।

ਫਿਰ ਇਕ ਦਿਨ ਕੁਸਲਿਆ ਵੀ ਉਨ੍ਹਾਂ ਦੋਹਾਂ ਦੀ ਪੈੜਿਆਂ ਪੱਬੀ ਪੈਰ ਨਪਦੀ ਝਿਗਲੇ ਖੇਤ ਦੀ ਆਦਮ-ਕਦ ਮੱਕੀ ਅੰਦਰ ਗੁਆਚੇ ਸ਼ਾਂਤੀ ਤੇ ਜਗਤੇ ਦੀ ਸੂਹ ਲੈਣ ਆ ਗਈ ਸੀ। ਤੇ ਫਿਰ ਪ੍ਰਤਖ ਨੂੰ ਪ੍ਰਮਾਣ ਦੀ ਲੋੜ ਨਹੀਂ ਸੀ ਰਹਿ ਗਈ। ਕੁਸ਼ਲਿਆ ਨੇ ਸ਼ਾਂਤੀ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ, ਘਰ ਦੀ ਇੱਜ਼ਤ ਦਾ ਵਾਸਤਾ ਪਾਇਆ, ਪਰ ਸ਼ਾਂਤੀ ਤੇ ਕੋਈ ਅਸਰ ਨਹੀਂ ਸੀ ਹੁੰਦਾ ਜਾਪਦਾ। ਆਖਿਰ ਪਾਣੀ ਸਿਰ ਤੋਂ ਦੀ ਲੰਘਦਾ ਵੇਖ ਕੁਸ਼ਲਿਆ ਨੇ ਵੱਡੀ ਬੀਬੀ ਨੂੰ ਤੇ ਵੱਡੀ ਬੀਬੀ ਨੇ ਭਾਈਏ ਹੁਰਾਂ ਨੂੰ ਸ਼ਾਂਤੀ ਦੀਆਂ ਕਰਤੂਤਾਂ ਤੇ ਚਾਨਣਾ ਪਾਇਆ ਤਾਂ ਸ਼ਿਕੰਜਾ ਕੱਸਿਆ ਗਿਆ ਪਰ ਨਾਲ ਹੀ ਮੁੱਢ ਰੱਖਿਆ ਗਿਆ ਸੀ, ਕੁਸ਼ਲਿਆ ਤੇ ਸ਼ਾਂਤੀ ਦੀ ਦੁਸ਼ਮਣੀ ਦਾ। ਇੱਕ ਠੰਡੀ ਜੰਗ ਉਨ੍ਹਾਂ ਵਿਚਾਲੇ ਸ਼ੁਰੂ ਹੋ ਗਈ ਸੀ।

ਸ਼ਾਂਤੀ ਲਈ ਝਟਪਟ ਮੁੰਡਾ ਟੋਲ ਕੇ ਹੱਥ ਪੀਲੇ ਕਰ ਦੇਣ ਲਈ ਦਿਨ ਰਾਤ ਇਕ ਕੀਤਾ ਜਾਣ ਲੱਗ ਪਿਆ। ਪਰ ਜਦੋਂ ਬੰਸੀ ਛੁੱਟੀ ਆਉਂਦਾ। ਸ਼ਾਂਤੀ, ਕੁਸ਼ਲਿਆ ਖਿਲਾਫ ਵੀਰ ਦੇ ਕੰਨ ਭਰਨੇ ਸ਼ੁਰੂ ਕਰ ਦਿੰਦੀ। ਪਤਾ ਨਹੀਂ ਫੌਜੀਆਂ ਦੇ ਦਿਮਾਗ ਫਰੀਜ਼ ਕਰ ਦਿੱਤੇ ਗਏ ਹੁੰਦੇ ਨੇ ਜਾਂ ਅਫ਼ਸਰਾਂ ਦੇ ਹੁਕਮ ਮੰਨਦੇ-ਮੰਨਦੇ ਉਹ ਲਾਈ ਲੱਗ ਹੋ ਜਾਂਦੇ ਨੇ, ਜਾਂ ਸ਼ਾਂਤੀ ਨਾਲ ਵੱਧ ਪਿਆਰ ਦਾ ਪ੍ਰਭਾਵ ਸੀ, ਬੰਸੀ, ਸ਼ਾਂਤੀ ਦੀ ਹਰ ਗੱਲ ਅੱਖਾਂ ਮੀਟ ਕੇ ਮੰਨ ਲੈਂਦਾ।

"ਭਾਬੀ, ਪਿੰਡ ਦੇ ਫਲਾਂ-ਫਲਾਂ ਆਦਮੀ ਨਾਲ ਹੱਸ-ਹੱਸ ਗੱਲਾਂ ਕਰਦੀ ਏ। ਭਾਈਏ ਤੇ ਬੀਬੀ ਦੀ ਭੋਰਾ ਪਰਵਾਹ ਨਹੀਂ ਕਰਦੀ। ਗੱਲ-ਗੱਲ ਤੇ ਟਕੇ ਜਿਹਾ ਜਵਾਬ ਦਿੰਦੀ ਏ। ਤੁਹਾਡੇ ਮਗਰੋਂ ਡੱਖਾ ਨੀ ਤੋੜਦੀ-ਤੁਹਾਡੇ ਸਾਹਮਣੇ ਜਿੰਨੀ ਭੋਲੀ ਤੇ ਕਮਾਊ ਬਣ ਕੇ ਰਹਿੰਦੀ ਏ, ਪਿਛਿਉਂ ਉਂਨੀ ਮਾੜੀ ਹੋ ਜਾਂਦੀ ਏ.....।" ਬੰਸੀ ਬਿਨਾਂ ਬੀਬੀ ਤੇ ਭਾਈਏ ਤੋਂ ਸ਼ਾਂਤੀ ਦੀਆਂ ਗੱਲਾਂ ਤਸਦੀਕ ਕੀਤਿਆਂ ਬਹਾਨਾ ਮਿਲਦਿਆਂ ਹੀ ਕੁਸ਼ਲਿਆ ਦੇ ਹੱਡ ਭੰਨ ਸੁਟਦਾ। ਕੁਸ਼ਲਿਆ, ਸ਼ਾਂਤੀ ਨੂੰ ਢੇਰ ਸਾਰੀਆਂ ਬਦਦੁਆਵਾਂ ਦਿੰਦੀ, "ਸ਼ਾਂਤੀਏ, ਤੇਰੀ ਚੁਗ਼ਲ ਖੋਰੀ ਤੇ ਲੂਤੀਆ ਲੈਣ ਦੀ ਆਦਤ ਨੇ ਤਿਨੂੰ ਕਿਸੇ ਥਾਂ ਵਸਣ ਜੋਗੀ ਨੀ ਰਹਿਣ ਦੇਣਾ-ਤੂੰ ਸਾਰੇ ਜਹਾਨ ਦੀਏ ਝੂਠੀਏ-ਮੇਰੇ ਤੇ ਜ਼ੁਲਮ ਕਰਾਉਣ ਵਾਲੀਏ। ਤੈਨੂੰ ਕਿਸੇ ਨੇ ਪਾਣੀ ਤਾਂ ਕੀ, ਜ਼ਹਿਰ ਦੇਣ ਦਾ ਰਹਿਮ ਵੀ ਨਹੀਂ ਕਰਨਾ-ਦਿੱਖੀ ਲਈਂ।"

ਫਿਰ ਛੇਤੀ ਹੀ ਸ਼ਾਂਤੀ ਵਿਆਹ ਦਿੱਤੀ ਗਈ ਸੀ। ਕੁਸ਼ੱਲਿਆ ਨੇ ਸੁੱਖ ਦਾ ਸਾਹ ਲਿਆ ਸੀ। ਪਰ ਇਹ ਸੁੱਖ ਭੋਗਣਾ, ਬਹੁਤ ਦੇਰ ਉਸ ਦੀ ਕਿਸਮਤ ਵਿਚ ਨਹੀਂ ਸੀ। ਵਿਆਹ ਮਗਰੋਂ ਸ਼ਾਂਤੀ ਨੇ ਆਪਣੇ ਜਲਵੇ ਸਹੁਰਿਆਂ ਘਰ ਵੀ ਵਿਖਾਲਣੇ ਸ਼ੁਰੂ ਕਰ ਦਿੱਤੇ ਸਨ। ਪੜ੍ਹੀ ਭਾਵੇਂ ਉਹ ਦੋ-ਤਿੰਨ ਜਮਾਤਾਂ ਹੀ ਸੀ ਪਰ ਦਿਮਾਗ ਤੇਜ਼ ਸੀ ਤੇ ਉਹ ਵੀ ਸ਼ਰਾਰਤਾਂ ਤੇ ਚਲਾਕੀਆਂ ਤੇ ਖ਼ਰਚ ਕਰਦੀ। ਗੱਲ-ਗੱਲ ਤੇ ਝੂਠ ਬੋਲਣਾ, ਮਰਦਾਂ ਨੂੰ ਆਪਣੇ ਰੂਪ ਜਾਲ ਵਿਚ ਫਸਾਉਣ ਦੀ ਕੋਸ਼ਿਸ਼ ਕਰਨੀ, ਇਹ ਸਭ ਉਸ ਦੇ ਪਤੀ ਨੂੰ ਤਾਂ ਕੀ ਕਿਸੇ ਵੀ ਮਰਦ ਨੂੰ ਸ਼ਾਇਦ ਹੀ ਪਸੰਦ ਹੋਵੇ। ਕੁਸ਼ੱਲਿਆ ਨੂੰ ਇਨਾ ਗੱਲਾਂ ਬਾਰੇ ਕੋਈ ਸ਼ੱਕ ਨਹੀਂ ਸੀ, ਪਰ ਬੀਬੀ ਤੇ ਭਾਈਆ ਆਪਣਾ ਭਾਂਡਾ ਸਲਾਹੁੰਦੇ ਨਾ ਰੱਜਦੇ ਤੇ ਸ਼ਾਂਤੀ ਵਾਂਗ ਉਸ ਦੇ ਪਤੀ ਤੇ ਸਹੁਰਿਆਂ ਨੂੰ ਹੀ ਕਸੂਰਵਾਰ ਗਰਦਾਨਦੇ। ਸ਼ਾਂਤੀ ਦਾ ਹੀ ਪੱਖ ਪੂਰਦੇ। ਫਿਰ ਸ਼ਾਂਤੀ ਨੂੰ ਬਿਲਕੁਲ ਨਿਰਦੋਸ਼ ਤੇ ਉਸ ਦੇ ਪਤੀ ਨੂੰ ਹੀ ਦੋਸ਼ੀ ਠਹਿਰਾਉਣ ਤੇ ਉਹ ਸਾਰੇ ਸ਼ਾਂਤੀ ਦੇ ਨਾਲ-ਨਾਲ ਉਸ ਦੇ ਪਿਉ ਤੇ ਭਰਾਵਾਂ ਨਾਲ ਵੀ ਨਾਰਾਜ਼ ਹੋ ਗਏ ਸਨ ਤੇ ਫਿਰ ਇਕ ਦਿਨ ਸ਼ਾਂਤੀ ਦਾ ਪਤੀ ਉਸ ਨੂੰ ਨਾਲ ਲੈ ਕੇ ਆਇਆ।

"ਪੈਲ੍ਹਾਂ ਆਪਣੀ ਧੀ ਦੀਆਂ ਆਦਤਾਂ ਸੁਧਾਰੀ ਲੱਗੋ, ਫਿਰ ਮੈਂ ਲਈ ਜਾਂਗਾ ਇਨੂੰ।' ਦੋ ਟੁੱਕ ਫੈਸਲਾ ਸੁਣਾ ਕੇ ਉਹ ਸ਼ਾਂਤੀ ਨੂੰ ਪੇਕਿਆਂ ਦੇ ਛੱਡ ਗਿਆ ਸੀ।

ਨਵੀਂ ਵਿਆਹੀ ਸ਼ਾਂਤੀ ਦਾ ਇੰਝ ਪੇਕਿਆਂ ਘਰ ਆ ਕੇ ਬੈਠ ਜਾਣਾ ਕਿਸੇ ਨੂੰ ਵੀ ਚੰਗਾ ਨਹੀਂ ਸੀ ਲੱਗਾ। ਭਾਈਆ ਤੇ ਵੱਡੀ ਬੀਬੀ, ਘਰ ਆਏ ਜਵਾਈ-ਭਾਈ ਦੀ ਬੇਇੱਜ਼ਤੀ ਕਰਕੇ ਪਛਤਾਉਂਦੇ ਸਨ। ਤੱਤੇ ਘਾਹ ਉਨ੍ਹਾਂ ਜਵਾਈ ਦੀਆਂ ਗੱਲਾਂ ਨੂੰ, ਮੌਹ ਵੱਸ ਗੌਲਿਆ ਨਹੀਂ ਸੀ, ਪਰ ਠੰਡੇ ਦਿਮਾਗ ਨਾਲ ਸੋਚਣ ਤੇ ਉਹ ਸ਼ਾਂਤੀ ਦੇ ਭਵਿੱਖ ਪ੍ਰਤੀ ਫਿਕਰਮੰਦ ਹੋ ਗਏ ਸਨ। ਇਸ ਲਈ ਉਹ ਪਿੰਡ ਦੇ ਕੁਝ ਪਤਵੰਤਿਆਂ ਤੇ

ਰਿਸ਼ਤੇਦਾਰਾਂ ਨੂੰ ਨਾਲ ਲੈ ਕੇ ਸ਼ਾਂਤੀ ਦੇ ਸਹੁਰਿਆਂ ਘਰ ਗਏ। ਦੋਹਾਂ ਵਿਚਾਲੇ ਪੈਦਾ ਹੋਈਆਂ ਗਲਤ ਫਹਿਮੀਆਂ ਤੇ ਵਿਚਾਰ ਚਰਚਾ ਕੀਤੀ। ਪਿਛਲੀਆਂ ਗੱਲਾਂ ਤੇ ਮਿੱਟੀ ਪਾ ਕੇ ਮੁੜ ਨਵੇਂ ਸਿਰਿਉਂ ਜ਼ਿੰਦਗੀ ਸ਼ੁਰੂ ਕਰਨ ਲਈ ਨਵੇਂ ਸਮਝੌਤੇ ਕੀਤੇ ਗਏ ਸਨ ਅਤੇ ਸ਼ਾਂਤੀ ਨੂੰ ਸਹੁਰਿਆਂ ਘਰ ਛੱਡ ਆਏ ਸਨ।

ਰਿਸ਼ਤਿਆਂ ਦੇ ਟੁੱਟੇ ਧਾਗਿਆਂ 'ਚ ਜੁੜ ਕੇ ਵੀ ਗੰਢ ਪੈ ਗਈ ਸੀ। ਜਿਹੜੀ ਸ਼ਾਂਤੀ ਦੇ ਆਪ ਮੁਹਾਰੇਪਣ ਤੇ ਉਸ ਦੇ ਪਤੀ ਦੀ ਹਉਮੈਂ ਕਾਰਣ ਹੋਰ ਪੀਡੀ ਹੁੰਦੀ ਗਈ ਸੀ। ਉਹ ਸਮਝੌਤੇ ਦੀਆਂ ਸ਼ਰਤਾਂ ਤੇ ਬਹੁਤੀ ਦੇਰ ਪਹਿਰਾ ਨਹੀਂ ਦੇ ਸਕੇ। ਦੋਹਾਂ ਵਿਚਾਲੇ ਨਫ਼ਰਤ ਦਾ ਬੂਟਾ ਨਿੱਤ ਦੀ ਤੂੰ-ਤੂੰ, ਮੈਂ-ਮੈਂ ਦੀ ਖਾਦ ਨਾਲ ਤੇਜ਼ੀ ਨਾਲ ਪਲਰਨ ਲੱਗਾ। ਇਸ ਵਾਰੀ ਇਸ ਬੂਟੇ ਦੀਆਂ ਜੜ੍ਹਾਂ ਉਨ੍ਹਾਂ ਦੇ ਦਿਲ-ਦਿਮਾਗ ਵਿਚ ਬਹੁਤ ਡੂੰਘਿਆਈ ਤੱਕ ਫੈਲ ਗਈਆਂ ਸਨ ਕਿ ਉਨ੍ਹਾਂ ਨੂੰ ਪੁੱਟ ਸੁੱਟਣਾ ਅਸੰਭਵ ਹੋ ਗਿਆ ਸੀ। ਫਿਰ ਇਕ ਦਿਨ ਆਪਣੀ ਜ਼ੁਬਾਨ ਜ਼ੋਰੀ ਤੇ ਪੁਰਸਕਾਰ ਵਿੱਚ ਪਤੀ ਤੋਂ ਹੱਡ ਭੰਨਵਾ ਕੇ ਸ਼ਾਂਤੀ ਉਸ ਦੀ ਗ਼ੈਰ ਹਾਜ਼ਰੀ ਵਿਚ ਆਪਣੀ ਨਕਦੀ-ਗਹਿਣੇ ਸਮੇਟ ਕੇ ਪੇਕਿਆਂ ਘਰ ਆ ਵਿਰਾਜੀ ਸੀ ਤੇ ਮੁੜ ਉਧਰ ਨਾ ਜਾਣ ਦਾ ਇਲਾਹੀ ਹੁਕਮ ਸੁਣਾ ਦਿੱਤਾ ਸੀ।

ਸ਼ਾਂਤੀ ਦਾ ਵਿਵਹਾਰ ਬਹੁਤ ਖੂੰਖਾਰ ਹੋ ਗਿਆ ਸੀ। ਘਰ ਦੀ ਮੁਖਤਾਰੀ ਉਸ ਨੇ ਸਾਂਭ ਲਈ ਸੀ। ਪੱਤਾ ਵੀ ਇਸ ਦੀ ਇਜਾਜ਼ਤ ਤੋਂ ਬਿਨਾਂ ਨਾ ਹਿਲਦਾ। ਕੁਸ਼ੱਲਿਆ ਤੇ ਨੌਕਰਾਣੀ ਵਾਂਗ ਹੁਕਮ ਚਲਾਉਂਦੀ। ਸ਼ਾਂਤੀ ਦੇ ਕੁਰਖ਼ਤ ਵਿਵਹਾਰ ਦਾ ਸ਼ਿਕਾਰ ਸਭ ਤੋਂ ਵੱਧ ਕੁਸ਼ੱਲਿਆ ਨੂੰ ਹੋਣਾ ਪੈ ਰਿਹਾ ਸੀ।

ਫਿਰ ਲੋਕਾਂ ਦੀ ਜ਼ਬਾਨੀ ਸੁਣਿਆ ਸੀ ਕਿ ਸ਼ਾਂਤੀ ਦੇ ਇਸ ਤਰ੍ਹਾਂ ਪਰਤ ਆਉਣ ਮਗਰੋਂ ਉਸ ਦਾ ਪਤੀ ਹਰ ਸਮੇਂ ਸ਼ਰਾਬ ਤੇ ਹੋਰ ਨਸ਼ਿਆਂ ਦਾ ਆਦੀ ਹੋ ਗਿਆ ਸੀ। ਕੰਮ-ਕਾਜ ਤੋਂ ਹੱਟ ਗਿਆ ਸੀ। ਨਸ਼ੇ ਦੀ ਹਾਲਤ ਵਿਚ ਸੜਕਾਂ ਬਜ਼ਾਰਾਂ ਵਿੱਚ ਭਟਕਦਾ ਰਹਿੰਦਾ। ਪ੍ਰਾਈਵੇਟ ਨੌਕਰੀ ਤੋਂ ਜਵਾਬ ਹੋ ਗਿਆ ਸੀ। ਪਾਗਲਪੁਣੇ ਦੇ ਦੌਰੇ ਵੀ ਪੈਣ ਲਗ ਪਏ ਸਨ ਤੇ ਇਕ ਦਿਨ ਐਕਸੀਡੈਂਟ ਵਿਚ ਹੋਈ ਮੌਤ ਦੀ ਖ਼ਬਰ ਨੇ ਸ਼ਾਂਤੀ ਦੇ ਮੱਥੇ ਤੇ ਵਿਧਵਾ ਹੋਣ ਦਾ ਟਿੱਕਾ ਲਾ ਦਿੱਤਾ ਸੀ। ਆਮ ਲੋਕੀ ਇਸ ਮੌਤ ਲਈ ਸ਼ਾਂਤੀ ਨੂੰ ਜ਼ਿੰਮੇਦਾਰ ਠਹਿਰਾਉਂਦੇ ਸਨ। ਸ਼ਾਂਤੀ ਬਹੁਤੀ ਵਿਚਲਿਤ ਨਹੀਂ ਸੀ ਹੋਈ। ਕੁਝ ਦਿਨ ਗੁੰਮ ਸੁੰਮ ਰਹੀ। ਜਗਤੇ ਦੀਆਂ ਬਾਹਾਂ ਦਾ ਆਸਰਾ ਉਸ ਨੂੰ ਮਿਲ ਰਿਹਾ ਸੀ। ਕੁਸ਼ੱਲਿਆ ਨੇ ਸਭ ਕੁਝ ਵੇਖਦਿਆਂ-ਸੁਣਦਿਆਂ ਇਸ ਗੱਲੋਂ ਅੱਖਾਂ ਮੀਟ ਲਈਆਂ ਸਨ।

ਕੁਸ਼ੱਲਿਆ ਦਾ ਜੇਠ ਮੁਲਖਰਾਜ ਸ਼ਿਮਲੇ ਰਹਿੰਦਾ ਸੀ। ਪਰਿਵਾਰ ਸਮੇਤ ਉੱਥੇ ਹੀ ਕੋਠੀ ਪਾ ਲਈ ਸੀ ਤੇ ਇਕਲੌਤਾ ਦਿਉਰ ਬਿਸ਼ਨਾ ਲਖਨਊ। ਦੋਵੇਂ ਚੰਗੀਆਂ ਨੌਕਰੀਆਂ ਤੇ ਸਨ। ਖ਼ਰੀ ਆਮਦਨ। ਬੱਚਿਆਂ ਨੂੰ ਵਧੀਆ ਸਿੱਖਿਆ ਦੇ ਰਹੇ ਸਨ।

ਗਰਮੀ-ਸਰਦੀ ਦੀਆਂ ਛੁਟੀਆਂ ਪੈਂਦੀਆਂ ਤਾਂ ਉਨ੍ਹਾਂ ਦੇ ਬੱਚੇ ਪਿੰਡ ਘੁੰਮਣ ਫਿਰਨ ਲਈ ਆਉਂਦੇ। ਭਾਈਆ ਤੇ ਸ਼ਾਂਤੀ ਉਨ੍ਹਾਂ ਨੂੰ ਚੱਟਦੇ-ਚੁੰਮਦੇ ਸਾਹ ਨਾ ਲੈਂਦੇ। ਅੰਗਰੇਜ਼ੀ ਸਕੂਲਾਂ 'ਚ ਪੜ੍ਹਦੇ ਗੋਲ ਮਟੋਲ ਸੁਹਣੇ ਸਾਫ-ਸੁਥਰੇ ਬੱਚਿਆਂ ਨੂੰ ਘੁੱਟ ਘੁੱਟ ਪਿਆਰਦੇ। ਸ਼ਹਿਰ ਦੀਆਂ ਗੱਲਾਂ ਪੁਛਦੇ, ਫਿਲਮੀ ਗੀਤ ਸੁਣਦੇ, ਡਾਂਸ ਵੇਖਦੇ। ਇਧਰ ਕੁਸ਼ੱਲਿਆ ਦੇ ਪਿੰਡ ਦੇ ਤੱਪੜ ਮਾਰਕਾ ਸਰਕਾਰੀ ਸਕੂਲ 'ਚ ਲੁੱਡੀ ਵਜਾ ਮਿੱਟੀ ਘੱਟੇ 'ਚ ਖੇਡ ਕੇ ਘਰ ਆਉਂਦੇ ਬੱਚੇ ਡੈਂਬਰੀਆਂ ਅੱਖਾਂ ਨਾਲ ਉਨ੍ਹਾਂ ਸ਼ਹਿਰੋਂ ਆਏ ਆਪਣੇ ਖਡੌਣਿਆਂ ਵਰਗੇ ਭਰਾਵਾਂ-ਭੈਣਾਂ ਨੂੰ ਦੂਰ—ਖੜ੍ਹੇ ਕੇ ਵੇਖਦੇ ਜਿਹੜੇ ਉਨ੍ਹਾਂ ਦੇ ਮੈਲੇ-ਕੁਚੈਲੇ ਕਪੜਿਆਂ ਤੇ ਮਿੱਟੀ ਲਿਬੜੇ ਗੰਦੇ ਸਰੀਰ ਤੋਂ ਨਫਰਤ ਕਰਦੇ। ਜਿੰਨੇ ਦਿਨ ਉਹ ਲੋਕ ਪਿੰਡ ਵਿੱਚ ਰਹਿੰਦੇ, ਉਨ੍ਹਾਂ ਦੀ ਸੇਵਾ ਟਹਿਲ ਵਿਚ ਕੋਈ ਕਸਰ ਨਾ ਛੱਡੀ ਜਾਂਦੀ। ਉਹ ਵੀ ਤਾਂ ਸ਼ਹਿਰੋਂ ਆਉਣ ਲੱਗਿਆਂ ਭਾਈਆ, ਵੱਡੀ ਬੀਬੀ ਤੇ ਸ਼ਾਂਤੀ ਲਈ ਸੂਟ, ਸ਼ਾਲ ਜੁੱਤੀਆਂ, ਮਿਠਾਈ ਤੇ ਹੋਰ ਨਿਕਸੁੱਕ ਲੈਂਦੇ ਆਉਂਦੇ। ਕੁਸ਼ੱਲਿਆ ਤੇ ਉਸ ਦੇ ਬੱਚੇ ਉਨ੍ਹਾਂ ਦੀ ਖਿਦਮਤ ਵਿੱਚ ਦਿਨ ਰਾਤ ਇੱਕ ਕਰ ਦਿੰਦੇ।

ਬੰਸੀ ਮਹੀਨੇ ਦੀ ਛੁੱਟੀ ਆਉਂਦਾ ਪਰ ਉਦੋਂ ਜਦੋਂ ਪਿੰਡ ਕੋਈ ਨਾ ਕੋਈ ਕੰਮ ਹੁੰਦਾ। ਠੇਕੇ ਤੇ ਲਈ ਜ਼ਮੀਨ 'ਚ ਫਸਲ ਬੀਜਣੀ ਹੁੰਦੀ ਜਾਂ ਵਾਢੀ ਹੁੰਦੀ। ਦੋ ਮਹੀਨੇ ਮਿੱਟੀ ਨਾਲ ਮਿੱਟੀ ਹੋਇਆ ਰਹਿੰਦਾ ਜਾਂ



ਫਿਰ ਭਾਈਏ ਵੱਲੋਂ ਖੇਤਾਂ ਦੇ ਬੰਨਿਆਂ ਨੂੰ ਲੈ ਕੇ ਚਲਾਏ ਮੁਕੱਦਮਿਆਂ ਦੀਆਂ ਤਰੀਕਾਂ ਭੁਗਤਣ ਲਈ ਉਹ ਉਚੇਚੇ ਤੌਰ ਤੇ ਆਉਂਦਾ। ਕੁਸ਼ੱਲਿਆ ਨੂੰ ਉਸਨੇ ਖਾਸ ਤੌਰ ਤੇ ਭਾਈਏ ਤੇ ਵੱਡੀ ਬੀਬੀ ਦੀ ਸੇਵਾ ਤੇ ਘਰ ਦੇ ਕੰਮ ਹੱਥ ਉਸਨੇ ਵਟਾਉਣ ਲਈ ਛੱਡਿਆ ਹੋਇਆ ਸੀ। ਉਹ ਅਨੁਸ਼ਾਸਨ ਦਾ ਬਹੁਤ ਸਖ਼ਤ ਸੀ। ਦੋ ਮਹੀਨੇ ਤਾਂ ਘਰ ਵਿੱਚ ਜਿਵੇਂ ਕੋਰਟ ਮਾਰਸ਼ਲ ਲਾਗੂ ਹੋ ਜਾਂਦਾ। ਸ਼ਾਂਤੀ ਉਨ੍ਹਾਂ ਦਿਨੀਂ ਬਹੁਤ ਮੌਮਠਗਣੀ ਬਣ ਜਾਂਦੀ। ਛੁੱਟੀ ਆਏ ਭਰਾ ਤੋਂ ਇਕ ਅੱਧੀ ਵਾਰੀ ਤਾਂ ਕੁਸ਼ਲਿਆ ਨੂੰ ਕੁੱਟ ਪੁਆ ਹੀ ਛੱਡਦੀ। ਬੰਸੀ ਕੁਸ਼ੱਲਿਆ ਦੀ ਕੋਈ ਸਫ਼ਾਈ, ਕੋਈ ਸ਼ਿਕਾਇਤ ਸੁਣਨ ਲਈ ਤਿਆਰ ਹੀ ਨਾ ਹੁੰਦਾ। ਆਉਂਦਾ ਹੋਇਆ ਬੰਸੀ ਕੰਟੀਨ 'ਚੋਂ ਸਾਰਿਆਂ ਲਈ ਕੁਝ ਨਾ ਕੁਝ ਲੈ ਕੇ ਆਉਂਦਾ। ਕਪੜੇ ਦੇ ਫਲੀਟ, ਕੈਂਚੀ ਚਪਲਾਂ, ਮੱਖਣ ਜੀਨ ਅਤੇ ਹੋਰ ਬਹੁਤ ਕੁਝ। ਜਿਹੜਾ ਮਗਰੋਂ ਸ਼ਾਂਤੀ ਦੇ ਕਬਜ਼ੇ ਵਿੱਚ ਰਹਿੰਦਾ ਤੇ ਉਹ ਰੁਆ ਰੁਆ ਕੇ ਇਹ ਚੀਜ਼ਾਂ ਕੁਸ਼ੱਲਿਆ ਤੇ ਉਸ ਦੇ ਬੱਚਿਆਂ ਨੂੰ ਵਰਤਣ ਲਈ ਦਿੰਦੀ।

ਕੁਸ਼ੱਲਿਆ ਤੋਂ ਆਪਣੇ ਪਰਿਵਾਰ ਨਾਲ ਹੋ ਰਿਹਾ ਵਿਤਕਰਾ ਬਰਦਾਸ਼ਤ ਨਾ ਹੁੰਦਾ। ਉਹ ਛੁੱਟੀ ਆਏ ਪਤੀ ਨੂੰ ਸਮਝਾਉਂਦੀ, ਇਸ ਘਰ ਦੇ ਹਰਿੱਕ ਕੰਮੇਂ ਦਾ ਠੇਕਾ ਤੁਸਾਂ ਜੋ ਹੀ ਕੈਂਹ ਲਿਆ ਹੋਇਆ, ਦੂਏ ਭਰਾ ਬੀ ਤਾਂ ਹੈ। ਉਨ੍ਹਾਂ ਨੂੰ ਬੀ ਆਪਣੀਆਂ ਮੇਮਾਂ ਪਿੰਡੇ ਬਾਰੋਂ ਬਾਰੀ ਛੱਡਣ ਲਈ ਬੁਲਾਓ, ਉਹ ਵੀ ਵੱਡੀ ਬੀਬੀ ਤੇ ਭਾਈਏ ਦੀ ਸੇਵਾ ਕਰਨ, ਉਨ੍ਹਾਂ ਨੇ ਤਾਂ ਆਪਣੇ ਨਿਆਣੇ ਪੜ੍ਹਾਈ ਲਿਖਾਈ ਦੇ ਅਫ਼ਸਰ ਬਣਾਈ ਲੈਣੇ, ਤੇ ਸਾਡੇ ਰਹੀ ਜਾਣੇ ਡੰਗਰ ਚਾਰਨ ਜੋਗੇ, ਇਆਂ ਈ ਰੁਲੀ ਜਾਵੀ ਉਨ੍ਹਾਂ ਦੀ ਜ਼ਿੰਦਗੀ, ਕਾਸੇ ਜੋਗੇ ਨੀ ਰੈਣੇ ਉਹ। ਦੂਏ ਭਰਾਵਾਂ ਦਾ ਬੀ ਤਾਂ ਇਸੇ ਘਰੇ ਲਈ ਬਰਾਬਰ ਦਾ ਫਰਜ਼ ਬਣਦਾ। ਪਰ ਕੁਸ਼ੱਲਿਆ ਦੀ ਦਲੀਲ-ਅਪੀਲ ਦਾ ਬੰਸੀ ਤੇ ਕੋਈ ਅਸਰ ਨਾ ਹੁੰਦਾ। ਉਹ ਟਾਲਣ ਦੇ ਇਰਾਦੇ ਨਾਲ ਕਹਿ ਛੱਡਦਾ, "ਇਹ ਗੱਲ ਮੈਂ ਕੀਆਂ ਗੱਲਾਂ, ਭਾਈਆ ਹੋਣੀ ਆਪੇ ਗਲਾਣ ਉਨ੍ਹਾਂ ਨੂੰ।" ਕੁਸ਼ੱਲਿਆ ਮਨ ਮਸੋਸ ਕੇ ਰਹਿ ਜਾਂਦੀ। ਅਸਲ ਵਿੱਚ ਉਹ ਕੁਝ ਸਮੇਂ ਲਈ ਸ਼ਾਂਤੀ ਤੋਂ ਖਹਿੜਾ ਛੁਡਾਉਣਾ ਚਾਹੁੰਦੀ ਸੀ ਤੇ ਨਾਲ ਹੀ ਪਤੀ ਨਾਲ ਸ਼ਹਿਰ ਰਹਿਣ ਦੀ ਇੱਛਾ ਪੂਰਤੀ ਵੀ ਕਰਨਾ ਲੋਚਦੀ ਸੀ।

ਸ਼ਾਂਤੀ ਦੇ ਦੂਸਰੇ ਵਿਆਹ ਦੀ ਗੱਲ ਵੀ ਬੰਸੀ ਨੇ ਤੋਰੀ ਸੀ। ਭਾਈਆ ਤੇ ਬੀਬੀ ਇਸ ਗਲ ਲਈ ਤਿਆਰ ਹੀ ਨਹੀਂ ਸਨ ਹੁੰਦੇ। ਦੂਸਰੇ ਭਰਾਵਾਂ ਨੇ ਵੀ ਬੰਸੀ ਦਾ ਸਾਥ ਦਿੱਤਾ ਤੇ ਕਿਸੇ ਲੋੜਵੰਦ ਆਦਮੀ ਦੀ ਤਲਾਸ਼ ਸ਼ੁਰੂ ਕੀਤੀ ਗਈ। ਫਿਰ ਕਾਫੀ ਨੱਠ ਭੱਜ ਮਗਰੋਂ ਇਕ ਵਡੇਰੀ ਉਮਰ ਦਾ ਆਦਮੀ ਲੱਭਿਆ ਜਿਸ ਦੀ ਪਤਨੀ ਪਹਿਲੇ ਜਣੇਪੇ ਸਮੇਂ ਰੱਬ ਨੂੰ ਪਿਆਰੀ ਹੋ ਗਈ ਸੀ, ਸਵਾਂਪਾਰ ਲਾਗਲੇ ਪਿੰਡ ਵਿੱਚ ਨਿੱਕੀ ਮੋਟੀ ਦੁਕਾਨ ਕਰਦਾ ਸੀ ਤੇ ਥੋੜ੍ਹੀ ਜਿਹੀ ਪਹਾੜੀ ਜ਼ਮੀਨ ਵੀ ਸੀ ਜਿਸ ਤੇ ਗੁਜ਼ਾਰੇ ਜੋਗੇ ਦਾਣੇ ਵੀ ਨਿਕਲ ਆਉਂਦੇ ਸਨ। ਦੋਵੇਂ ਧਿਰਾਂ ਲੋੜਵੰਦ ਸਨ। ਹਾਲਾਂਕਿ ਸ਼ਾਂਤੀ ਦੁਬਾਰਾ ਵਿਆਹ ਨਾ ਕਰਾਉਣ ਦੀ ਜਿਦ ਕਰਦੀ ਸੀ, ਪਰ ਬੰਸੀ ਦੀ ਪਹਿਲ ਤੇ ਦੂਸਰੇ ਭਰਾਵਾਂ ਦੇ ਸਾਥ ਨਾਲ ਇਹ ਕਾਰਜ ਸਿਰੇ ਚੜ੍ਹ ਗਿਆ ਸੀ। ਇਕ ਵਾਰੀ ਫਿਰ ਕੁਸ਼ੱਲਿਆ ਨੇ ਸੁੱਖ ਦਾ ਸਾਹ ਲਿਆ ਸੀ।

ਸ਼ਾਂਤੀ ਨੇ ਆਪਣੀ ਆਦਤ ਤੋਂ ਮਜਬੂਰ ਹੋ ਕੇ ਉਸ ਘਰ 'ਚ ਵੀ ਆਪਣਾ ਕਰਿਸ਼ਮਾ ਵਿਖਾਉਣਾ ਸ਼ੁਰੂ ਕਰ ਦਿੱਤਾ ਸੀ। ਉਸ ਦੇ ਤੇਜ਼-ਤਰਾਰ ਵਿਵਹਾਰ ਨੂੰ ਵੇਖਦਿਆਂ ਉਸ ਦੀਆਂ ਦਿਉਰਾਣੀਆਂ-ਜਠਾਣੀਆਂ ਨੇ ਆਪ ਹੀ ਉਸ ਨੂੰ ਅੱਡ ਕਰਨ ਦੀ ਅਪੀਲ ਕਰ ਦਿੱਤੀ ਸੀ। ਨਵਾਂ ਪਤੀ ਦੇਸਰਾਜ ਧਾਰਮਿਕ ਖਿਆਲਾਂ ਦਾ ਸਾਊ ਆਦਮੀ ਸੀ। ਆਪਣੀ ਜ਼ਮੀਨ ਤੇ ਕਮਰਾ ਅੱਡ ਕਰਾਕੇ ਸ਼ਾਂਤੀ ਨੇ ਮੱਝ ਰੱਖ ਲਈ ਸੀ। ਪਤੀ ਨਾਲ ਖੇਤਾਂ 'ਚ ਡੱਟ ਕੇ ਕੰਮ ਕਰਾਉਂਦੀ। ਆਪਣਾ ਘਰ ਬਨਾਉਣ ਦੀ ਚਿੰਤਾ ਲਗੀ ਰਹਿੰਦੀ ਉਸਨੂੰ। ਹੁਣ ( ਵੇਲੇ-ਕੁਵੇਲੇ ਸੁਨੇਹਾ ਭੇਜਣ ਤੇ ਹੀ ਪੇਕਿਆਂ ਘਰ ਗੇੜਾ ਮਾਰਦੀ। ਇਥੇ ਆ ਕੇ ਵੀ ਉਸ ਨੂੰ ਆਪਣੇ ਪ ਤੇ ਪਤੀ ਦੀ ਚਿੰਤਾ ਰਹਿੰਦੀ। ਬਹੁਤੇ ਦਿਨ ਨਾ ਠਹਿਰਦੀ। ਕੁਸ਼ੱਲਿਆ ਨੂੰ ਸੌ ਸਿਖ-ਮੱਤਾਂ ਦਿੰਦੀ।

ਸਮਾਂ ਆਪਣੀ ਰਫ਼ਤਾਰ ਨਾਲ ਤੁਰਦਾ ਗਿਆ ਸੀ। ਇਸੇ ਦੌਰਾਨ ਪਹਿਲੋਂ ਵੱਡੀ ਬੀਬੀ ਤੇ ਮਗਰ ਭਾਈਆ ਹੁਰੀਂ ਆਪੋ-ਆਪਣੀ ਉਮਰ ਹੰਡਾ ਕੇ ਜੀਵਨ ਯਾਤਰਾ ਪੂਰੀ ਕਰ ਗਏ ਸਨ। ਸ਼ਾਂਤੀ ਘਰ ਲਗਾਤਾਰ ਚਾਰ ਲੜਕੇ ਪੈਦਾ ਹੋਏ ਪਰ ਚਾਰੇ ਹੀ ਨਿੱਕੇ ਹੁੰਦਿਆਂ ਹੀ ਰੱਬ ਨੂੰ ਪਿਆਰੇ ਹੋ ਗਏ ਸਨ। ਇ

ਸਦਮਿਆਂ ਨਾਲ ਖਾਸ ਕਰਕੇ ਦੇਸਰਾਜ ਦਾ ਲੱਕ ਟੁੱਟ ਗਿਆ ਸੀ। ਉਹ ਸ਼ੂਗਰ ਦਾ ਮਰੀਜ਼ ਹੋ ਗਿਆ ਸੀ ਤੇ ਬਲੱਡ-ਪ੍ਰੈਸ਼ਰ ਘੱਟ ਰਹਿੰਦਾ। ਇਨ੍ਹਾਂ ਹੀ ਸੋਚਾਂ 'ਚ ਡੁੱਬੇ ਦਾ ਇਕ ਦਿਨ ਇਨਾ ਬਲੱਡ-ਪ੍ਰੈਸ਼ਰ ਘਟਿਆ ਕਿ ਡਾਕਟਰਾਂ ਦੀ ਲੱਖ ਕੋਸ਼ਿਸ਼ ਦੇ ਬਾਵਜੂਦ ਮੁੜ ਵੱਧ ਨਾ ਸਕਿਆ ਤੇ ਸ਼ਾਂਤੀ ਇਕ ਵਾਰੀ ਫੇਰ ਸਾਈਂ ਦੀ ਛੱਤ ਤੋਂ ਸੱਖਣੀ ਹੋ ਗਈ ਸੀ।

ਦੇਸਰਾਜ ਦੀ ਕਿਰਿਆ ਤੇ ਸ਼ਾਂਤੀ ਦੇ ਭਰਾਵਾਂ ਨੇ ਉਸ ਨੂੰ ਡਾਢਾ ਹੌਸਲਾ ਦਿੱਤਾ ਸੀ। ਉਨ੍ਹਾਂ ਦੇ ਹੁੰਦਿਆਂ ਉਨ੍ਹਾਂ ਨੂੰ ਚਿੰਤਾ ਕਰਨ ਦੀ ਲੋੜ ਨਹੀਂ। ਕਿਸੇ ਚੀਜ਼ ਦੀ ਲੋੜ ਹੋਵੇ ਤਾਂ ਤੁਰੰਤ ਚਿੱਠੀ ਪੱਤਰ ਲਿਖ ਦੇਵੇ। ਦਿਲ ਉਦਾਸ ਹੋਵੇ ਤਾਂ ਉਨ੍ਹਾਂ ਪਾਸ ਗੇੜਾ ਲਾ ਲਵੇ। ਉਹ ਵੀ ਉਸ ਦੀ ਖ਼ੈਰ-ਸੁੱਖ ਪਤਾ ਕਰਨ ਲਈ ਚੱਕਰ ਲਾਉਂਦੇ ਰਹਿਣਗੇ। ਪਰ ਇਹ ਸਭ ਭਾਵੁਕ ਤਕਰੀਰਾਂ ਸਾਬਿਤ ਹੋਈਆਂ ਸਨ, ਬੰਸੀ ਨੂੰ ਛੱਡ ਕੇ। ਉਹ ਆਪਣੇ ਫਰਜ਼ਾਂ ਤੇ ਪਹਿਰਾ ਦਿੰਦਾ, ਜਦੋਂ ਵੀ ਛੁੱਟੀ ਆਉਂਦਾ, ਸ਼ਾਂਤੀ ਦੇ ਪਿੰਡ ਜਾ ਕੇ ਉਸ ਦਾ ਹਾਲ-ਚਾਲ ਜ਼ਰੂਰ ਪਤਾ ਕਰਕੇ ਆਉਂਦਾ।

ਦੂਸਰੇ ਭਰਾ ਤੇ ਰਿਸ਼ਤੇਦਾਰਾਂ ਨੇ ਸ਼ਾਂਤੀ ਨੂੰ ਆਪਣਾ ਬੱਚਾ ਗੋਦ ਲੈਣ ਦੀ ਪੇਸ਼ਕਸ਼ ਕੀਤੀ। ਬੁਢਾਪੇ ਦਾ ਸਹਾਰਾ ਤੇ ਉਸ ਘਰ ਦਾ ਵਾਰਿਸ ਤਾਂ ਚਾਹੀਦੈ ਨਾ, ਵਰਗੀਆਂ ਦਲੀਲਾਂ ਪਿਛਲੇ ਸਵਾਰਥ ਨੂੰ ਸ਼ਾਂਤੀ ਦਾ ਦਿਮਾਗ ਤੁਰੰਤ ਭਾਂਪ ਗਿਆ ਸੀ ਕਿ ਉਨ੍ਹਾਂ ਦੀ ਨਿਗਾਹ ਉਸ ਦੀ ਜ਼ਮੀਨ ਤੇ ਦੌਲਤ ਤੇ ਹੈ। ਉਹ ਘੜਿਆ-ਘੜਾਇਆ ਜਵਾਬ ਦਿੰਦੀ, "ਜੇ ਮੇਰੀ ਕਿਸਮਤ ਵਿੱਚ ਔਲਾਦ ਤੇ ਪਤੀ ਦਾ ਸੁੱਖ ਹੁੰਦਾ ਤਾਂ ਰੱਬ ਦੋ ਬਾਰੀਆਂ ਰੰਡੀ ਕੈਂਹ ਕਰਦਾ। ਨਾਲੇ ਚਾਰ ਬਾਰੀਆਂ ਲਾਲ ਦਈਕੇ ਮੇਰੀ ਝੋਲੀ ਕੈਂਹ ਖਾਲੀ ਕਰਦਾ।" ਸ਼ਾਂਤੀ ਦਾ ਕੋਰਾ ਜਵਾਬ ਸੁਣ ਕੇ ਮਗਰਮੱਛ ਦੇ ਅੱਥਰੂ ਕੇਰਨ ਵਾਲੇ ਹਮਦਰਦ ਹੌਲੀ ਹੌਲੀ ਪਿਛਾਂਹ ਹਟ ਗਏ ਸਨ।

ਬੰਸੀ ਪੈਨਸ਼ਨ ਆ ਗਿਆ ਸੀ। ਉਸ ਨੇ ਪਿੰਡ ਆ ਕੇ ਖੇਤੀ ਦਾ ਕੰਮ ਸਾਂਭ ਲਿਆ ਸੀ। ਉਸ ਦੇ ਭਰਾ ਹੁਣ ਪਿੰਡ ਸਿਰਫ਼ ਘਰ ਦੀ ਜਾਇਦਾਦ 'ਚੋਂ ਆਪਣਾ ਹਿੱਸਾ ਹੀ ਲੈਣ ਆਉਂਦੇ, ਜਾਂ ਵੱਡੇ ਬੇਟੇ ਦੇ ਵਿਆਹ ਤੇ ਪੁੱਜੇ ਸਨ। ਸ਼ਾਤੀ ਨੂੰ ਤਾ ਜਿਵੇ ਉਨ੍ਹਾ ਨੇ ਭੁਲਾ ਹੀ ਦਿੱਤਾ ਸੀ। ਹਾਲਾਂਕਿ ਉਸ ਦਾ ਪਿੰਡ ਬਹੁਤੀ ਦੂਰ ਨਹੀਂ ਸੀ। ਬੰਸੀ ਤੋਂ ਹੀ ਉਸ ਦਾ ਹਾਲ ਚਾਲ ਪੁੱਛ ਲੈਂਦੇ। ਕੁਝ ਦਿਨ ਪਹਿਲੋਂ ਜਦੋਂ ਬੰਸੀ ਸ਼ਾਂਤੀ ਦੀ ਖ਼ੈਰ-ਸੁੱਖ ਪੁੱਛ ਕੇ ਆਇਆ ਸੀ ਤਾਂ ਸ਼ਾਂਤੀ ਨੇ ਬਾਕੀ ਭਰਾਵਾਂ-ਭੈਣਾਂ ਵਲੋਂ ਉਸ ਨਾਲੋਂ ਮੁੱਖ ਮੋੜ ਲੈਣ ਦਾ ਗਿਲਾ ਕੀਤਾ ਸੀ ਤੇ ਦਸਿਆ ਸੀ ਕਿ ਉਸ ਦੇ ਜੇਠਾਂ ਦਿਉਰਾਂ ਦਾ ਵਤੀਰਾ ਉਸ ਪ੍ਰਤੀ ਦਿਨ ਪ੍ਰਤੀ ਦਿਨ ਖਰਾਬ ਹੀ ਹੁੰਦਾ ਜਾ ਰਿਹਾ ਹੈ। ਉਸ ਦੀ ਮਦਦ ਕਰਨ ਦੀ ਬਜਾਏ ਉਸ ਦੇ ਹਰੇਕ ਕੰਮ ਵਿਚ ਰੋੜਾ ਅਟਕਾਉਂਦੇ ਹਨ। ਲੋਕਾਂ ਨੂੰ ਉਸ ਦੇ ਖਿਲਾਫ਼ ਭੜਕਾਉਂਦੇ ਨੇ। ਉਸ ਦੀ ਮੱਝ ਨੂੰ ਜਾਦੂ ਟੂਣਾ ਕਰ ਦਿੰਦੇ ਨੇ। ਉਸਨੂੰ ਖਸਮਾਂ ਨੂੰ ਖਾਣ ਵਾਲੀ, ਕਲੈਹਣੀ, ਬਦਸ਼ਗਨੀ, ਬਦਚਲਨ ਕਹਿ ਕੇ ਪੁਕਾਰਦੇ ਨੇ ਅਤੇ ਝੂਠੇ ਇਲਜਾਮ ਤੇ ਲੇਬਲ ਲਾਉਂਦੇ ਨੇ। ਉਸ ਨੇ ਸ਼ੱਕ ਜਾਹਿਰ ਕੀਤਾ ਸੀ ਕਿ ਉਸ ਦੀ ਜ਼ਮੀਨ-ਜਾਇਦਾਦ ਤੇ ਕਬਜ਼ਾ ਕਰਨ ਲਈ, ਉਸ ਤੇ ਵੀ ਜਾਦੂ-ਟੂਣਾ ਕਰ ਸਕਦੇ ਨੇ ਜਾਂ ਕੁਝ ਖੁਆ ਸਕਦੇ ਨੇ। ਉਹ ਇਕੱਲੀ ਰਹਿੰਦੀ ਹੈ, ਇਸ ਲਈ ਉਸ ਨੂੰ ਹਰ ਸਮੇਂ ਇਨ੍ਹਾਂ ਲੋਕਾਂ ਤੋਂ ਖ਼ਤਰਾ ਰਹਿੰਦਾ ਹੈ।

ਬੰਸੀ ਨੇ ਇਹ ਗੱਲ ਆਪਣੇ ਭੈਣ-ਭਰਾਵਾਂ ਦੇ ਨੋਟਿਸ ਵਿੱਚ ਲਿਆਂਦੀ ਤਾਂ ਸਾਰਿਆਂ ਈ ਲਗਪਗ ਇਕੋ ਸੁਰ ਸੀ ਕਿ ਅਸੀਂ ਤਾਂ ਪਿੰਡੋਂ ਬਹੁਤ ਦੂਰ ਰਹਿਨੇ ਹਾਂ, ਇਸ ਲਈ ਤੂੰ ਹੀ ਗਾਹੇ-ਬਗਾਹੇ ਗੇੜਾ ਲਾ ਕੇ ਜਰਾ ਸ਼ਾਂਤੀ ਦੇ ਸ਼ਰੀਕਾਂ ਨੂੰ ਤਾੜ ਆਈਂ।

ਵਿਸਾਖੀ ਲੰਘ ਗਈ ਸੀ। ਕਣਕ ਦੀ ਵਾਢੀ ਜ਼ੋਰਾਂ ਤੇ ਸੀ। ਗਰਮੀ ਵੀ ਕਾਫੀ ਵਧ ਗਈ ਸੀ। ਇਕ ਦਿਨ ਸ਼ਾਂਤੀ ਦੇ ਪਿੰਡੋਂ ਸੁਨੇਹਾ ਪੁੱਜਾ ਕੇ ਸ਼ਾਂਤੀ ਪਾਗਲ ਹੋ ਕੇ ਘਰੋਂ ਕਿਧਰੇ ਭੱਜ ਗਈ ਹੈ। ਖ਼ਬਰ ਸੁਣ ਕੇ ਬੰਸੀ ਥੋੜ੍ਹਾ ਘਬਰਾਇਆ। ਵਾਢੀ ਦਾ ਕੰਮ ਵਿਚਾਲੇ ਹੀ ਛੱਡ ਕੇ ਉਹ ਸ਼ਾਂਤੀ ਦੇ ਪਿੰਡ ਪੁਜਾ। ਸ਼ਾਂਤੇ ਦੇ ਘਰ ਦੇ ਬੂਹੇ ਖੁਲ੍ਹੇ ਸਨ। ਖੁਰਲੀ ਤੇ ਕਈ ਦਿਨਾਂ ਦੀ ਭੁੱਖੀ ਤਿਰਹਾਈ ਮੱਝ ਅੜਿੰਗਦੀ ਸੀ। ਪੋਤੜੀਆਂ ਵਰਗੇ ਖੇਤਾਂ 'ਚ ਪੱਕੀ ਹੋਈ ਕਣਕ ਵਾਢੀ ਦਾ ਇੰਤਜ਼ਾਰ ਕਰਦੀ ਪਈ ਸੀ। ਸ਼ਾਂਤੀ ਦਾ ਕੋਈ ਥਹੁ ਪਤਾ ਨਹੀਂ ਸੀ। ਸ਼ਾਂਤੀ



ਦੇ ਜੇਠਾਂ ਦਿਓਰਾਂ ਤੋਂ ਪੁੱਛਿਆ ਤਾਂ ਉਨ੍ਹਾ ਨੇ ਰੁੱਖਾ ਜਿਹਾ ਜਵਾਬ ਦਿੱਤਾ-ਹੁਣ ਤਾਂ ਸਾਨੂੰ ਕੀ ਪਤਾ ਤਾਂ ਪਰ ਪਹਿਲਾਂ ਟੂਟੀ ਤੇ ਪਾਣੀ ਭਰਨ ਔਂਦੀ ਤਾਂ ਲੋਕਾ ਨੂੰ ਗਾਲ੍ਹਾਂ ਕੱਢਦੀ। ਅਸੀਂ ਰੋਕਿਆ ਤਾਂ ਪੱਥਰ ਲੈ ਕੇ ਸਾਡੇ ਮਗਰ ਭੱਜੀ। ਫਿਰੀ ਅੰਦਰ ਵੜੀ ਕੇ ਬੂਹੇ ਲਾਈ ਲਏ। ਕਈ ਦਿਨ ਅੰਦਰ ਬੜੀ ਰਹੀ। ਅਸੀਂ ਬੜੀਆਂ ਮੁਸ਼ਕਲਾਂ ਨਾਲ ਦਰਵਾਜ਼ਾ ਖੁਲਵਾਇਆ, ਪਰ ਉਹ ਹੱਥ 'ਚ ਡਾਂਗ ਲਈ ਕੇ ਸਾਨੂੰ ਮਾਰਨ ਨੂੰ ਪਈ। ਫਿਰੀ ਉਹ ਘਰੋਂ ਨਿਕਲੀ ਗਈ। ਡਰ ਦਾ ਕੋਈ ਉਸ ਦੇ ਨੇੜੇ ਨਹੀਂ ਸੀ ਜਾਂਦਾ। ਉਸ ਨੂੰ ਬਥੇਰਾ ਟੋਲਿਆ ਪਰ ਉਸ ਦਾ ਪਤਾ ਨਹੀਂ ਲੱਗਾ, ਕਿਧਰ ਚਲੀ ਗਈ ਏ।" ਬੰਸੀ ਨੇ ਮਹਿਸੂਸ ਕੀਤਾ ਕਿ ਉਹ ਲੋਕੀਂ ਸ਼ਾਂਤੀ ਪ੍ਰਤੀ ਬਹੁਤੇ ਫ਼ਿਕਰਮੰਦ ਨਹੀਂ ਸੀ ਜਾਪਦੇ ਪਏ। ਬੰਸੀ ਨੇ ਸ਼ਾਂਤੀ ਦੇ ਕਮਰੇ ਅੰਦਰ ਵੜ ਕੇ ਵੇਖਿਆ ਤਾਂ ਉੱਥੇ ਖੜਾ ਹੋਣਾ ਮੁਸ਼ਕਲ ਹੋ ਗਿਆ। ਅੰਦਰ ਹੀ ਜੰਗਲ-ਪਾਣੀ ਕਰਨ ਨਾਲ ਬਦਬੂ ਨਾਲ ਸਿਰ ਪਾਟਦਾ ਜਾਂਦਾ ਸੀ। ਕਮਰੇ ਵਿਚਕਾਰ ਇਕ ਚੌਂਕੀ ਤੇ ਕਿਸੇ ਦੇਵੀ ਦੀ ਫੋਟੋ ਰੱਖੀ ਹੋਈ ਸੀ, ਉਸ ਦੇ ਨੇੜੇ ਇਕ ਬੁਝਿਆ ਦੀਵਾ ਪਿਆ ਸੀ। ਇਕ ਦੇਸੀ ਘਿਓ ਵਾਲਾ ਮਰਤਬਾਨ ਵੀ ਖੁਲ੍ਹਾ ਪਿਆ ਸੀ। ਲਗਾਤਾਰ ਦੀਵਾ ਬਲਣ ਨਾਲ ਛੱਤ ਦੀਆਂ ਕੜੀਆਂ ਧੁਆਂਖੀਆਂ ਗਈਆਂ ਸਨ। ਟਰੰਕ ਦੇ ਮੂੰਹ ਖੁਲ੍ਹੇ ਪਏ ਸਨ। ਭਾਂਡੇ ਇਧਰ-ਉਧਰ ਖਿਲਰੇ ਸਨ।

ਬੰਸੀ ਨੇ ਪਹਿਲਾਂ ਤਾਂ ਕਈ ਦਿਨਾਂ ਦੀ ਭੁੱਖੀ ਪਿਆਸੀ ਮੱਝ ਨੂੰ ਪਾਣੀ ਡਾਹਿਆ, ਪੱਠੇ ਪਾਏ। ਬੂਹੇ ਬੰਦ ਕੀਤੇ। ਆਂਢੀਆਂ ਗੁਆਂਢੀਆਂ ਤੋਂ ਉਘ-ਸੁਘ ਪੁੱਛੀ ਸ਼ਾਂਤੀ ਬਾਰੇ, ਜਿਸ ਨੇ ਦੱਸਿਆ ਉਧਰ ਜਾਂਦੀ ਵੇਖੀ ਸੀ, ਉਧਰ ਹੀ ਤਲਾਸ਼ ਕਰਨ ਲਗ ਪਿਆ, ਆਖਿਰ ਦੋ ਦਿਨ ਭਟਕਦਿਆਂ-ਭਟਕਦਿਆਂ ਕਿਸੇ ਨੇ ਸਹੀ ਦੱਸ ਪਾਈ ਕਿ ਸ਼ਾਂਤੀ 15-20 ਮੀਲ ਦੂਰ ਦਰਿਆ ਕੰਢੇ ਪਹਾੜੀ ਤੇ ਬਣੇ ਇਕ ਧਾਰਮਕ ਸਥਾਨ ਤੇ ਵੇਖੀ ਹੈ। ਬੰਸੀ ਸਿਰ ਤੇ ਪੈਰ ਰੱਖ ਕੇ ਉਥੇ ਪੁੱਜਾ। ਸੇਵਾਦਾਰਾਂ ਨੇ ਦਸਿਆ ਕਿ ਇੱਕ ਸ਼ੁਦੈਣ ਕਈ ਦਿਨਾਂ ਤੋਂ ਪਹਾੜੀ ਤੇ ਝਾੜੀਆਂ ਉਹਲੇ ਲੁਕੀ ਬੈਠੀ ਹੈ। ਲੰਗਰ ਦੇ ਸਮੇਂ ਹੇਠਾਂ ਆ ਜਾਂਦੀ ਹੈ। ਰੋਟੀ ਛੱਕ ਕੇ ਮੁੜ ਉੱਥੇ ਜਾ ਬਹਿੰਦੀ ਹੈ। ਬੰਸੀ ਸ਼ਾਂਤੀ-ਸ਼ਾਂਤੀ ਆਵਾਜ਼ ਮਾਰਦਾ ਉਸ ਝਾੜੀ ਵੱਲ ਵਧਿਆ ਸ਼ਾਂਤੀ ਸਾਹਮਣੇ ਆਈ ਪਰ ਉਸ ਨੇ ਬੰਸੀ ਨੂੰ ਬਿਲਕੁਲ ਨਾ ਪਛਾਣਦਿਆ ਉਚੀ ਆਵਾਜ਼ ਵਿੱਚ ਕਿਹਾ,"ਕੌਣ ਏ ਤੂੰ ...... ਹੈਂ ਮੈਂ ਪੁੱਛਦੀ ਹਾਂ..... ਕੌਣ ਏ ਤੂੰ.... ਕੀ ਲੈਣਾ ਤੂੰ ਮੈਥੋਂ-ਹੁਣ ਇੱਥੇ ਵੀ ਆਈ ਗਿਆ........ ਮੇਰੇ ਮਗਰ......।

"ਸ਼ਾਂਤੀ ਮੈਂ ਤੇਰਾ ਬੰਸੀ ਭਾਅ..... ਤੂੰ ਮੈਨੂੰ ਨੀ ਪਛਾਣਿਆ .... ਮੈਂ ਕੋਈ ਗ਼ੈਰ ਨਹੀਂ ਮੈਂ ਤੈਨੂੰ ਲੈਣ ਆਇਆ....।" ਕਹਿੰਦਿਆਂ ਬੰਸੀ ਸ਼ਾਂਤੀ ਨੂੰ ਫੜਨ ਲਈ ਉਸ ਵੱਲ ਵਧਿਆ ਤਾਂ ਸ਼ਾਂਤੀ ਨੇ ਵਧੇ ਹੋਏ ਨੌਂਹਾਂ ਨਾਲ ਬੰਸੀ ਦਾ ਮੂੰਹ ਝਰੀਟ ਕੇ ਲਹੂਲੁਹਾਨ ਕਰ ਦਿੱਤਾ। ਕਪੜੇ ਪਾੜ ਸੁੱਟੇ। ਬੰਸੀ ਨੇ ਰੱਸੀ ਦਾ ਇੰਤਜ਼ਾਮ ਕੀਤਾ ਤੇ ਸੇਵਾਦਾਰਾਂ ਦੀ ਮਦਦ ਨਾਲ ਸ਼ਾਂਤੀ ਦੇ ਹੱਥ ਬੰਨ੍ਹ ਕੇ ਉਸ ਨੂੰ ਉਸ ਦੇ ਘਰ ਲੈ ਆਂਦਾ। ਉਹ ਸਾਰੇ ਰਸਤੇ ਚੀਕਦੀ ਆਈ," ਉਏ ਲੋਕੋ, ਦਿੱਖੀ ਲੋਗੋ, ਮਿਨੂੰ ਮਾਰਨੇ ਨੂੰ ਲਈ ਚੱਲੇ ਨੇ। ਉਏ ਤੁਸੀਂ ਮੇਰਾ ਸਾਰਾ ਕੁਝ ਤਾਂ ਖਾਈ ਲਿਆ। ਮੇਰੇ ਖਸਮੇ ਨੂੰ ਖਾਈ ਲਿਆ। ਮੇਰੇ ਬੱਚੇ ਖਾਈ ਲਏ, ਮੇਰੇ ਗਹਿਣੇ ਲਈ ਲਏ, ਮੇਰੀ ਜ਼ਮੀਨ ਲਈ ਲਈ, ਹੁਣ ਮੇਰੀ ਜਾਨ ਲੈਣੀ, ਲਈ ਲੋਗੋ ਇਹ ਬੀ... ਤੁਹਾਡਾ ਕੱਖ ਨਾ ਰਹੇ-ਉਏ ਲੋਕੋ....।"

ਬੰਸੀ ਨੇ ਸੋਚਿਆ, ਸ਼ਾਂਤੀ ਨੂੰ ਤੇ ਉਸ ਦੀ ਮੱਝ ਨੂੰ ਆਪਣੇ ਪਿੰਡ ਲੈ ਚਲਦੇ ਹਾਂ। ਘਰ ਨੂੰ ਜੰਦਰਾ ਲਾ ਦਿੰਦੇ ਹਾਂ। ਇਥੇ ਇਕੱਲੀ ਨੂੰ ਛੱਡਣਾ ਵੀ ਠੀਕ ਨਹੀਂ। ਬੰਸੀ ਅੰਦਰ ਵੜ ਕੇ ਜੰਦਰੇ ਲੱਭਣ ਲੱਗਾ ਤਾਂ ਸ਼ਾਂਤੀ ਮੁੜ ਚੀਕ ਪਈ, ਖਬਰਦਾਰ ਜੇ ਮੇਰੇ ਅੰਦਰ ਵੜਿਆ, ਮਿਨੂੰ ਦੱਸ ਤਿੰਨੂ ਕੀ ਚਾਹੀਦਾ।"

ਸ਼ਾਂਤੀ, ਜੰਦਰੇ ਕਿੱਥੇ ਰੱਖੇ ਨੇ?

"ਕੀ ਕਰਨੇ ਤੂੰ ਜੰਦਰੇ? ਹੈਂ ਮੈਂ ਪੁਛਦੀ ਹਾਂ.......।"

"ਇਨ੍ਹਾਂ ਬੂਹਿਆਂ ਨੂੰ ਲਾਣੇ ਨੇ।"

"ਕਿਉਂ ਲਾਣੇ ਨੇ ਜੰਦਰੇ ਮੇਰੇ ਮਕਾਨੇ ਨੂੰ। ਮੈਂ ਕੋਈ ਮਰੀ ਗਈ ਆਂ, ਮੈਂ ਪੁੱਛਦੀ ਹਾਂ।"

"ਕੈਂਹ ਲੈਈ ਦੇ ਜਾਣਾ ਤਿਨੂੰ ਆਪਣੇ ਪਿੰਡ ਲਈ ਕੇ ਜਾਣਾ। ਮਗਰੋਂ ਬੂਹੇ ਖੁਲ੍ਹੇ ਨਹੀਂ ਛੱਡਣੇ। ਚੱਲ

ਦੌੜੀ ਜਾ ਇਥੋਂ... ਆਈ ਗਿਆ ਮਿਨੂੰ ਲੁੱਟਣ।"

"ਸ਼ਾਂਤੀ...... ਤੂੰ ਠੀਕ ਨੀ ਜਿਸ ਲੇ ਤੂੰ ਠੀਕ ਹੋਈ ਜਾਂਗੀ, ਫਿਰੀ ਮੈਂ ਤਿਨੂੰ ਛੱਡੀ ਜਾਂਗਾ।"

"ਨਾ, ਕੀ ਹੋਈ ਗਿਆ ਮਿਨੂੰ, ਮੈਂ ਚੰਗੀ ਭਲੀ ਤਾਂ ਹਾਂ.....ਮਿਨੂੰ ਪਤਾ ਤੂੰ ਮਗਰੋਂ ਮੇਰਾ ਸਾਰਾ ਕੁਝ ਲੁੱਟੀ ਲੈਣਾ, ਕੱਢੀ ਲੈਣਾ..... ਤਿਨੂੰ ਕਿੰਨੀ ਸੱਦਿਆ ਇਥੇ ਮੈਂ ਪੁਛਦੀ ਹਾਂ।"

"ਸ਼ਾਂਤੀ, ਮੈਂ ਤੇਰਾ ਭਰਾ.....ਬੰਸੀ—ਨੰਗਲੋਂ ਲੈਣ ਆਇਆਂ ਤਿਨੂੰ ਤੇਰੀ ਭਰਜਾਈ ਡੀਕਦੀ ਤਿਨੂੰ.....।" ਬੰਸੀ ਨੇ ਸ਼ਾਂਤੀ ਨੂੰ ਯਾਦ ਦੁਆਉਣ ਦੀ ਕੋਸ਼ਿਸ਼ ਕੀਤੀ। "ਕੋਈ ਨੀ ਮੇਰਾ ਭਰਾ-ਭਰੂ ਸਾਰੇ ਮਿਨੂੰ ਲੁੱਟਣ ਨੂੰ ਫਿਰਦੇ-ਮੇਰਾ ਕੋਈ ਨੀ.....।" ਬੰਸੀ ਨੇ ਸੋਚਿਆ ਹੁਣ ਇਸ ਨਾਲ ਕੀ ਮੱਥਾ ਮਾਰਾਂ। ਬੂਹੇ ਬੰਦ ਕਰਾਂ ਤੇ ਚਲਾਂ। ਉਸ ਨੇ ਰੱਸਾ ਉਸ ਦੇ ਗੁਆਂਢੀ ਦੇ ਹੱਥ ਫੜਾਇਆ ਤੇ ਨੱਕ ਤੇ ਰੁਮਾਲ ਰੱਖ ਕੇ ਬਦਬੂ ਭਰੇ ਕਮਰੇ ਅੰਦਰ ਜੰਦਰਾ ਲੱਭਣ ਲਈ ਵੜਿਆ। ਸ਼ਾਂਤੀ ਨੇ ਇਕ ਝਟਕੇ ਨਾਲ ਰੱਸਾ ਛੁੜਾਇਆ ਤੇ ਅੰਦਰ ਵੜ ਗਈ। ਉਸ ਨੇ ਬੰਸੀ ਨੂੰ ਧੱਕੇ ਮਾਰ ਕੇ ਬਾਹਰ ਕੱਢ ਦਿੱਤਾ ਤੇ ਅੰਦਰੋਂ ਬੂਹਾ ਬੰਦ ਕਰਕੇ ਕੁੰਡੀ ਲਾ ਲਈ। ਬੰਸੀ ਲਈ ਨਵੀਂ ਮੁਸੀਬਤ ਆਣ ਖੜੋਤੀ।

ਖ਼ੈਰ ਬੰਸੀ ਨੇ ਗੁਆਂਢੀਆਂ ਦੀ ਮਦਦ ਨਾਲ ਕੁੰਡਾ ਭੰਨ ਕੇ ਦਰਵਾਜ਼ਾ ਖੋਲਿਆ ਤਾਂ ਉਹ ਉਹ ਗੋਲੀ ਵਾਂਗ ਬਾਹਰ ਨਿਕਲ ਕੇ ਖੇਤਾਂ ਵੱਲ ਭੱਜ ਗਈ। ਪਹਾੜੀ ਇਲਾਕਾ ਹੋਣ ਕਾਰਨ ਪਥਰੀਲੀ ਜ਼ਮੀਨ ਉੱਚੀ ਨੀਵੀਂ ਸੀ। ਖੇਤ ਛੋਟੇ-ਛੋਟੇ ਤੇ ਪੌੜੀਆਂ ਵਾਂਗ ਸਨ। ਬੰਸੀ ਨੇ ਗੁਆਂਢੀ ਨੂੰ ਕਿਹਾ, "ਤੁਸੀਂ ਆਪਣਾ ਜੰਦਰਾ ਇਥੇ ਲਾ ਕੇ ਚਾਬੀ ਮੈਨੂੰ ਦੇ ਦੇਵੋ, ਹੁਣ ਇਸਨੇ ਜੰਦਰੇ ਕਿੱਥੇ ਰੱਖੇ ਨੇ। ਇਹ ਲੱਭਣਾ ਔਖਾ ਕੰਮ ਹੈ, ਮੈਂ ਇਸ ਨੂੰ ਕਾਬੂ ਕਰਦਾਂ।"

ਬੰਸੀ ਸ਼ਾਂਤੀ ਨੂੰ ਫੜਣ ਲਈ ਉਸ ਦੇ ਮਗਰ-ਮਗਰ ਭੱਜਾ। ਭੱਜਦੀ ਸ਼ਾਂਤੀ ਖੇਤ 'ਚੋਂ ਪੱਥਰ ਚੁੱਕ ਕੇ ਮਾਰਨ ਲੱਗ ਪਈ, ਆਪਣੇ ਵੱਲ ਆਉਂਦੇ ਪੱਥਰ ਤੋਂ ਬਚਣ ਲਈ ਭਜਦਾ ਬੰਸੀ ਹੇਠਾਂ ਝੁਕਿਆ। ਗਤੀਮਾਨ ਪੈਰ ਨੂੰ ਠੁੱਡਾ ਵੱਜਾ ਤੇ ਉਹ ਮੂੰਹ ਪਰਨੇ ਜ਼ਮੀਨ ਤੇ ਡਿੱਗਾ। ਬਾਂਹ ਤੇ ਸਾਰਾ ਬੋਝ ਪੈ ਗਿਆ। ਹੇਠਾਂ ਪੱਥਰ ਸੀ। ਆਪਣੇ ਹੀ ਬੋਝ ਤੇ ਪੱਥਰ ਦੀ ਠੋਕ ਨਾਲ ਬੰਸੀ ਦੀ ਬਾਂਹ ਟੁੱਟ ਗਈ।

ਪਿੰਡ ਦੇ ਹੀ ਇਕ ਹੱਡੀਆਂ ਠੀਕ ਕਰਨ ਵਾਲੇ ਬੰਦੇ ਤੋਂ ਬਾਂਹ ਸੈਟ ਕਰਾਈ। ਉਸਨੇ ਵੰਝ ਦੀਆਂ ਠੱਟੀਆਂ ਬੰਨ੍ਹ ਕੇ ਬਾਂਹ ਗੱਲ 'ਚ ਲਮਕਾ ਦਿੱਤੀ। ਫਿਰ ਪਿੰਡ ਵਾਲਿਆਂ ਨੇ ਹੀ ਸ਼ਾਂਤੀ ਨੂੰ ਫੜ ਕੇ ਉਸ ਨੂੰ ਮੁਕੇਰੀਆਂ ਦਿਮਾਗ ਦੇ ਡਾਕਟਰ ਕੋਲ ਪੁਜਾਇਆ।

ਡਾਕਟਰ ਨੇ ਸਹੀ ਕੇਸ ਹਿਸਟਰੀ ਪੁੱਛੀ। ਬਿਜਲੀ ਦੇ ਝਟਕੇ ਲਾਏ। ਕੁਝ ਦਵਾਈ ਦਿੱਤੀ ਤੇ ਉਨ੍ਹਾਂ ਨੂੰ ਟੈਮ ਸਿਰ ਦਵਾਈ ਦੇਣ ਤੇ ਮੁੜ ਵਿਖਾਲਣ ਦੀਆਂ ਹਿਦਾਇਤਾਂ ਦਿੱਤੀਆਂ। ਮੋਟੀ ਫੀਸ ਲਈ ਤੇ ਪਿੰਡ ਭੇਜ ਦਿੱਤਾ। ਬਿਜਲੀ ਦੇ ਝਟਕਿਆਂ ਨਾਲ ਸ਼ਾਂਤੀ ਨੂੰ ਕਾਫ਼ੀ ਕਮਜ਼ੋਰੀ ਹੋ ਗਈ ਸੀ ਤੇ ਦਵਾਈ ਨਾਲ ਨੀਂਦੇ ਆਣ ਕਰਕੇ ਨਿਸਲ ਹੋ ਗਈ ਸੀ।

ਬੰਸੀ ਨੂੰ ਗੱਲ ਨਾਲ ਬਾਂਹ ਲਮਕਾਏ ਤੇ ਸ਼ਾਂਤੀ ਦੀ ਹਾਲਤ ਵੇਖ ਕੇ ਕੁਸ਼ੱਲਿਆ ਦਾ ਤਾਂ ਕਾਲਜਾ ਹੀ ਬੈਠ ਗਿਆ।

"ਤੁਸੀਂ ਇਕਲਿਆਂ ਨੇ ਠੇਕਾ ਨੀ ਲਿਆ ਇਸ ਘਰ ਦਾ। ਦੂਜੇ ਭੈਣ ਭਰਾਵਾਂ ਨੂੰ ਚਿੱਠੀ ਲਿਖੋ, ਤਾਰਾਂ ਦੇਗੋ ਤੇ ਬੁਲਾਗੋ ਉਨ੍ਹਾਂ ਨੂੰ। ਦੱਸੋ ਕਿ ਮੇਰੀ ਬਾਂਹ ਟੁੱਟੀ ਗਈ। ਮੈਂ ਨੀ ਇਸ ਨੂੰ ਸਾਂਭੀ ਸਕਦਾ, ਲਈ ਜਾਗੋ ਆਪਣੇ ਨਾਲ ਸ਼ਹਿਰ ਤੇ ਚੰਗੇ ਜਿਹੇ ਡਾਕਟਰ ਤੋਂ ਇਲਾਜ ਕਰਾਵਾਂਗਾ।" ਪੱਕੀ ਕਣਕ ਖੇਤਾਂ 'ਚ ਖੜੀ ਸੀ। ਉਤੋਂ ਬਾਂਹ ਦੀ ਲਾਚਾਰੀ ਤੇ ਭੈਣ ਦੀ ਸੰਭਾਲ। ਬੰਸੀ ਨੇ ਮਜਬੂਰੀ ਵੱਸ ਕੁਸ਼ੱਲਿਆ ਦੀ ਸਲਾਹ ਮੰਨ ਲਈ। ਤਾਰਾਂ ਭੇਜੀਆਂ ਤੇ ਭਰਾ-ਭੈਣ ਪਿੰਡ ਪੁੱਜ ਗਏ। ਕਹਿਰ ਦੀ ਗਰਮੀ ਵਿਚ ਕੁਸ਼ੱਲਿਆ ਉਨ੍ਹਾਂ ਦੀ ਰੋਟੀ ਤੇ ਚਾਹ ਪਾਣੀ ਵਿਚ ਜੁਟੀ ਰਹਿੰਦੀ। ਸਭ ਤੋਂ ਪਹਿਲਾਂ ਸ਼ਿਮਲੇ ਵਾਲੇ ਵੱਡੇ ਭਰਾ ਨੇ ਆਪਣੀ ਮਜਬੂਰੀ ਪ੍ਰਗਟ ਕੀਤੀ," ਮੇਰੇ ਘਰੋਂ ਤਾਂ ਬਲੱਡ-ਪ੍ਰੈਸ਼ਰ ਦੀ ਮਰੀਜ਼ ਏ। ਉਸਤੋਂ ਆਪਣਾ ਆਪ ਨੀ ਸਾਂਭਿਆ ਜਾਂਦਾ, ਉਹ ਇਸ ਪਾਗ਼ਲ ਔਰਤ ਦੀ ਜ਼ਿੰਮੇਦਾਰੀ ਨਹੀਂ ਲੈ ਸਕਦੀ।"



ਫਿਰ ਛੋਟੇ ਭਰਾ ਨੇ ਕਿਹਾ,"ਮੇਰੇ ਬੱਚਿਆਂ ਦੇ ਸਲਾਨਾ ਇਮਤਿਹਾਨ ਚਲ ਰਹੇ ਹਨ। ਉਨ੍ਹਾਂ ਦੀ ਪੜਾਈ ਵਿਚ ਵਿਘਨ ਪਵੇਗਾ, ਇਸ ਲਈ ਮੈਂ ਸ਼ਾਂਤੀ ਨੂੰ ਨਾਲ ਨੀ ਲਿਜਾ ਸਕਦਾ।"

ਦਿੱਲੀ ਵਾਲੀ ਵੱਡੀ ਭੈਣ ਕਹਿ ਰਹੀ ਸੀ,"ਮੇਰੀਆਂ ਤਿੰਨੇ ਨੂੰਹਾਂ ਨੌਕਰੀ ਤੇ ਜਾਂਦੀਆਂ ਨੇ। ਮਗਰੋਂ ਉਨ੍ਹਾਂ ਦੇ ਬੱਚੇ ਮੈਂ ਸਾਂਭਦੀ ਹਾਂ। ਉਨ੍ਹਾਂ ਨੂੰ ਨਹਾਉਣ, ਧੁਲਾਉਣ, ਖਲਾਉਣ ਤੋਂ ਹੀ ਮੈਨੂੰ ਵਿਹਲ ਨਹੀਂ ਮਿਲਦੀ, ਸ਼ਾਂਤੀ ਦੀ ਸਾਂਭ ਕੌਣ ਕਰੇਗਾ....।" ਇੰਜ ਇਕ ਇਕ ਕਰਕੇ ਰੱਖੜੀ ਬਨਾਉਣ ਵਾਲੇ ਭਰਾ ਤੇ ਬਚਪਨ ਦੀਆਂ ਹਮਜੋਲਣ ਭੈਣਾਂ, ਇਸ ਮੁਸ਼ਕਲ ਘੜੀ 'ਚ ਮੂੰਹ ਮੋੜ ਗਏ ਸਨ। ਉਨ੍ਹਾਂ ਨੂੰ ਬੰਸੀ ਦੀ ਟੁੱਟੀ ਬਾਂਹ ਨਾਲ ਗੱਲੋਂ-ਗੱਲੀਂ ਪੂਰੀ ਹਮਦਰਦੀ ਸੀ, ਪਰ ਸ਼ਾਂਤੀ ਦੀ ਜ਼ਿੰਮੇਦਾਰੀ ਕੋਈ ਵੀ ਲੈਣ ਲਈ ਤਿਆਰ ਨਹੀਂ ਸੀ। ਆਖਿਰ ਸ਼ਾਂਤੀ ਦੇ ਇਲਾਜ ਤੇ ਹੋਣ ਵਾਲੇ ਖਰਚੇ ਦਾ ਬਣਦਾ ਹਿੱਸਾ ਦੇਣ ਦਾ ਕਰਾਰ ਕਰਕੇ ਸਾਰੇ ਚਲੇ ਗਏ ਸਨ।

ਰਿਸ਼ਤੇਦਾਰਾਂ ਵਲੋਂ ਇਸ ਤਰ੍ਹਾਂ ਪੱਲਾ ਝਾੜ ਕੇ ਚਲੇ ਜਾਣਾ, ਕੁਸ਼ੱਲਿਆ ਤੋਂ ਬਰਦਾਸ਼ਤ ਨਹੀਂ ਸੀ ਹੋਇਆ,"ਇਹ ਸਭ ਤੁਹਾਡੀ ਢਿਲ-ਮੁੱਲ ਨੀਤੀ ਕਰਕੇ ਸਿਆਪਾ ਤੁਹਾਡੇ ਗੱਲ ਪਿਆ ਏ। ਤੁਸੀਂ ਇਕ ਵਾਰੀ ਵੀ ਖੁਲ੍ਹ ਕੇ ਆਪਣੀ ਮਜਬੂਰੀ ਨਹੀਂ ਦੱਸੀ। ਤੁਸੀਂ ਕਹਿ ਨਹੀਂ ਸਕਦੇ ਸੀ ਕਿ ਮੈਂ ਟੁੱਟੀ ਬਾਂਹ ਲੈ ਕੇ ਇਸ ਪਾਗ਼ਲ ਔਰਤ ਨੂੰ ਲੈ ਕੇ ਕਿੱਥੇ ਧੱਕੇ ਖਾਵਾਂ।" ਵਰ੍ਹਿਆਂ ਦਾ ਜਵਾਲਾ ਮੁਖੀ ਆਖਿਰ ਫਟ ਹੀ ਪਿਆ ਸੀ। "ਜਦੋਂ ਕੋਈ ਹੋਰ ਤਿਆਰ ਨੀ ਹੋਇਆ ਸ਼ਾਂਤੀ ਨੂੰ ਰੱਖਣ ਲਈ ਤਾਂ ਕਿਸੇ ਨੇ ਤਾਂ ਇਹ ਜ਼ਿੰਮੇਦਾਰੀ ਲੈਣੀ ਹੀ ਸੀ ਨਾ-ਆਖਰ ਭੈਣ ਏ ਮੇਰੀ..... ਘਰੋਂ ਕਿਵੇਂ ਕੱਢ ਦਿਆਂ ਉਸ ਨੂੰ....।" "ਨਾ ਉਹ ਮੋਮੋ ਠੱਗਣੇ ਝੂਠੇ ਬਹਾਨੇ ਬਣਾ ਕੇ ਕੰਨੀ ਕਤਰਾ ਗਏ ਤੇ ਤੁਸੀਂ ਆਪਣੀ ਸੱਚੀ ਮਜਬੂਰੀ ਵੀ ਨੀ ਦੱਸੀ।"

"ਜੇ ਉਹ ਆਪਣਾ ਫਰਜ਼ ਨਹੀਂ ਸਮਝਦੇ, ਨਾਂ ਸਮਝਣ, ਮੈਂ ਤਾ ਆਪਣਾ ਫਰਜ਼ ਪੁਗਾਉਣਾ ਏ।" "ਸਾਡੇ ਲਈ ਕੋਈ ਫਰਜ਼ ਨੀ ਹੈਗੇ ਤੁਹਾਡੇ। ਕੋਠੇ ਜੇਡੀ ਧੀ ਹੋਈ ਏ ਵਿਆਹੁਣ ਵਾਲੀ। ਮੁੰਡਾ ਬੇਕਾਰ ਅਵਾਰਾ ਫਿਰਦਾ। ਕਣਕ ਖੇਤਾਂ 'ਚ ਰੁਲਦੀ ਪਈ ਏ। ਦੋ ਸਾਲਾਂ ਤੋਂ ਮੇਰੀ ਕਾਲਜੇ ਪੀੜ ਨੀ ਹਟਦੀ.... ਇਨ੍ਹਾਂ ਬਾਰੇ ਵੀ ਕਦੇ ਸੋਚਿਆ। ਇਹ ਫਰਜ਼ ਨੀ ਚੇਤੇ ਆਏ।"

"ਐਵੇਂ ਬੋਤੇ ਫਫੜੇ ਨਾ ਕਰ। ਤੇਰੀ ਦਵਾਈ ਬੀ ਆਈ ਜਾਗ। ਮਿਨੂੰ ਸਾਰਿਆਂ ਦੀ ਫਿਕਰ ਏ।"

"ਕੋਈ ਫਿਕਰ ਨੀ ਤਿੰਨੂ...ਜੇ ਫਿਕਰ ਹੁੰਦੀ ਤਾਂ ਇਸ ਨੂੰ ਗਲਾਦਾ ਸਾਡੇ ਮੁੰਡੇ ਨੂੰ ਹੀ ਮੁਤਬੰਨਾ ਬਣਾ ਹੀ ਲੈ...ਭਰਾ ਦਾ ਮੁੰਡਾ ਕੋਈ ਗੈਰ ਤਾਂ ਨੀਂ..ਭੂਆ ਭਤੀਜਾ ਇਕ ਗੋਤ। ਨਾਲੇ ਇਸ ਦੀ ਖੇਤੀ ਬਾੜੀ ਸਾਂਭਦਾ ਆਹਰੇ ਲੱਗਾ ਰੈਂਦਾ..... ਅੱਜ ਇਆਂ ਸੁਦੈਣ ਹੋਈ ਨਾ ਫਿਰਦੀ।" ਨਾਂ ਉਨੀ ਮੰਨਣਾ ਤੇ ਨਾਂ ਹੀ ਮੈਂ ਗਲਾਣਾ, ਬਾਕੀ ਭੈਣ-ਭਰਾ ਵੀ ਇਸੇ ਤਰੀਕੇ ਸਾਥ ਛੱਡੀਗੇ ਨੇ।" "ਫਿਰੀ ਮਿਨੂੰ ਕੀ ਪਈ ਏ ਕਿ ਮੈਂ ਵੀ ਇਸ ਦੀ ਸੇਵਾ ਕਰਾਂ, ਛੱਡੀ ਆ ਇਨੂੰ ਪਾਗ਼ਲਖਾਨੇ।" "ਮੈਂ ਆਪਣੇ ਜੀਂਦਿਆ ਜੀ ਤਾਂ ਨੀ ਛੱਡੀ ਸਕਦਾ.....।" ਬੰਸੀ ਨੇ ਥੋੜ੍ਹਾ ਰੁੱਕ ਕੇ ਫਿਰ ਕਿਹਾ-ਮੇਰੀ ਗੱਲ ਕੰਨ ਖੋਲੀ ਕੇ ਸੁਣੀ ਲੈ.... ਸ਼ਾਂਤੀ ਇੱਥੇ ਹੀ ਇਸ ਘਰ 'ਚ ਰੈਹਗੀ, ਜਦੋਂ ਤਾਈਂ ਉਹ ਪੂਰੀ ਤਰ੍ਹਾਂ ਨਾਲ ਠੀਕ ਨੀ ਹੋਈ ਜਾਂਦੀ.....।" ਇਹ ਸੁਣ ਕੇ ਕੁਸ਼ਲਿਆ ਆਪਾ-ਗੁਆ ਬੈਠੀ, "ਸਾਰੀ ਉਮਰ ਤੂੰ ਮਿਨੂੰ ਇਸ ਸੌਂਕਣ ਹੇਠਾਂ ਲਈ ਕੇ ਰਖਿਆ। ਹੁਣ ਇਸ ਘਰ ਵਿਚ ਜਾਂ ਸ਼ਾਂਤੀ ਰੈਹਗ ਜਾਂ ਮੈਂ.....।" ਉੱਚੀ ਉੱਚੀ ਬੋਲਦੀ ਕੁਸ਼ਲਿਆ ਬਾਹਰ ਵੱਲ ਭੱਜ ਗਈ। ਨੰਗੇ ਸਿਰ, ਨੰਗੇ ਪੈਰੀਂ......ਕੁਸ਼ੱਲਿਆ ਚੀਕਾਂ ਮਾਰਦੀ ਪਿੰਡ ਦੀਆਂ ਗਲੀਆਂ 'ਚ ਭੱਜੀ ਜਾਂਦੀ ਸੀ..... ਉਏ ਲੋਕੋ .....ਦਿੱਖੀ ਲੋਗੋ.....ਮੇਰਾ ਖ਼ਸਮ ਇਸ ਉਮਰੇ ਮੇਰੀ ਸੌਂਕਣ ਲਈ ਆਇਆ.....ਇੰਨੀ ਮਾਰੀ ਸੁੱਟਣਾ ਮਿਨੂੰ...... ਉਧੇ ਨਾਲ ਰਲੀ ਕੇ .... ਮੇਰੇ ਨਿਆਣਿਆ ਨੂੰ ਵੀ.....।" ਪਿੰਡ ਵਿਚ ਚਰਚਾ ਛਿੜ ਗਈ ਸੀ ਕਿ ਕੁਸ਼ੱਲਿਆ ਪਾਗ਼ਲ ਹੋ ਗਈ ਹੈ। ::

(-1154, ਸੈਕਟਰ-4, ਤਲਵਾੜਾ-144216, ਪੰਜਾਬ)

# .ਗਜ਼ਲਾਂ

1 **ਅਮਰਜੀਤ ਸਿੰਘ ਸੰਧੂ**

ਬਣ ਕੇ ਖੁਸ਼ਬੂ ਇਸ ਫ਼ਜ਼ਾ ਅੰਦਰ ਬਿਖਰ ਜਾਵਾਂਗਾ ਮੈਂ।
ਜ਼ਿੰਦਗੀ ਨੂੰ ਕੁਝ ਕੁ ਮਾਨਣ-ਯੋਗ ਕਰ ਜਾਵਾਂਗਾ ਮੈਂ।

ਸੱਚ ਦੇ ਲਈ ਜੂਝਦਾ ਹੋਇਆ ਤਾਂ ਮੈਂ ਮਰਿਆ ਨਹੀਂ,
ਸੱਚ ਤੋਂ ਮੂੰਹ ਮੋੜ ਕੇ ਸੱਚ ਏ ਕਿ ਮਰ ਜਾਵਾਂਗਾ ਮੈਂ।

ਮੌਤ ਨੂੰ ਦੇ ਕੇ ਝਕਾਨੀ, ਪਹੁੰਚਿਆਂ ਮੈਂ ਆਪ ਕੋਲ,
ਜੇ ਤੁਸਾਂ ਵੀ ਗਲ਼ ਨਾ ਲਾਇਆ ਤਾਂ ਕਿਧਰ ਜਾਵਾਂਗਾ ਮੈਂ?

ਤਾਂ ਕਿ ਲੋਕਾਂ ਦੇ ਦਿਲੀਂ ਡਰ ਹੀ ਰਹੇ ਨਾ ਮੌਤ ਦਾ,
ਮੌਤ ਦੇ ਸਾਗਰ ਦੇ ਵਿਚੋਂ ਦੀ ਗੁਜ਼ਰ ਜਾਵਾਂਗਾ ਮੈਂ।

ਬਖ਼ਸ਼ਦਾ ਜਾਵਾਂਗਾ ਮੈਂ, ਇਉਂ ਬੇ-ਜ਼ੁਬਾਨਾਂ ਨੂੰ ਜ਼ੁਬਾਨ,
'ਹਕ ਹਕ' ਦੀ ਅਵਾਜ਼ ਆਊ, ਜਿਧਰ ਜਾਵਾਂਗਾ ਮੈਂ।

ਜੇ ਕਿਸੇ ਡੁਬਦੇ ਨੂੰ ਡੁੱਬਣ ਤੋਂ ਬਚਾਉਂਦਾ ਡੁਬ ਗਿਆ,
ਫਿਰ ਮੈਂ 'ਤਾਰਨ-ਹਾਰ' ਬਣ ਜਾਵਾਗਾ, ਤਰ ਜਾਵਾਂਗਾ ਮੈਂ।

"ਸੰਧੂ" ਹਰ 'ਕਾਨੇ' ਨੂੰ ਹੀ 'ਕਾਨੀ' ਬਨਾਉਂਣਾ ਲੋਚਦੈ,
ਉਸ ਦਾ ਦਾਅਵਾ ਹੈ ਕਿ ਇਹ ਕ੍ਰਿਸ਼ਮਾ ਵੀ ਕਰ ਜਾਵਾਂਗਾ ਮੈਂ।

2. **ਰਮਿੰਦਰ ਬੇਰੀ**

ਕੁਝ ਖ਼ਾਬ ਸੂਹੀ ਰੋਸ਼ਨੀ ਦੇ ਪਾਲੀਏ ਹੁਣ ਇਸ ਵਰ੍ਹੇ।
ਦੀਵਾ ਮੁਹੱਬਤ ਦਾ ਵੀ ਕੋਈ ਬਾਲੀਏ ਹੁਣ ਇਸ ਵਰ੍ਹੇ।

ਜਾਤਾਂ ਤੇ ਨਸਲਾਂ ਦੇ ਫ਼ਰਕ ਨੂੰ ਭੰਡੀਏ ਹੁਣ ਇਸ ਵਰ੍ਹੇ।
ਗੁੱਸਾ ਤੇ ਨਫ਼ਰਤ ਜ਼ਿਹਨ ਵਿਚੋਂ ਛੰਡੀਏ ਹੁਣ ਇਸ ਵਰ੍ਹੇ।

ਹਰ ਡਾਲ ਉੱਤੇ ਫੁੱਲ ਬਣ ਕੇ ਟਹਿਕੀਏ ਹੁਣ ਇਸ ਵਰ੍ਹੇ।
ਖ਼ੁਸ਼ਬੂ ਹਰਿਕ ਵਿਹੜੇ ਦੀ ਬਣ ਕੇ ਮਹਿਕੀਏ ਹੁਣ ਇਸ ਵਰ੍ਹੇ।

ਹਿੰਸਾ ਦੇ ਸਭ ਸੌਦਾਗਰਾਂ ਨੂੰ ਚੰਡੀਏ ਹੁਣ ਇਸ ਵਰ੍ਹੇ।
ਮੋਹ ਪਿਆਰ ਦੇ ਭਰਪੂਰ ਗੱਫ਼ੇ ਵੰਡੀਏ ਹੁਣ ਇਸ ਵਰ੍ਹੇ।

ਖ਼ੁਦ ਨੂੰ ਹੀ ਅਪਣੀ ਸਾਣ ਉੱਤੇ ਪਰਖੀਏ ਹੁਣ ਇਸ ਵਰ੍ਹੇ।
ਆਉ, ਕਿ ਬਣ ਕੇ ਦਿਲ ਕਿਸੇ ਦਾ ਧੜਕੀਏ ਹੁਣ ਇਸ ਵਰ੍ਹੇ।
(ਝਿਲਮਿਲ ਦੁਪੱਟਾ ਸੈਂਟਰ, ਗਲੀ ਹਕੀਮਾਂ ਵਾਲੀ, ਮੁਕਤਸਰ)



3 **ਕਸ਼ਮੀਰ ਨੀਰ**

ਆਵੇ ਕੋਈ ਭੁਚਾਲ, ਨੀਂਦ ਟੁੱਟੇ।
ਡੋਲੇ ਧਰਤੀ ਦੀ ਚਾਲ, ਨੀਂਦ ਟੁੱਟੇ।

ਉੱਭੜ-ਵਾਹੇ ਮਕਾਨ ਛੱਡ ਭੱਜੀਏ,
ਡਰ ਚੋਂ ਜਨਮੇਂ ਜਲਾਲ, ਨੀਂਦ ਟੁੱਟੇ।

ਅੱਧੀ ਰਾਤੀਂ ਨਮ ਅੱਖੀਆਂ ਅੰਦਰ
ਕੋਈ ਬਲਦੀ ਮਿਸ਼ਾਲ, ਨੀਂਦ ਟੁੱਟੇ।

ਰਾਤ ਤਿੜਕੇ ਹਨੇਰ ਨੂਰ ਬਣੇ,
ਮੁੱਖ-ਸੂਰਜ ਵਿਖਾਲ, ਨੀਂਦ ਟੁੱਟੇ।

ਹੋਸ਼ ਆਵਣ ਦੇ ਲਈ ਨੇ ਚਾਹੀਦੇ।
ਹੋਰ ਕਿੰਨੇ ਭੁਚਾਲ, ਨੀਂਦ ਟੁੱਟੇ।
**ਅਫ਼ਜ਼ਲ ਗੜ੍ਹ (ਬਿਜਨੌਰ) ਯੂ.ਪੀ.**

4. **ਮਹਿਮਾ ਸਿੰਘ**

ਵਰ੍ਹਿਆਂ ਵਾਲੇ ਸੌ ਦੁਖੜੇ ਨੇ ਮੇਰੀ ਜਾਨ ਇਕੱਲੀ ਨੂੰ।
ਕੀਕਣ ਯਾਰ ਦਬਾ ਕੇ ਰੱਖਾਂ ਦਿਲ ਦੀ ਪੀੜ ਅਵੱਲੀ ਨੂੰ।

ਦਿਲ ਦੇ ਵਿਚ ਕੁਹਰਾਮ ਜਿਹਾ ਹੈ ਅਰਮਾਨਾਂ ਦਾ ਯੁੱਧ ਕੋਈ
ਕਿਹੜੇ ਪਾਸੇ ਮੋੜਾ ਦੇਵਾਂ ਸਾਹਾਂ ਦੀ ਤਰਥੱਲੀ ਨੂੰ।

ਥਲ ਡੂੰਗਰ ਦੀ ਵਾਟ ਹੈ ਡੂੰਘੀ ਸਿਰ 'ਤੇ ਧੁੱਪ ਕਹਿਰ ਦੀ ਹੈ,
ਸ਼ਬਨਮ ਵਰਗੀ ਜਿੰਦ ਹੈ ਮੇਰੀ ਕਿੰਜ ਰੋਕਾਂ ਖੁਰ ਚੱਲੀ ਨੂੰ।
ਕਿੰਨੀ ਕਾਲਖ਼ ਮਾਨਵ ਦੇ ਚੌਗਿਰਦੇ ਵਿਚ ਹੈ ਫੈਲ ਰਹੀ,
ਰਲ ਮਿਲ ਕੇ ਸਭ ਰੋਕੋ ਯਾਰੋ ਦੂਸ਼ਿਤ ਸੋਚ ਕਵੱਲੀ ਨੂੰ।
ਆਪਣਾ ਕੁਨਬਾ ਪਾਲ ਰਿਹਾ ਜੋ ਘਾਣ ਕਰਾ ਕੇ ਲੋਕਾਂ ਦਾ,
ਕੀ ਕਰਨਾ ਹੈ ਆਪਾਂ ਐਸੇ ਨੇਤਾ ਦੀ ਭੜਮੱਲੀ ਨੂੰ।

ਮੂੰਹ ਨਾ ਲਾਵੋ, ਤੌਣੀ ਲਾਵੋ, ਮਾਯਾਵਾਦੀ ਢਾਣੀ ਨੂੰ,
ਮੁੜ ਕੇ ਕਿਧਰੇ ਠਾਰ੍ਹ ਮਿਲੇ ਨਾ ਹੱਦੋਂ ਪਾਰ ਦਬੱਲੀ ਨੂੰ।

ਜੀਅ ਕਰਦਾ ਹੈ ਅਗਲੀ ਉਮਰਾ ਵਿਚ ਵੀ ਉਸ ਦੇ ਨਾਲ ਨਿਭਾਂ,
ਐਨੇ ਚਿਰ ਤੋਂ ਮਾਣ ਰਿਹਾ ਹਾਂ ਜਿਸ ਦੀ ਨਜ਼ਰ ਸਵੱਲੀ ਨੂੰ।
(ਪਿੰਡ+ਡਾਕ. ਹਲਵਾਰਾ ਲੁਧਿਆਣਾ)

5 **ਗੁਰਨਾਮ ਢਿੱਲੋਂ**

ਦੋ ਕਦਮ ਮੰਜਲ ਵਲ ਵਧ ਕੇ ਜੋ ਸਾਹ ਫੁੱਲ ਗਿਆ।
ਉਸ ਕਾਫ਼ਲੇ ਉੱਤੇ ਸਮਝੋ ਝੱਖੜ ਝੁੱਲ ਗਿਆ।

ਪਿੰਡ ਦੇ ਬੋਹੜਾਂ ਹੇਠਾਂ ਬੈਠੇ ਲੋਕੀਂ ਕਰਨ ਵਿਚਾਰਾਂ,
ਦਿੱਲੀ ਦੇ ਵਿਚ ਜਾ ਕੇ ਨੇਤਾ ਰਸਤਾ ਭੱਲ ਗਿਆ।

ਉਸ ਫੋਕੇ ਵਿਦਰੋਹੀ ਦਾ ਕੀ ਮਹਿਫ਼ਲ ਵਿਚ ਨਾਂ ਲੈਣਾ,
ਸਾਂਝ-ਭਿਆਲੀ ਦੀ ਤੱਕੜੀ ਵਿਚ ਜਿਹੜਾ ਤੁੱਲ ਗਿਆ।

ਆ! ਹੁਣ ਸਾਥੀ ਪਿਆਰ ਵਧਾਈਏ ਲੋਕ ਲਹਿਰ ਸੰਗ ਜੁੜੀਏ
ਚੀਨੀ, ਰੂਸੀ ਵੰਡ 'ਚ ਸਾਂਝਾ ਸੁਪਨਾ ਰੁਲ ਗਿਆ।

ਬੁੱਕਲ ਦੇ ਵਿਚ ਲੱਡੂ ਭੋਰਨ ਦੀ ਜਿਸ ਨੂੰ ਸੀ ਵਾਦੀ
ਭੇਦ ਚੁਰਾਹੇ ਦੇ ਵਿਚ ਉਹਦਾ ਆਖ਼ਰ ਖੁੱਲ੍ਹ ਗਿਆ। (ਪੋਰਟਸ ਮੱਥ-ਯੂ.ਕੇ.)

****

6. **ਮਹਾਂਬੀਰ ਸਿੰਘ ਦਰਦੀ**

ਕਲਮ ਕਾਰੋ! ਨਿਡਰ ਹੋ ਕੇ ਦਿਲੀ ਅਰਮਾਨ ਲਿਖ ਦੇਵੋ,
ਚਮਨ ਦੀ ਹਰ ਕਲੀ ਦੇ ਹੋਠਾਂ ਤੇ ਮੁਸਕਾਨ ਲਿਖ ਦੇਵੋ।

ਬਿਆਈਆਂ ਦੇ ਭਰੇ ਹਥ ਨੂੰ ਤੁਸੀਂ ਭਗਵਾਨ ਲਿਖ ਦੇਵੋ,
ਅਤੇ ਹਰ ਝੌਂਪੜੀ ਦੇ ਮੱਥੇ ਹਿੰਦੁਸਤਾਨ ਲਿਖ ਦੇਵੋ।

ਨਵੇਂ ਦਿਨ ਵੇਚਦਾ ਏ ਧਰਮ ਤੇ ਈਮਾਨ ਲਿਖ ਦੇਵੋ,
ਮਖੌਟੇ ਬਾਜ਼ ਹੈ ਅਜ ਕਲ ਸਿਆਸਤਦਾਨ ਲਿਖ ਦੇਵੋ।

ਨਿਪੱਤੇ ਰੁੱਖਾਂ ਨੂੰ ਦੇਵੋ ਬਹਾਰਾਂ ਦਾ ਪਤਾ ਲਿਖ ਕੇ,
ਪਰਿੰਦੇ ਬੇਪਰਾਂ ਦੇ ਭਾਗ ਵਿਚ ਅਸਮਾਨ ਲਿਖ ਦੇਵੋ।
ਨਿਜੀ ਹਿਤ ਨੂੰ ਜੋ ਪਰ ਹਿਤ ਵਾਸਤੇ ਕੁਰਬਾਨ ਕਰਦਾ ਹੈ,
ਅਜੇਹੇ ਆਦਮੀ ਤਾਈਂ ਨਿਰਾ ਇਨਸਾਨ ਲਿਖ ਦੇਵੋ।

ਮੇਰੀ ਖੰਡਰ ਬਣੀ ਦਿਲ ਦੀ ਹਵੇਲੀ ਵਿਚ ਸਦਾ ਵਸਦੈ,
ਕਿਸੇ ਇਕ ਬੇਵਫਾ ਦੀ ਯਾਦ ਦਾ ਮਹਿਮਾਨ ਲਿਖ ਦੇਵੋ।

ਹਯਾਤੀ ਮੁਫਲਸਾਂ ਦੀ ਨਾਲ ਖੇਡੇ ਨਾ ਧਨੀ ਕੋਈ,
ਕਿ 'ਦਰਦੀ' ਮੁਫਲਸਾਂ ਦੇ ਨਾਮ ਇੱਜ਼ਤ ਤੇ ਆਨ ਲਿਖ ਦੇਵੋ।

****



7. **ਅਮਰਦੀਪ ਸੰਧਾਵਾਲੀਆ**

ਜੱਦੀ ਘਰ ਨੂੰ ਵੇਚਣ ਮਗਰੋਂ ਪਿੰਡ ਕਦੇ ਜਦ ਆਉਂਦੇ ਹਾਂ,
ਰੌਣਕ ਮੇਲੇ ਅੰਦਰ ਵੀ ਨਾ ਜਾਣੇ ਕਿਉਂ ਘਬਰਾਉਂਦੇ ਹਾਂ।

ਸ਼ਹਿਰ 'ਚ ਫੋਕੀ ਲਿਸ਼ਕ-ਪੁਸ਼ਕ ਤੇ ਰਿਸ਼ਤੇ ਖ਼ੁਸ਼ਕ ਜਿਹੇ ਸਾਰੇ,
ਮੁਸ਼ਕ ਫ਼ਰੇਬਾਂ ਦੀ ਨਾ ਆਵੇ ਤਾਂ ਹੀ ਸੈਂਟ ਲਗਾਉਂਦੇ ਹਾਂ।

ਸਾਡੀ ਸਰਦ ਕਹਾਣੀ ਉੱਤੇ ਦਰਦਾਂ ਦੀ ਹੈ ਗਰਦ ਚੜ੍ਹੀ,
ਮਹਿਫ਼ਿਲ ਅੰਦਰ ਜਾ ਕੇ ਭਾਵੇਂ ਧੁੱਪ ਦਾ ਗੀਤ ਸੁਣਾਉਂਦੇ ਹਾਂ।

ਸੱਚੀ ਗੱਲ ਜੇ ਪੁੱਛਦੇ ਹੋ ਤਾਂ ਨ੍ਹੇਰੇ ਤੋਂ ਡਰ ਹੈ ਲਗਦਾ,
ਆਖਣ ਨੂੰ ਤਾਂ ਅੰਬਰ ਤੋਂ ਵੀ ਤਾਰੇ ਤੋੜ ਲਿਆਉਂਦੇ ਹਾਂ।

ਰੋਜ਼ ਮਿਲਾਉਣਾ ਹੱਥ ਮੈਨੂੰ ਤਾਂ ਗੰਦੀ ਗਾਲ੍ਹ ਜਿਹਾ ਜਾਪੇ,
'ਅਮਰ' ਮਜ਼ਾ ਤਾਂ ਆਉਂਦਾ ਹੈ ਜਦ ਰੁੱਸੇ ਯਾਰ ਮਨਾਉਂਦੇ ਹਾਂ।

8. * **ਸ਼ਾਮ ਸੁੰਦਰ**

ਉਜਾੜਨ ਬਾਗ਼ ਜੋ, ਰਾਖੇ ਚਮਨ ਦੇ ਆਪ ਬਣ ਬੈਠੇ।
ਤਬਾਹੀ ਏਸ ਦੀ ਕਰਨੀ, ਉਹ ਛਾਤੀ ਠੋਕ ਤਣ ਬੈਠੇ।

ਇਨ੍ਹਾਂ ਦਾ ਡੰਗਿਆ, ਮੰਗੇ ਨਾ ਪਾਣੀ ਮੌਤ ਹੀ ਮੰਗੇ,
ਗਲੀ ਹਰ ਮੋੜ ਤੇ ਜ਼ਹਿਰੀ ਉਠਾਈ ਨਾਗ ਫਣ ਬੈਠੇ।
ਨਿਤਾਰਾ ਕਰਨਗੇ ਲੋਕੀਂ, ਤੇਰਾ, ਅਪਣੀ ਅਦਾਲਤ ਵਿਚ,
ਤਰਾਜ਼ੂ ਧਰਮ ਦਾ ਫੜ੍ਹ ਜੋ ਤੇਰੇ ਪੁੰਨ-ਪਾਪ ਛਣ ਬੈਠੇ।

ਉਠਾਕੇ ਪੂਛ ਭੱਜੇਗਾ, ਹਊ ਦੋਸ਼ੀ ਜੋ ਲੋਕਾਂ ਦਾ,
ਜੇ ਲੋਕੀਂ ਲੋਕ ਹਿੱਤਾਂ ਵਾਸਤੇ ਹੀ ਆਣ ਰਣ ਬੈਠੇ।

ਹੋਈਂ ਧਰਤੀ ਨਹੀਂ ਬੰਜਰ, ਅਜੇ ਤਾਂ ਆਸ ਹੈ ਬਾਕੀ,
ਪਤਾ ਨਹੀਂ ਕਿਸ ਘੜੀ ਕਿਸ ਪਲ ਕੋਈ ਹੀਰਾ ਲਾਲ ਜਣ ਬੈਠੇ।
**(V.P.O ਪੋਸੀ, ਹੁਸ਼ਿਆਰਪੁਰ)**

9. **ਨਦੀਮ ਪਰਮਾਰ**

ਜੇ ਗ਼ਜ਼ਲ ਦਾ 'ਗਜਲ' ਕਹਿ ਝਟਕਾ ਕਰੋਗੇ,
ਰੂਹ ਕਿਹੜੀ ਏਸ ਦੀ ਰਗ ਵਿਚ ਭਰੋਗੇ?

ਜੇ 'ਭੁਜੰਗ' ਦੀ ਚਾਲ ਇਸ ਨੂੰ ਭੁੱਲ ਗਈ ਤਾਂ,
ਫਿਰ ਚਮੁਖੀਆ ਦੀਪ ਕਿਸ ਦੇ ਸਿਰ ਧਰੋਗੇ?

ਫ਼ਾਇਲਾਤੁਨ "ਮਟਕ ਨਾ' ਤੁਰਨਾ" ਭੁਲਾ ਕੇ,

ਕੋਰਾ ਵਾਲੀ ਝਾਂਜਰਾ ਦਾ ਕੀ ਕਰਤਾ

ਫਾਇਲੁਨ, ਮੁਸਤੁਫਇਲੁਨ, ਸਗੀਤ ਵਿਦਿਆ,
ਜੀਣ ਦਾ ਸੰਗੀਤ ਫਿਰ ਕਿਸ ਵਿਚ ਭਰੋਗੇ?

ਮਖ਼ਮਲੀ ਲੈ, ਛੰਦ, ਸ਼ਬਦਾਂ ਦਾ ਤਰੰਨਮ,
ਲੋਪ ਕਰਨੇ ਦਾ ਯਤਨ ਕਦ ਤਕ ਕਰੋਗੇ?

ਮੌਛਾ ਟੁਕ ਤੇ ਸਿਰਖਿੰਡੀ ਕਵਿਤਾ ਨੂੰ ਲੈ ਕੇ
ਸਿਰਜਣਾ ਕਿਹੜੇ ਗ੍ਰੰਥਾਂ ਦੀ ਕਰੋਗੇ?

ਜੇ ਵਿਰਾਸਤ ਚੋਂ ਲਿਆ ਨਾ ਕੁਝ 'ਨਦੀਮ'
ਫਿਰ ਵਿਰਾਸਤ ਵਿੱਚ ਕੀ ਛੱਡ ਕੇ ਮਰੋਗੇ?

10. **ਮਨਜੀਤ ਬਠਿੰਡਾ**

ਰਹੇ ਸੇਕਦੇ ਚਸਕਦੇ ਪੋਟਿਆ ਨੂੰ,
ਜਦੋਂ ਜੋੜਿਐ ਤਿੜਕਿਐਂ ਸ਼ੀਸ਼ਿਆਂ ਨੂੰ।

ਮਿਲੇ ਜਦ ਵੀ ਉਹ ਫਾਸਲੇ ਹੋਰ ਹੋਏ,
ਉਲਾਭਾ ਹੈ ਕਾਹਦਾ ਗਿਲੇ ਸ਼ਿਕਵਿਆਂ ਨੂੰ।

ਮਰੇ ਬਿਰਖ ਦੇ ਮੋਏ ਫੁਲਾਂ ਦੇ ਉੱਤੇ,
ਅਸੀਂ ਦੇਖਿਐ ਹਸਦੀਆਂ ਤਿੱਤਲੀਆਂ ਨੂੰ।
ਨਹੀਂ ਸਿਰਜਿਆ ਕੋਈ ਰਿਸ਼ਤਾ ਉਮਰ ਭਰ,
ਕਿਉਂ ਕੋਸਦੇ ਹੋ ਮਿਲੇ ਰਿਸ਼ਤਿਆਂ ਨੂੰ।

ਸਿਆਹੀ ਤੁਸਾਂ ਕਾਲੀ ਵਰਤੀ ਹਮੇਸ਼ਾਂ,
ਸਮਾਂ ਕੀ ਲੁਕਾਊ ਲਿੱਖ ਵਰਕਿਆਂ ਨੂੰ।
ਕਿ 'ਮਨਜੀਤ' ਪੀਦਾਂ ਰਿਹਾ ਪੀੜ ਖ਼ੁਦ ਹੀ,
ਰੁਆਇਆ ਨਹੀਂ ਪਰ ਕਦੇ ਸਿਸਕੀਆਂ ਨੂੰ।

11. **ਸੁਰਿੰਦਰ ਪ੍ਰੀਤ ਘਣੀਆ**

ਉਦਾਸ ਨਾ ਹੋ ਐ ਦਿਲਾ! ਰੱਖ ਜਬਤ ਇਉਂ ਬਣਦਾ ਹੈ ਕੀ?
ਮੁਸ਼ਕਿਲਾਂ ਪੀੜਾਂ ਬੀਂ ਤੇਰਾ ਜਾਣ ਲੈ ਰਿਸ਼ਤਾ ਹੈ ਕੀ?

ਬੈਠ ਕੇ ਰੁੱਖਾਂ ਦੀ ਛਾਂਵੇ ਆਂਵਦਾ ਹੈ ਕਦ ਮੁਕਾਮ,
ਪਰ ਨਿਰੰਤਰ ਤੁਰਦਿਆਂ ਕ਼ਦਮਾਂ ਨੂੰ ਉੂੰ ਪੈਂਡਾ ਹੈ ਕੀ?

ਉਸ ਮੁਸੱਵਰ ਨੇ ਡੁਬੋ ਲਏ ਬੁਰਸ਼ ਆਪਣੇ ਖ਼ੂਨ ਬੀ,
ਦੇਖਿਓ, ਤਸਵੀਰ ਵਿੱਚ ਹੁਣ ਰੰਗ ਉਹ ਭਰਦਾ ਹੈ ਕੀ?



ਗਮ, ਤਸੀਹੇ, ਬੇੜੀਆਂ, ਸੂਲੀ, ਸਲੀਬਾਂ, ਪਿੰਜਰ,
ਜਾਣਦਾ ਹਾਂ ਸਾਰਿਆਂ ਸੰਗ ਸੱਚ ਦਾ ਰਿਸ਼ਤਾ ਹੈ ਕੀ?

ਖ਼ਤ 'ਚ ਲਿਖਣਾ ਸੀ ਉਹ ਮੈਨੂੰ ਦਿਲ ਕਦੇ, ਦਿਲ ਦਾ ਨਗਰ,
ਕੁਝ ਨਹੀਂ, ਕੀ ਦੱਸਾਂ ਕਿ ਹੁਣ ਉਹ ਮੈਨੂੰ ਲਿਖਦਾ ਹੈ ਕੀ?

ਉਸ ਦਾ ਈਮਾਨ ਕੀ ਤੇ ਧਰਮ ਕੀ, ਜਿਹੜਾ ਕਵੀ,
ਸੁਣਦਾ ਹੈ ਕੀ, ਦੇਖਦਾ ਹੈ ਕੀ ਮਗਰ ਲਿਖਦਾ ਹੈ ਕੀ?
**(C/o ਮੁਖਤਿਆਰ ਸਿੰਘ ਬਰਾੜ, ਅਜੀਤ ਰੋਡ, ਗਲੀ ਨੰ. 20, ਬਠਿੰਡਾ)**

12. **ਸ.ਨ. ਸੇਵਕ**

ਮੇਰੇ ਸਫ਼ਰ ਦੇ ਅੰਤ ਦਾ ਕੋਈ ਪਤਾ ਨਹੀਂ।
ਤੁਰਨਾ ਮਿਰਾ ਨਸੀਬ ਹੈ ਕੋਈ ਪੜਾ ਨਹੀਂ।
ਰਸਤੇ ਬਹੁਤ ਨੇ ਪਰ ਮਿਰਾ ਰਸਤਾ ਅਜੀਬ ਹੈ,
ਕਹਿੰਦੇ ਨੇ ਇਸ ਤਰਫ਼ ਕਦੇ ਕੋਈ ਗਿਆ ਨਹੀਂ।
ਇਹ ਕਿਸ ਤਰ੍ਹਾਂ ਦਾ ਸ਼ਖ਼ਸ ਹੈ ਡਰਦਾ ਨਹੀਂ ਜ਼ਰਾ,
ਪੱਥਰ ਵੀ ਖਾ ਰਿਹਾ ਏ ਫਿਰ ਵੀ ਬੋਲਦਾ ਨਹੀਂ।
ਆਪਣੇ ਅਤੀਤ ਨੂੰ ਭੁਲਾ ਕਿੱਦਾਂ ਕਹਾਂ ਮਹਾਨ,
ਇਨਸਾਨ ਇਸ ਦੀ ਕੈਦ ਵਿਚੋਂ ਨਿਕਲਿਆ ਨਹੀਂ।
ਦੁਨੀਆਂ ਦੀ ਭੀੜ ਵਿਚ ਹੈ ਗੁੰਮਿਆ ਮਿਰਾ ਵਜੂਦ।
ਪਰ ਭੀੜ ਵਾਂਗ ਮੈਂ ਕਦੇ ਵੀ ਸੋਚਿਆ ਨਹੀਂ।
**(2998, ਗੁਰਦੇਵ ਨਗਰ, ਲੁਧਿਆਣਾ, 141001)**

***ਪੁਸਤਕ ਪ੍ਰੀਚੈ***

## ਮੇਰੇ ਗੀਤ ਤੇਰੇ ਨਾਮ/ਕਾਮਰੇਡ ਮੁਲਖ ਰਾਜ

ਜ਼ਿਲ੍ਹਾ ਗੁਰਦਾਸਪੁਰ ਦੇ 50 ਰੁ. ਸਾਲਾਂ ਦੇ ਸਾਰੇ ਜੁਝਾਰ ਤੇ ਹਸਾਸ ਬੰਦਿਆਂ ਨੂੰ ਕਾਮਰੇਡ ਮੁਲਖ ਰਾਜ ਦੇ ਬਹੁਤ ਸਾਰੇ ਗੀਤ ਜ਼ੁਬਾਨੀ ਯਾਦ ਨੇ। 'ਉਇ ਜੱਗੂ, ਉਇ ਫੱਗੂ, ਟੈਕਸ ਵਧਾਏ ਇਹਨਾਂ ਦੇਸ਼ ਦਿਆਂ ਹਾਕਮਾਂ ਨੇ ਵਟਣਾ ਚੜ੍ਹੂ ਤੇ ਪਤਾ ਲੱਗੂ', 'ਸੁਣ ਕੋਮੀ ਸਰਕਾਰੇ, ਤੈਨੂੰ ਰੋਂਦੇ ਲੋਕੀਂ ਸਾਰੇ, ਗੋਰੇ ਦੀ ਥਾਂ ਕਾਲਾ ਆਇਆ। ਉਹ ਵੀ ਛੜੀਆਂ ਮਾਰੇ' 'ਥਾਂ ਥਾਂ ਉੱਤੇ ਬਦਲਦੀਆਂ ਸਰਕਾਰਾਂ ਨੂੰ ਵੇਖੋ, ਢਹਿ ਕੇ ਢੇਰੀ ਹੋ ਰਹੀਆਂ ਦੀਵਾਰਾਂ ਨੂੰ ਵੇਖੋ ਅਤੇ ਸੁਣ ਸੁਣ ਸੁਣ, ਸੁਣ ਤਾਰੂ ਸੁਣ। ਦੇਸ ਰਾਜ ਵਿਚ ਬੜੇ ਬੜੇ ਗੁਣ . ਆਦਿ ਗੀਤ ਤਾਂ ਸੰਨ 55-56 ਵਿਚ ਬੱਚੇ ਗਲੀਆਂ ਵਿਚ ਗਾਉਂਦੇ ਫਿਰਦੇ ਹੁੰਦੇ ਸਨ। ਗੁਰਦਾਸਪੁਰ ਦਾ ਕੋਈ ਵੀ ਸਾਹਿਤਕ ਮੇਲਾ ਅੱਜ ਤੀਕ ਵੀ ਕਾਮਰੇਡ ਮੁਲਖ ਰਾਜ ਦੇ ਸੁਰਮਈ ਅਤੇ ਲੋਕਾਂ ਦੀ ਪੀੜ ਵਿਚ ਗੜੁੱਚ ਗੀਤ ਨਾਲ ਹੀ ਸ਼ੁਰੂ ਹੁੰਦਾ ਹੈ। ਉਹ ਵੱਡੀ ਤੋਂ ਵੱਡੀ ਤੇ ਅੜਬ ਭੀੜ ਨੂੰ ਵੀ ਆਪਣੇ ਦਰਦਮਈ ਕੰਠ ਨਾਲ ਕੀਲ ਕੇ ਰੱਖਣ ਦੀ ਸਲਾਹੀਅਤ ਰੱਖਦਾ ਹੈ। ਕਿਰਪਾਲ ਸਿੰਘ ਯੋਗੀ, ਪ੍ਰੀਤਮ ਸਿੰਘ ਦਰਦੀ ਤੇ ਮੱਖਣ ਕੁਹਾੜ ਨੇ ਕਿਤਾਬ ਵਿਚ ਲੇਖ ਲਿਖੇ ਨੇ। ਇਹ ਪੁਸਤਕ 72 ਸਫਿਆਂ ਵਿਚ 38 ਸਟੇਜੀ ਗੀਤ ਸਾਂਭੀ ਬੈਠੀ ਹੈ। ਇਹ ਕਿਤਾਬ ਮੁਲਖ ਰਾਜ ਦੇ ਹਿਤੈਸ਼ੀਆ ਨੇ ਖਿੰਡੇ-ਪੁੰਡੇ ਗੀਤ ਸਾਂਭ ਕੇ ਉਸ ਨੂੰ ਸਲਾਮੀ ਦਿੱਤੀ ਹੈ। ਲੋਕਾ ਲਈ ਜੂਝ ਰਹੇ ਅਤੇ ਸਟੇਜਾਂ ਉੱਤੇ ਗੀਤ ਗਾਉਣ ਵਾਲਿਆਂ ਲਈ ਇਹ ਸਦਾ ਬਹਾਰ ਪੁਸਤਕ ਸਜਿਲਦ 40 ਰੁਪਏ ਵਿਚ ਕਾਮਰੇਡ ਮੁਲਖ ਰਾਜ ਅਜ਼ਾਮ ਵਾੜਾ ਚੌਕ ਗੁਰਦਾਸਪੁਰ ਤੋਂ ਮਿਲ ਸਕਦੀ ਹੈ। :: *—ਸੁਲੱਖਣ ਸੁਰਹੱਦੀ*

# ਮੇਰੇ ਸਾਹਿਤਕ ਦੁਸ਼ਮਣ

*—ਪਾਬਲੋ ਨੇਰੂਦਾ*

ਮੈਂ ਆਸ ਕਰਦਾ ਹਾਂ ਕਿ ਦੁਨੀਆਂ ਦੇ ਸਭ ਭਾਗਾਂ ਦੇ ਲੇਖਕਾਂ ਵਿਚ ਛੋਟੇ ਜਾਂ ਵੱਡੇ ਟਕਰਾਅ ਹੋਏ ਤੇ ਹੁੰਦੇ ਰਹਿਣਗੇ।

ਸਾਡੇ ਅਮਰੀਕਾ ਮਹਾਂਦੀਪ ਵਿਚ ਸਾਹਿਤ ਦੇ ਖੇਤਰ ਵਿਚ ਹੋਏ ਆਤਮਘਾਤਾਂ ਦੀ ਗਿਣਤੀ ਕਾਫੀ ਵੱਡੀ ਹੈ। ਇਨਕਲਾਬੀ ਰੂਸ ਵਿਚ ਈਰਖਾ ਦੇ ਭਰੇ ਮਨੁੱਖਾਂ ਕਾਰਨ ਮਾਇਆਕੋਵਸਕਾਈ ਨੂੰ ਘੇਰਾ ਪਾਇਆ ਗਿਆ ਤੇ ਅੰਤ ਨੂੰ ਉਸ ਨੇ ਆਪਣੇ ਆਪ ਨੂੰ ਗੋਲੀ ਮਾਰ ਲਈ।

ਲਾਤੀਨੀ ਅਮਰੀਕਾ ਵਿਚ ਨਿੱਕੀਆਂ ਨਿੱਕੀਆਂ ਖੁਣਸਾਂ ਭੜਕਾਹਟ ਦਾ ਕਾਰਨ ਬਣਦੀਆਂ ਹਨ। ਕਿਹਾ ਜਾਂਦਾ ਹੈ ਕਿ ਅਸੀਂ ਇਹ ਰੁੱਚੀ ਬਸਤੀਵਾਦੀ ਸਪੇਨ ਤੋਂ ਵਿਰਸੇ ਵਿਚ ਲਈ ਸੀ, ਜਿੱਥੇ ਕਿ ਇਹ ਬਹੁਤ ਭਾਰੂ ਸੀ। ਇਹ ਵੀ ਸੱਚ ਹੈ ਕਿ ਕਿਊਵੇਦ ਲੋਪੇ-ਦਾ-ਵੇਗਾ ਅਤੇ ਗੰਗੋਰਾ ਦੀਆਂ ਲਿਖਤਾਂ ਵਿਚ, ਉਹਨਾਂ ਜ਼ਖ਼ਮਾਂ ਦਾ ਜ਼ਿਕਰ ਹੈ, ਜਿਹੜੇ ਉਹ ਇੱਕ ਦੂਜੇ ਤੇ ਲਾਉਂਦੇ ਰਹੇ ਸਨ। ਆਪਣੇ ਭਰਪੂਰ ਬੌਧਿਕ ਚਮਤਕਾਰ ਦੇ ਬਾਵਜੂਦ, ਸਪੇਨ ਦਾ ਸੁਨਹਿਰੀ ਯੁੱਗ ਨਾਖੁਸ਼ੀ ਦਾ ਸਮਾਂ ਸੀ, ਜਦੋਂ ਕਿ ਭੁੱਖ ਮਹੱਲਾਂ ਦੇ ਬਾਹਰ ਚੋਰੀ ਚੋਰੀ ਘੁੰਮਦੀ ਫਿਰਦੀ ਹੁੰਦੀ ਸੀ।

ਪਿਛਲੇ ਕੁਝ ਸਾਲਾਂ ਵਿਚ ਸਾਡੇ ਦੇਸਾਂ ਵਿਚ ਨਾਵਲ ਦੇ ਨਵੇਂ ਪਾਸਾਰ ਵੇਖਣ ਨੂੰ ਮਿਲੇ ਹਨ। ਗਰਸ਼ੀਆ ਮਾਰਕਵੇਜ਼, ਜੁਆਨ ਰੂਲ ਫੋ ਵਰਗਾਸ ਲਲੋਸਾ, ਸਾਬਾਟੋ, ਕਾਰ ਤੇਜਾਰ, ਕਾਰਲੋਸ ਫਉਂਟਿਸ ਅਤੇ ਚਿੱਲੀ ਦਾ ਦਸੋਨੋ ਦੇ ਨਾਂ ਸੁਣੇ ਜਾਂਦੇ ਹਨ ਤੇ ਉਹਨਾਂ ਦੀਆਂ ਲਿਖਤਾਂ ਹਰ ਥਾਂ ਪੜ੍ਹਦੀਆਂ ਜਾਂਦੀਆਂ ਹਨ। ਉਹਨਾਂ ਵਿਚੋਂ ਕਈਆਂ ਨੂੰ "ਗਰਮ ਬਾਜ਼ਾਰੀ" ਵੀ ਕਿਹਾ ਜਾਂਦਾ ਸੀ। ਇਹ ਆਮ ਚਰਚਾ ਸੀ ਕਿ ਉਹ ਇੱਕ ਗਰੁਪ ਸੀ ਜਿਹੜਾ ਇੱਕ ਦੂਜੇ ਦਾ ਢੋਲ ਵਜਾਉਂਦਾ ਸੀ।

ਮੈਂ ਉਹਨਾਂ ਵਿਚੋਂ ਬਹੁਤਿਆਂ ਨੂੰ ਮਿਲਿਆ ਹਾਂ ਤੇ ਮੈਂ ਵੇਖਿਆ ਹੈ ਕਿ ਉਹ ਗੁਣਵਾਨ ਤੇ ਖੁੱਲ੍ਹ ਦਿਲੇ ਹਨ। ਮੈਂ ਹਰ ਦਿਨ ਦੇ ਬੀਤਣ ਨਾਲ ਇਸ ਗੱਲ ਨੂੰ ਸਪਸ਼ਟ ਭਾਂਤ ਸਮਝ ਰਿਹਾ ਹਾਂ ਕਿ ਕਿਉਂ ਕੰਮ ਕਰਨ ਲਈ ਵਧੇਰੇ ਸ਼ਾਂਤੀ ਭਰਿਆ ਮਾਹੌਲ ਲੱਭਣ ਲਈ, ਉਹਨਾਂ ਨੂੰ ਬਾਹਰਲੇ ਦੇਸ਼ਾਂ ਵਿਚੋਂ ਜਾਕੇ ਸ਼ਰਨ ਲੈਣੀ ਪਈ ਸੀ। ਮਨਮਰਜ਼ੀ ਨਾਲ ਦੇਸ਼-ਨਿਕਾਲਾ ਲੈਣ ਦੀਆਂ ਉਹਨਾਂ ਦੀਆਂ ਦਲੀਲਾਂ ਨੂੰ ਰੱਦ ਨਹੀਂ ਕੀਤਾ ਜਾ ਸਕਦਾ। ਉਹਨਾਂ ਦੀਆਂ ਕਿਤਾਬਾਂ ਨਿਸ ਦਿਨ ਸੱਚ ਲਈ ਤੇ ਸਾਡੇ ਅਮਰੀਕੀ ਦੇਸਾਂ ਦੇ ਸੁਪਨਿਆਂ ਲਈ ਵਧੇਰੇ ਤੋਂ ਵਧੇਰੇ ਜ਼ਰੂਰੀ ਹੁੰਦੀਆਂ ਜਾ ਰਹੀਆਂ ਹਨ।

ਮੈਂ ਅਤਿ ਈਰਖਾ ਬਾਰੇ ਆਪਣੇ ਨਿਜੀ ਤਜਰਬੇ ਬਿਆਨ ਕਰਨ ਲੱਗਿਆਂ, ਮੈਨੂੰ ਬੜੀ ਝਿਜਕ ਅਨੁਭਵ ਹੁੰਦੀ ਹੈ। ਮੈਂ ਸਵੈ-ਕੇਂਦਰਤ ਮਨੁੱਖ ਬਣਿਆ ਵਿਖਾਈ ਨਹੀਂ ਦੇਣਾ ਚਾਹੁੰਦਾ, ਪਰ ਮੇਰੀ ਕਿਸਮਤ ਸੀ ਕਿ ਮੈਂ ਬਹੁਤ ਜ਼ਿੱਦੀ ਤੇ ਰੰਗਦਾਰ ਵਿਅਕਤੀਆਂ ਦੀ ਈਰਖਾ ਦਾ ਸ਼ਿਕਾਰ ਹੋ ਗਿਆ ਤੇ ਇਹ ਕਹਾਣੀ ਵਰਨਣ-ਯੋਗ ਪ੍ਰਤੀਤ ਹੁੰਦੀ ਹੈ।

ਇਹਨਾਂ ਨੁਕਤਾਚੀਨਾਂ ਦੇ ਪ੍ਰਛਾਵਿਆਂ ਨੇ ਮੈਨੂੰ ਕਈ ਵਾਰ ਗੁੱਸੇ ਵੀ ਕੀਤਾ ਹੋਵੇਗਾ। ਪਰ ਫਿਰ ਵੀ ਉਹ ਅਸਲ ਵਿਚ ਆਪਣੀ ਮਰਜ਼ੀ ਦੇ ਵਿਰੁੱਧ, ਮੇਰੀ ਮਹਿਮਾਂ ਵਧਾਉਣ ਦੀ ਅਜੀਬ ਡਿਊਟੀ ਨਿਭਾ ਰਹੇ ਸਨ। ਜਿਵੇਂ ਕਿ ਉਹ ਉਸ ਮੁਹਿੰਮ ਦੇ ਅੰਗ ਹੋਣ, ਜਿਹੜੀ ਕਿ ਮੇਰੀ ਪ੍ਰਸਿੱਧੀ ਬਾਹਰਲੇ ਦੇਸ਼ਾਂ ਵਿਚ ਵਧਾਉਣ ਦਾ ਇਕੋ ਇਕ ਕਾਰਜ ਪੂਰਾ ਕਰ ਰਹੇ ਹੋਣ।

ਮੇਰੀ ਸ਼ੱਕੀ ਵਿਰੋਧੀਆਂ ਵਿਚੋਂ ਇਕ ਦੀ ਦੁਖਾਂਤਕ ਮੌਤ ਨੇ ਮੇਰੇ ਜੀਵਨ ਵਿਚ ਥਾਂ ਖਾਲੀ ਕਰ ਦਿੱਤੀ ਹੈ। ਮੈਂ ਜੋ ਵੀ ਕੰਮ ਕਰਦਾ ਸੀ, ਉਸ ਨੇ ਉਸ ਦੇ ਵਿਰੁੱਧ ਕਿੰਨੇ ਸਾਲ ਜੰਗ ਜਾਰੀ ਰੱਖੀ ਸੀ ਤੇ ਹੁਣ ਮੈਨੂੰ ਉਸ ਦੀ ਘਾਟ ਅਨੁਭਵ ਹੋ ਰਹੀ ਹੈ।

ਮੇਰੇ ਲਈ ਚਾਲੀ ਸਾਲ ਤੀਕ ਸਾਹਿਤਕ ਤੌਰ ਤੇ ਕਸ਼ਟ ਝੱਲਣੇ ਅਸਾਧਾਰਨ ਗੱਲ ਸੀ। ਮੈਨੂੰ ਇਹ ਗੱਲ ਅਨੁਭਵ ਕਰਕੇ ਤੇ ਪਿਛਲ-ਝਾਤ ਮਾਰਦਿਆਂ ਖੁਸ਼ੀ ਅਨੁਭਵ ਹੁੰਦੀ ਹੈ ਕਿ ਉਹ ਲੜਾਈ ਇਕ ਆਦਮੀ ਵੱਲੋਂ ਆਪਣੇ ਹੀ ਪ੍ਰਛਾਵੇਂ ਦੇ ਵਿਰੁੱਧ ਸੀ, ਕਿਉਂਕਿ ਮੈਂ ਇਸ ਲੜਾਈ ਵਿਚ ਕਦੇ ਵੀ ਸਰਗਰਮ ਭਾਈਵਾਲ ਨਹੀਂ ਸੀ।



ਮੇਰੇ ਵਿਰੁੱਧ ਉਸ ਸੰਪਾਦਕ ਵਲੋਂ ਪੰਝੀ ਰਿਸਾਲੇ ਛਾਪੇ ਗਏ ਸਨ। ਉਹ ਇਕੱਲਾ ਹੀ ਹੁੰਦਾ ਸੀ। ਤਾਕਿ ਇਕ ਲੇਖਕ ਵਲੋਂ ਮੈਨੂੰ ਤਬਾਹ ਕੀਤਾ ਜਾ ਸਕੇ। ਤੇ ਮੇਰੇ ਉੱਤੇ ਹਰ ਤਰ੍ਹਾਂ ਦੇ ਜੁਰਮਾਂ, ਧੋਖੇ, ਕਾਵਿਕ ਥਕਾਵਟ, ਸਮਾਜਿਕ ਤੇ ਨਿੱਜੀ ਗੁਨਾਹਾਂ, ਸਾਹਿਤਕ ਚੋਰੀਆਂ, ਸਨਸਨੀ ਖੇਜ ਲਿੰਗਕ ਭ੍ਰਿਸ਼ਟਾਚਾਰ ਆਦਿ ਦੇ ਦੂਸ਼ਣ ਲਾਏ ਗਏ। ਪੈਂਫਲਿਟ ਵੀ ਛਾਪੇ ਗਏ ਤੇ ਬੜੀ ਜੁਗਤ ਨਾਲ ਵੰਡੇ ਗਏ। ਅਖ਼ਬਾਰਾਂ ਵਿਚ ਲੇਖ ਵੀ ਲਿਖੇ ਗਏ, ਜਿਹੜੇ ਕਈ ਵਾਰ ਬੜੇ ਹਸਾਉਣੇ ਹੁੰਦੇ ਸਨ ਤੇ ਆਖੀਰ ਉੱਤੇ 'ਮੈਂ ਤੇ ਨੇਰੂਦਾਂ' ਨਾਂ ਦੀ ਇਕ ਮੋਟੀ ਪੁਸਤਕ ਲਿਖੀ ਗਈ, ਇਸ ਵਿਚ ਕਈ ਹੱਤਕਾਂ ਭਰੇ ਹਮਲੇ ਸਨ।

ਮੇਰਾ ਇਹ ਵਿਰੋਧੀ ਇਕ ਚਿਲੀਅਨ ਕਵੀ ਸੀ, ਜੋ ਮੈਥੋਂ ਵੱਡੀ ਉਮਰ ਦਾ ਸੀ ਤੇ ਉਹ ਕੱਟੜਵਾਦੀ ਤੇ ਧੌਂਸਵਾਦੀ ਸੀ। ਨਾਲ ਹੀ ਉਹ ਅਸਲ ਵਿਚ ਉਹ ਧੋਖੇਬਾਜ਼ ਤੇ ਸ਼ੇਖੀਖੋਰ ਸੀ। ਇਸ ਤਰ੍ਹਾਂ ਦੇ ਹਉਮੈਂ-ਕੇਂਦਰਤ ਲੇਖਕ ਅਮਰੀਕੀ ਦੇਸ਼ਾਂ ਵਿਚ ਆਮ ਹਨ। ਉਹਨਾਂ ਦੀ ਕੁੜਤੱਣ ਤੇ ਸਵੈ-ਨਿਰਭਰਤਾ ਕਈ ਸ਼ਕਲਾਂ ਧਾਰਨ ਕਰ ਸਕਦੀ ਹੈ। ਪਰ ਉਹਨਾਂ ਦੀ ਡੀ-ਐਨੁਲਜ਼ੀਅਨ ਪਿਤਾ-ਪੁਰਖੀ ਦੁਖਾਂਤਕ ਹੱਦ ਤੀਕ ਇਕੋ ਜੇਹੀ ਹੈ।

ਸਾਡੇ ਗਰੀਬ ਦੇਸ਼ਾਂ ਵਿਚ ਹਨੇਰੀ ਵਾਲੀਆਂ ਸਵੇਰਾਂ ਨੂੰ, ਅਸੀਂ ਕਵੀ, ਜੋ ਕਿ ਭੁੱਖ ਤੇ ਚੀਥੜਿਆਂ ਵਿਚ ਹੁੰਦੇ ਹਾਂ, ਘਰੋਂ ਬਾਹਰ ਨਿਕਲ ਕੇ ਭੀਖ ਮੰਗਣਾ ਤੇ ਸ਼ਰਾਬੀਆਂ ਦੀਆਂ ਉਲਟੀਆਂ ਚੱਟਣੀਆਂ ਪੈਂਦੀਆਂ ਹਨ। ਇਸ਼ ਤਰ੍ਹਾਂ ਦੇ ਦੁਖਦਾਈ ਆਲੇ, ਦੁਆਲੇ ਵਿਚ ਨਿਸਚੇ ਹੀ, ਸਾਹਿਤ ਵਿਚ ਧੱਕੜਸ਼ਾਹ ਹੀ ਪੈਦਾ ਹੋਣਗੇ, ਜੋ ਕਿ ਗੁੰਡਾ ਗਰਦੀ ਭਰੇ ਜੀਵਨ ਦੀ ਉਪਜ ਹੁੰਦੇ ਹਨ। ਭਾਰੀ ਵਿਨਾਸ਼ਵਾਦ, ਤੇ ਨਿਟਸ਼ੇ ਦੇ ਝੂਠੇ ਸਨਕੀਪੁਣੇ ਨੇ ਸਾਡੇ ਬਹੁਤ ਸਾਰੇ ਕਵੀਆਂ ਨੂੰ ਦੁਰਾਚਾਰ ਦੇ ਮੁਖੌਟਿਆਂ ਪਿਛੇ ਲੁਕਣ ਲਈ ਮਜ਼ਬੂਰ ਕੀਤਾ। ਬਹੁਤ ਸਾਰੇ ਇਸ ਰਾਹ ਪੈ ਕੇ ਸਵੈ-ਤਬਾਹੀ ਤੇ ਜੁਰਮ ਦੇ ਰਾਹ ਪੈ ਕੇ ਜੀਵਨ ਬਰਬਾਦ ਕਰ ਬੈਠੇ।

ਮੇਰਾ ਇਹ ਪ੍ਰਸਿੱਧ ਵਿਰੋਧੀ ਏਸੇ ਹੀ ਪਿਛੋਕੜ ਵਿਚੋਂ ਪੈਦਾ ਹੋਇਆ ਸੀ। ਪਹਿਲਾਂ ਉਸ ਨੇ ਮੈਨੂੰ ਆਪਣੇ ਜਾਲ ਵਿਚ ਫਸਾਉਣ ਦਾ ਯਤਨ ਕੀਤਾ, ਆਪਣੀ ਖੇਡ ਵਿਚ ਸ਼ਾਮਿਲ ਕਰਨ ਲਈ ਝਈਆਂ ਲੈ ਕੇ ਪਿਆ। ਇਹ ਗੱਲ ਮੇਰੇ ਵਰਗੇ ਪੇਂਡੂ ਖੇਤਰ ਵਿਚ ਜੰਮੇ, ਇਕ ਬੁਰਜੂਆ ਪਾਲਣਾ ਪੋਸਣਾ ਵਾਲੇ ਮੁੰਡੇ ਦੇ ਸੁਭਾਅ ਦੇ ਉਲਟ ਜਾਂਦੀ ਸੀ। ਮੇਰਾ ਖ਼ਮੀਰ ਇਸ ਤਰ੍ਹਾਂ ਦਾ ਨਹੀਂ ਸੀ। ਤੇ ਮੈਂ ਮੌਕਾ-ਪ੍ਰਸਤ ਨਹੀਂ ਬਣਨਾ ਚਾਹੁੰਦਾ ਸੀ। ਇਸ ਦੇ ਉਲਟ, ਸਾਡਾ ਨਾਟਿਕ ਕਿਸੇ ਵੀ ਸਥਿਤੀ ਵਿਚ ਲਾਭ ਉਠਾਉਣ ਦਾ ਮਾਹਰ ਸੀ। ਉਹ ਨਿਰੰਤਰ ਹਾਸ-ਰਸੀ ਨਾਟਕ ਦੀ ਦੁਨੀਆਂ ਵਿਚ ਵਿਚਰਦਾ ਸੀ। ਜਿਥੇ ਉਹ ਆਪਣੇ ਆਪ ਨੂੰ ਇਕ ਪੇਸ਼ੇ ਤੇ ਸੁਰਖਿਆ ਵਜੋਂ, ਧੱਕੜ ਸ਼ਾਹ ਦਾ ਰੋਲ ਕਰਨ ਦਾ ਧੋਖਾ ਦੇ ਰਿਹਾ ਸੀ।

ਹੁਣ ਸਮਾਂ ਆ ਗਿਆ ਹੈ ਕਿ ਉਸ ਦੇ ਆਚਰਨ ਦੀ ਨਿਸ਼ਾਨ ਦੇਹੀ ਕੀਤੀ ਜਾਵੇ। ਉਸ ਦਾ ਨਾਂ 'ਸੋਈ ਬਲੋਅ' ਸੀ। ਉਹ ਵਾਲਾਂ ਦੀ ਜੱਤ ਵਾਲਾ ਤਗੜਾ ਆਦਮੀ ਸੀ, ਜੋ ਕਿ ਆਪਣੀ ਭਾਸ਼ਣ-ਕਲਾ ਤੇ ਸਰੀਰਕ-ਤਾਕਤ ਨਾਲ ਦੂਸਰਿਆਂ ਨੂੰ ਪ੍ਰਭਾਵਤ ਕਰਨ ਦੀ ਕੋਸ਼ਿਸ਼ ਕਰਦਾ ਸੀ। ਇਕ ਵਾਰ ਜਦੋਂ ਮੈਂ ਮੁਸ਼ਕਿਲ ਨਾਲ ਹਾਲੀ ਅਠਾਰਾਂ ਜਾਂ ਉੱਨੀ ਸਾਲਾਂ ਦਾ ਸੀ, ਉਸ ਨੇ ਤਜਵੀਜ਼ ਰੱਖੀ ਕਿ ਆਪਾਂ ਦੋਵੇ ਇਕ ਸਾਹਿਤਕ ਰਿਸਾਲਾ ਕੱਢੀਏ। ਰਿਸਾਲੇ ਦੇ ਦੋ ਭਾਗ ਹੋਣਗੇ। ਇਕ ਵਿਚ ਉਹ ਵੱਖਰੀਆਂ ਸੁਰਾਂ ਵਿਚ ਵਾਰਤਿਕ ਦੇ ਟੁਕੜਿਆਂ ਜਾਂ ਕਵਿਤਾਵਾਂ ਰਾਹੀਂ ਇਹ ਦੱਸੇਗਾ ਕਿ ਮੈਂ ਇਕ ਸ਼ਕਤੀਸ਼ਾਲੀ ਤੇ ਲਾਇਕ ਕਵੀ ਹਾਂ ਤੇ ਦੂਸਰੇ ਭਾਗ ਵਿਚ, ਮੈਂ ਚਾਰ ਦਿਸ਼ਾਵਾਂ ਵਿਚ ਐਲਾਨ ਕਰਾਂਗਾ ਕਿ ਉਸ ਵਿਚ ਅਸਾਧਾਰਨ ਲਿਆਕਤ ਤੇ ਅਸੀਮ ਪ੍ਰਤਿਭਾ ਹੈ। ਇਸ ਢੰਗ ਨਾਲ ਹਰ ਗੱਲ ਵਧੀਆ ਹੋਵੇਗੀ।

ਮੈਂ ਹਾਲੀ ਬਹੁਤ ਛੋਟਾ ਸੀ, ਪਰ ਮੈਂ ਅਨੁਭਵ ਕੀਤਾ ਕਿ ਇਹ ਗੱਲ ਨੂੰ ਐਵੇਂ ਹੀ ਖਿੱਚਣ ਧੂਹਣ ਵਰਗਾ ਕੰਮ ਸੀ। ਪਰ ਉਸ ਨੂੰ ਇਸ ਕਾਰਨ ਤੋਂ ਰੋਕਣ ਲਈ ਮੈਨੂੰ ਬੜਾ ਜ਼ੋਰ ਲਾਉਣਾ ਪਿਆ। ਉਹ ਰਿਸਾਲਾ ਛਾਪਣ ਵਿਚ ਬੜਾ ਚੁਸਤ ਸੀ। ਤੇ ਮੰਨਣ ਵਿਚ ਨਹੀਂ ਸੀ ਆਉਂਦਾ ਕਿ ਲਗਾਤਾਰ ਪੈਂਫਲਿਟ ਛਾਪਣ ਲਈ ਉਹ ਪੈਸੇ ਕਿਵੇਂ ਇਕੱਠੇ ਕਰਦਾ ਸੀ। ਉਸ ਨੇ ਠੰਢੇ ਸੂਬਿਆਂ ਵਿਚ ਕੰਮ ਕਰਨ ਦੀ ਇੱਕ ਵਿਧੀ ਵਿਉਂਤ ਲਈ ਸੀ। ਉਸ ਨੇ ਡਾਕਟਰਾਂ, ਵਕੀਲਾਂ ਦੰਦ-ਸਾਜ਼ਾਂ, ਖੇਤੀ-ਮਾਹਰਾਂ ਪ੍ਰੋਫੈਸਰਾਂ, ਐਜਨੀਅਰਾਂ ਤੇ ਪਬਲਿਕ ਆਦਿ ਦੇ ਖੇਤਰ ਵਿਚੋਂ ਇਕ ਲੰਮੀ ਲਿਸਟ ਬਣਾ ਲਈ ਹੋਈ ਸੀ। ਆਪਣੀਆਂ ਮੋਟੀਆਂ ਕਿਤਾਬਾਂ ਰਿਸਾਲਿਆਂ, ਮੁਕੰਮਲ ਕਿਰਤਾਂ, ਐਪਿਕ ਤੇ ਪ੍ਰਗੀਤਕ ਪੈਂਫਲਿਟਾਂ ਰਾਹੀਂ ਸਾਡੀ ਇਹ ਸ਼ਖਸੀਅਤ ਸੰਸਾਰ ਵਿਆਪੀ ਸਭਿਅਤਾ ਦਾ ਰਖਵਾਲਾ ਬਣ ਕੇ ਪ੍ਰਗਟ ਹੁੰਦਾ ਸੀ। ਜਿਨ੍ਹਾਂ ਵਿਅਕਤੀਆਂ ਕੋਲ ਉਹ ਪਧਾਰਦਾ ਸੀ, ਉਹਨਾਂ ਕੋਲ ਰੁਪਏ, ਉਗਰ੍ਹਾ ਲੈਂਦਾ ਸੀ। ਉਸ ਦੇ ਵੱਡੇ ਗ੍ਰੰਥ ਵੇਖ ਕੇ ਬੰਦਾ ਇੱਕ ਨਿੱਕੀ ਮੱਖੀ

ਕਣਕ ਰਹਿ ਜਾਂਦਾ ਸੀ। 'ਬਲੌਅ' ਜੇਬ ਵਿਚ ਰੁਪਏ ਪਾਈ ਤੁਰ ਜਾਂਦਾ ਸੀ ਤੇ ਵਿਚਾਰੀ ਮੱਖੀ ਪਿਛੇ ਰਹਿ ਜਾਂਦੀ ਸੀ. ਪੂਰੀ ਤਰ੍ਹਾਂ ਬ੍ਰਹਿਮੰਡੀ ਸਭਿਅਤਾ" ਦੀ ਵਡਿਆਈ ਦੇ ਭਾਰ ਕੱਲੇ ਬਰਫ ਬਣੀ ਹੋਈ।

ਕਈ ਹੋਰ ਮੌਕਿਆਂ ਤੇ 'ਜੋਏ ਬਲੌਅ' ਆਪਣੇ ਆਪ ਨੂੰ ਖੇਤੀ--ਬਾੜੀ ਦੀ ਇਸ਼ਤਿਹਾਰਬਾਜ਼ੀ ਦੇ ਵਿਸ਼ੇਸ਼ਗਾਂ ਵਜੋਂ ਪੇਸ਼ ਕਰਦਾ ਸੀ ਤੇ ਉਹ ਦੱਖਣ ਦੇ ਪਛੜੇ ਕਿਸਾਨਾਂ ਲਈ ਉਹਨਾਂ ਦਿਆ ਫਾਰਮਾਂ ਬਾਰੇ ਖੋਜ-ਨਿਬੰਧ ਤਿਆਰ ਕਰਕੇ ਦਿੰਦਾ ਸੀ. ਜਿਨ੍ਹਾਂ ਵਿਚ ਡੰਗਰਾਂ ਤੇ ਮੁਲਕਾਂ ਦੀਆਂ ਤਸਵੀਰਾਂ ਹੁੰਦੀਆਂ ਸਨ। ਉਹ ਬੜੇ ਧੂਮ ਧੜੱਕੇ ਨਾਲ ਪਹੁੰਚਦਾ. ਬਿਰਲਸ ਚਾੜੀ ਹੁੰਦੀ. ਅੱਗ ਬੁਝਾਉਣ ਵਾਲੇ ਬੂਟ ਪਾਈ ਉਹ ਭੜਕਾਊ ਤੇ ਵਿਚਿੱਤਰ ਕੱਪੜੇ ਪਾ ਕੇ ਆਉਂਦਾ. ਖੁਸ਼ਾਮਦ ਨੂੰ ਲੁਕਵੀਂ ਧਮਕੀ ਵਿਚ ਰਲਾ ਕੇ. ਉਹ ਪ੍ਰਚਾਰ ਕਰਨ ਦਾ ਇਕਰਾਰ ਕਰਦਾ. ਫਾਰਮ ਤੇ ਕਈ ਤਰ੍ਹਾਂ ਦੀਆਂ ਪਾਬੰਦੀਆਂ ਠੋਕ ਦਿੰਦਾ। ਕੰਜੂਸ ਜ਼ਮੀਨ ਮਾਲਕ ਬੜੇ ਯਥਾਰਥਵਾਦੀ ਹੁੰਦੇ ਸਨ ਤੇ ਉਹ ਕੁਝ ਬਿਲ ਅਦਾ ਕਰ ਜਾਨ ਛੁਡਾਉਂਦੇ।

'ਜੋਏ ਬਲੌਅ' ਦੀਆਂ ਵਿਸ਼ੇਸ਼ ਖਾਸੀਅਤਾਂ ਵਿਚੋਂ ਉਘੜਵੀਂ ਆਦਤ ਨਿਤਸ਼ੇ ਵਾਂਗ ਫਿਲਾਸਫਰ ਤੇ ਲੇਖਕ ਬਣ ਕੇ. ਆਪਣੀ ਬੌਧਿਕ ਤੇ ਸਰੀਰਕ ਧੱਕੜਸ਼ਾਹੀ ਕਰਨਾ ਸੀ। ਉਹ ਚਿੱਲੀ ਦੇ ਸਾਹਿਤਕ ਜੀਵਨ ਵਿਚ ਪੇਸ਼ਾਵਰ ਧੌਂਸਵਾਦੀ ਸੀ। ਕਈ ਸਾਲ ਉਸ ਕੋਲ ਵਿਚਾਰੇ ਜਹੇ ਸ਼ੈਤਾਨਾਂ ਦਾ ਟੋਲਾ ਸੀ। ਜਿਹੜੇ ਉਸਦੇ ਅੱਖ ਦੇ ਇਸ਼ਾਰੇ ਤੇ ਨੱਚਦੇ ਸੀ। ਪਰ ਜ਼ਿੰਦਗੀ ਨਿਰਦਈ ਰੂਪ ਵਿਚ ਅਜੇਹੇ ਮੌਕਾ ਪ੍ਰਸਤਾਂ ਦੇ ਬਾਦਬਾਨਾਂ ਵਿਚੋਂ ਹਵਾ ਕੱਢਣ ਦੀ ਆਦੀ ਹੈ।

ਮੇਰੇ ਗੁਸੈਲ ਵਿਰੋਧੀ ਦਾ ਅੰਤ, ਉਸ ਦੇ ਬੱਢੀ ਉਮਰੇ ਆਤਮ ਘਾਤ ਕਰਨ ਨਾਲ ਹੋਇਆ ਤੇ ਮੈਂ ਦੇਰ ਤੀਕ ਉਸ ਨਾਲ ਸਬੰਧਤ ਯਾਦਾਂ ਨੂੰ ਲਿਖਣ ਤੋਂ ਝਿਜਕਦਾ ਰਿਹਾ। ਇਹ ਮੈਂ ਹੁਣ ਕਰ ਰਿਹਾ ਹਾਂ, ਕਿਉਂਕਿ ਮੈਂ ਅਨੁਭਵ ਕਰਦਾ ਹਾਂ ਕਿ ਅਜੇਹਾ ਕਰਨ ਦਾ ਹੁਣ ਥਾਂ ਤੇ ਮੌਕਾ ਹੈ। ਸਪੇਨੀ-ਭਾਸ਼ਾ ਬੋਲਣ ਵਾਲੇ ਦੇਸ਼ਾਂ ਵਿਚ ਦੀ ਘਿਰਣਾ ਦੀ ਲੰਮੀ ਪਰਬਤ ਮਾਲਾ ਲੰਘਦੀ ਹੈ ਤੇ ਇਹ ਬੇਸਬਰੀ ਭਰੀ ਈਰਖਾ ਨਾਲ ਲੇਖਕਾਂ ਦੀਆਂ ਲਿਖਤਾਂ ਨੂੰ ਖਾ ਜਾਂਦੀ ਹੈ। ਇਸ ਤਬਾਹ ਕਰੂ ਨੀਚਤਾ ਨੂੰ ਖਤਮ ਕਰਨ ਦਾ ਇਕ ਹੀ ਤਰੀਕਾ ਹੈ ਕਿ ਇਸਨੂੰ ਪਬਲਿਕ ਤੌਰ ਤੇ. ਉਸ ਵੇਲੇ ਹੀ ਖਤਮ ਕੀਤਾ ਜਾਵੇ. ਜਦੋਂ ਇਹ ਵਿਖਾਈ ਦਿੰਦੀ ਹੈ।

ਮੇਰੇ ਤੇ ਮੇਰੀ ਲਿਖਤ ਬਾਰੇ ਸਨਸਨੀਖੇਜ਼, ਰਾਜਸੀ ਸਾਹਿਤਕ ਪ੍ਰੇਸ਼ਾਨੀ ਲਿਆਉਣ ਵਾਲਾ ਇਕ ਹੋਰ ਸ਼ੱਕੀ ਉਰੀਗਿਆਈ ਲੇਖਕ ਸੀ, ਜਿਸ ਦੇ ਨਾਂ ਦਾ ਆਖਰੀ ਸ਼ਬਦ "ਗੇਲੀਸੀਅਨ" ਸੀ ਸ਼ਾਇਦ ਰਾ ਬੇਰੀਓ.' ਹੋਵੇ ਜਿਹੜਾ ਨਿਰਦਈ ਤੇ ਪਾਗ਼ਲ ਸੀ। ਕਈ ਸਾਲਾਂ ਤੀਕ ਇਹ ਸੱਜਣ ਇਹ ਸਪੇਨੀ ਤੇ ਫਰਾਂਸੀਸੀ ਬੋਲੀਆਂ ਵਿਚ, ਮੇਰੇ ਬਾਰੇ ਕਿਤਾਬਾਚੇ ਛਾਪਦਾ ਰਿਹਾ, ਜਿਹਨਾਂ ਵਿਚ ਮੇਰੇ ਟੋਟੇ ਟੋਟੇ ਕੀਤੇ ਹੁੰਦੇ ਸਨ। ਇਸ ਬਾਰੇ ਹਾਸੋਹੀਣੀ ਗੱਲ ਇਹ ਸੀ ਕਿ ਉਸ ਦੀਆਂ ਨੇਰੂਦਾ ਵਿਰੋਧੀ ਕਰਤੂਤਾਂ ਨਾਲ ਕਾਗਜ਼ ਹੀ ਆਜਾਈ ਨਹੀਂ ਸੀ ਜਾਂਦਾ, ਸਗੋਂ ਉਹ ਛਪਾਈ ਦਾ ਖਰਚਾ ਵੀ ਦਿੰਦਾ ਸੀ। ਨਾਲ ਦੇ ਨਾਲ ਉਹ ਮੇਰੀ ਤਬਾਹੀ ਨੂੰ ਧਿਆਨ ਵਿਚ ਰੱਖ ਕੇ ਬੜੇ ਮਹਿ .. ਬਾਹਰਲੇ ਦੇਸ਼ਾਂ ਦੇ ਟੂਰ ਵੀ ਲਾਉਂਦਾ ਸੀ।

ਉਸ ਵਿਚਿੱਤਰ ਪਾਤਰ ਨੇ ਆਕਫੋਰਡ ਯੂਨੀਵਰਸਿਟੀ ਦੀ ਵੀ ਯਾਤਰਾ ਕੀਤੀ, ਜਦੋਂ ਇਹ ਪਤਾ ਲੱਗਾ ਕਿ ਮੈਨੂੰ ਡਾਕਟਰੀ ਦੀ ਡਿਗਰੀ ਦਿੱਤੀ ਜਾ ਰਹੀ ਸੀ, ਉਰੀਗੇਈਅਨ ਤੁਕਬੰਦਕ ਬੜੇ ਵਿਚਿੱਤਰ ਦੂਸ਼ਣਾਂ ਦੀ ਸੂਚੀ ਲੈ ਕੇ, ਮੇਰੇ ਵਿਰੁੱਧ ਪਹੁੰਚਾ, ਜਿਹਨਾ ਵਿਚ ਮੇਰੀ ਸਾਹਿਤਕ ਪ੍ਰਸਿੱਧੀ ਨੂੰ ਲੀਰੋ-ਲੀਰ ਕੀਤਾ ਗਿਆ ਸੀ। ਮਾਣ-ਸਨਮਾਨ ਪ੍ਰਾਪਤ ਕਰਨ ਪਿਛੋਂ ਮੈਂ ਆਪਣਾ ਵਿਸ਼ੇਸ਼ ਗਾਊਨ, ਵੀ ਹਾਲੀ ਉਤਾਰਿਆ ਨਹੀਂ ਸੀ, ਜਦੋਂ ਮੈਨੂੰ ਹੱਸਦੇ ਹੋਏ ਆਕਸਫੋਰਡ ਦੇ ਉੱਚੇ ਅਧਿਕਾਰੀਆਂ ਨੇ ਮਿੱਠੀ ਸ਼ਰਾਬ ਦਾ ਗਲਾਸ ਪੀਂਦਿਆਂ, ਮੇਰੇ ਵਿਰੁੱਧ ਉਸ ਦੇ ਲਾਏ ਦੂਸ਼ਣਾਂ ਬਾਰੇ ਦੱਸਿਆ।

ਏਸੇ ਹੀ ਉਰੀਗੇਈਅਨ-ਵਾਸੀ ਦਾ ਬੜਾ ਦਲੇਰੀ ਭਰਿਆ ਤੇ ਨਾ-ਮੰਨਣ-ਯੋਗ ਦੌਰਾ ਸੀ, ਜੋ ਉਸ ਸਟਾਕ ਹੋਮ ਦਾ 1963 ਵਿਚ ਕੀਤਾ। ਅਫਵਾਹ ਸੀ ਕਿ ਮੈਨੂੰ ਨੋਬਲ ਪੁਰਸਕਾਰ ਦਿੱਤਾ ਜਾ ਰਿਹਾ ਸੀ। ਤੇ ਇਹ ਸੱਜਣ ਅਕਾਡਮੀ ਦੇ ਮੈਂਬਰਾਂ ਕੋਲ ਗਿਆ। ਪ੍ਰੈਸ ਨੂੰ ਇੰਟਰਵਿਊ ਦਿਤੇ, ਰੇਡੀਓ ਤੇ ਮੇਰੇ ਬਾਰੇ ਇਹ ਬਿਆਨ ਦਿੱਤੇ ਕਿ ਮੈਂ ਟਰਾਟਸਕੀ ਦੇ ਕਾਤਲਾਂ ਵਿਚੋਂ ਇਕ ਸੀ, ਤੇ ਉਹ ਇਹ ਆਸ ਕਰਦਾ ਸੀ ਕਿ ਇਹਨਾਂ ਧਮਕੀਆਂ ਨਾਲ ਉਹ ਮੈਨੂੰ ਪੁਰਸਕਾਰ ਲੈਣ ਤੇ ਆਯੋਗ ਕਰਾਰ ਦੇ ਸਕਦਾ ਸੀ।

ਸਮੇਂ ਨੇ ਦੱਸਿਆ ਕਿ ਇਹ ਆਦਮੀ ਹਰ ਵਾਰ. ਮਾੜੀ ਕਿਸਮਤ ਕਾਰਨ ਮਾਰ ਖਾ ਜਾਂਦਾ ਸੀ ਤੇ ਆਕਸਫੋਰਡ ਅਤੇ ਸਟਾਕ ਹੋਮ ਵਿਚ ਉਸ ਨੇ ਦੁਖਦਾਈ ਤੌਰ ਤੇ ਆਪਣੀ ਲੜਾਈ ਵੀ ਹਾਰੀ ਤੇ ਪੈਸੇ ਵੀ ਜ਼ਾਇਆ ਕੀਤੇ।





# ਬੜਾ ਪਾਗ਼ਲ ਸੀ ਉਹ ਮੁੰਡਾ

*—ਸੱਜਾਦ ਮਿਰਜ਼ਾ*

ਕਦੀ ਆਬਾਦੀਆਂ ਅੰਦਰ
ਕਦੀ ਵੀਰਾਨੀਆਂ ਅੰਦਰ
ਮੈਂ ਜਿਹੜੇ ਪਾਸੇ ਜਾਂਦਾ ਸੀ
ਉਹ ਉਸ ਰਾਹ 'ਚ ਮਿਲਦਾ ਸੀ
ਕਦੀ ਪੈਰਿਸ ਦੀਆਂ ਗਲੀਆਂ ਵਿਚ
ਕੋਈ ਉਹ ਸੋਫੀਆਂ ਦੀ ਭੀੜ ਵਿਚ ਫਿਰਦਾ
ਕਦੀ ਉਹ ਰੋਮ ਦੇ ਮੈਦਾਨ ਦੇ ਸਰਸਬਜ਼ ਖੇਤਾਂ ਵਿਚ
ਕਦੀ ਉਹ ਜਰਮਨੀ ਦੇ ਸੁਹਣੇ ਡਿਸਕੋ ਠੇਕਿਆਂ ਅੰਦਰ
ਕਦੀ ਤਹਿਰਾਨ ਦੇ ਚੁੱਪ-ਚਾਪ ਏਅਰ ਪੋਰਟ ਦੇ ਲਾਗੇ
ਬੜੇ ਰਾਜ਼ਾਂ ਭਰੇ ਅੰਦਾਜ਼ ਵਿਚ
ਗੱਲਾਂ ਉਹ ਕਰਦਾ ਸੀ
(ਉਹ ਕਹਿੰਦਾ ਸੀ ਕਿ ਹੁਣ ਤੇ ਬਾਦਸ਼ਾਹੀ ਦਾ ਨਹੀਂ ਵੇਲਾ
ਕਿ ਹਰ ਬੰਦਾ ਤੇ ਹੁਣ ਜਮਹੂਰੀਅਤ ਦੇ ਗੀਤ ਗਾਉਂਦਾ ਏ।

ਜਲਾਲਾ ਬਾਦ ਕਾਬਲ ਦੇ ਡਰੇ ਸਹਿਮੇਂ ਹੋਏ ਸ਼ਹਿਰੀ
ਤੇ ਜਿਥੇ ਯੂਰਪੀ ਹਿੱਪੀ ਕਤਾਰਾਂ ਬੰਨ ਕੇ ਆਉਂਦੇ ਸੀ
ਚਰਸ ਭਰ ਭਰ ਕੇ ਸਿਗਰਿਟਾਂ ਵਿਚ ਪੀਂਦੇ ਤੇ ਪਿਲਾਉਂਦੇ ਸੀ
ਉਹ ਨਸ਼ੇ ਵਾਸਤੇ ਆਪਣੀ ਜਵਾਨੀ ਵੇਚ ਖਾਂਦੇ ਸੀ
ਅਸਾਂ ਜਹੇ ਮਸ਼ਰਕ ਐਵੇਂ ਪਏ ਸ਼ਰਮਾਈ ਜਾਂਦੇ ਸੀ

ਤੇ ਇਸਤੇ ਬੋਲ ਦੀ ਰੌਣਕ ਦੇ ਵਿਚ ਵੀ ਓਸ ਮੁੰਡੇ ਨੇ
ਮੇਰਾ ਖਹਿੜਾ ਨਹੀਂ ਛੱਡਿਆ
ਜਦੋਂ ਪੁੱਛਿਆ ਮੈਂ ਉਹਨੂੰ
ਕਿਉਂ ਉਹ ਮੇਰਾ ਨਾਲ ਚੱਲਦੇ ਏ?
ਉਹ ਮੂੰਹੋਂ ਤੇ ਨਾ ਕੁਝ ਫੁੱਟਿਆ ਪਰ ਉਸ ਦੇ ਹੋਂਠ ਦੱਸਦੇ ਸੀ
ਜਿਵੇਂ ਠੱਠਾ ਪਏ ਕਰਦੇ ਨੇ।
ਉਹ ਆਪਣੇ ਦਿਲ ਦੀਆਂ ਗੱਲਾਂ ਜਿਵੇਂ ਮੈਥੋਂ ਛੁਪਾਉਂਦਾ ਸੀ
ਉਹ ਮੈਥੋਂ ਦੂਰ ਰਹਿ ਕੇ ਵੀ ਮੇਰੇ ਨੇੜੇ ਈ ਰਹਿੰਦਾ ਸੀ

ਬੜਾ ਪਾਗ਼ਲ ਸੀ ਉਹ ਮੁੰਡਾ
ਜਨੇਵਾ ਵਿੱਚ ਮੈਂ ਉਹਨੂੰ ਵੇਖਿਆ ਤੇ ਮੁਸਕਰਾਉਂਦਾ ਸੀ
ਟੂਰਸਿਟੀ ਆ ਕੇ ਉਹਦੇ ਮੁੱਖ ਤੇ ਅਜ਼ਲਾਂ ਦੀ ਉਦਾਸੀ ਸੀ

ਜਦੋਂ 'ਲੇ ਅਵਨ' ਵਿਚ ਤੱਕਿਆ ਤੇ ਚਿਹਰਾ ਜਗਮਗਾਉਂਦਾ ਸੀ
ਤੇ ਪੈਰਸ ਵਿਚ ਕਿਸੇ ਆਪਣੀ ਹੀ ਦੁਨੀਆਂ ਵਿਚ ਗਵਾਚਾ ਸੀ
ਜਦੋਂ ਉਹ ਸਾਜ਼ਨੇ ਲੀਜ਼ੇ ਦੀ ਰੌਣਕ ਵੇਖ ਚੁੱਕਿਆ ਸੀ
ਤੇ ਉਹਦੇ ਬਚਪਨੇ ਦਾ ਦੌਰ ਕਿਵੇਂ ਪਰਤ ਆਇਆ ਸੀ
ਉਹ ਸੋਹਣੇ ਸੋਹਣੇ ਮੁੱਖੜੇ ਵੇਖ ਕੇ ਮਸਤਾਨ ਹੋਇਆ ਸੀ
ਤੇ ਆਈਫਲ ਦੇ ਮੁਨਾਰੇ ਤੇ ਉਹ ਚੜ੍ਹ ਕੇ ਇੰਝ ਗਾਉਂਦਾ ਸੀ
'ਨਹੀਂ ਆਉਂਦਾ ਵਫ਼ਾਵਾਂ ਤੋਂ ਕਦੀ ਪੱਲਾ ਛੁੜਾ ਲੈਣਾ
ਤੁਸਾਂ ਤੇ ਜਾਨ ਵਾਰਾਂਗੇ, ਕਿਸੇ ਦਿਨ ਆਜ਼ਮਾ ਲੈਣਾ।'
ਮੇਰਾ ਦਿਨ ਤੋੜ ਕੇ ਸੱਜਣਾ! ਮੇਰੇ ਦਿਲ ਦੀ ਦੁਆ ਲੈਣਾ
ਉਹ ਮੈਨੂੰ ਤੇ ਕੋਈ ਬਹੁ ਰੂਪੀਆ ਮਾਲੂਮ ਹੁੰਦਾ ਸੀ
ਬੜਾ ਪਾਗ਼ਲ ਸੀ ਉਹ ਮੁੰਡਾ
ਕਦੇ ਅੱਖਾਂ ਚੁਰਾ ਕੇ ਓਸ ਤੋਂ ਬਚ ਕੇ ਨਿਕਲ ਜਾਵਾਂ
ਇਹ ਨਾ ਮੁਮਕਿਨ ਜੇਹੀ ਗੱਲ ਸੀ
ਸਗੋਂ ਮੇਰਾ ਉਹ ਰਸਤਾ ਰੋਕ ਲੈਂਦਾ ਸੀ
ਬੜਾ ਪਾਗ਼ਲ ਸੀ ਉਹ ਮੁੰਡਾ

ਚੜ੍ਹਦੇ ਸਾਲ ਦੀ ਰਾਤੀਂ
ਕਦੋਂ ਸਾਰਾ ਜ਼ਮਾਨਾ ਐਸ਼-ਵਾ-ਇਸ਼ਰਤ ਦਾ ਸੀ ਮਤਵਾਲਾ
ਅਚਾਨਕ "ਕੈਥਰੀਨ" ਦੇ ਕੋਲ ਮੈਨੂੰ ਵੇਖ ਕੇ ਹੱਸਿਆ
ਅਸੀਂ ਗੱਪਾਂ ਪਏ ਕਰਦੇ ਸਾਂ
ਉਹ ਕਹਿੰਦਾ ਸੀ ਕਿ ਅੱਜ ਰਾਤੀਂ
ਤੂੰ ਕਿਧਰੇ ਜਾ ਨਹੀਂ ਸਕਦਾ
ਨਵਾਂ ਦਿਨ........ ਸਾਲ ਦਾ
ਤੂੰ ਮੇਰੇ ਕਮਰੇ ਵਿਚ ਹੀ ਵੇਖੇਗਾ।

ਉਹ ਪਾਗ਼ਲ ਆ ਕੇ ਮੇਰੇ ਸਾਹਮਣੇ
ਆਕੜ ਖਲੋਤਾ ਸੀ
ਉਹ ਮੈਨੂੰ ਆਖਦਾ ਸੀ
"ਯਾਰ ਤੂੰ ਸੱਜਣ ਮਿਰਜ਼ਾ ਏ?"

ਫਿਰ ਇਕ ਦਿਨ "ਬੌਨ" ਵਿਚ ਉਹਨੂੰ ਮੈਂ ਸ਼ਰਮਿੰਦਾ ਜਿਹਾ ਤੱਕਿਆ
ਤੇ ਉਹਦੀ ਬਾਂਹ ਪਕੜ ਕੇ, ਨਾਲ ਗੁੱਸੇ ਓਸ ਨੂੰ ਪੁੱਛਿਆ

ਮੇਰਾ ਪਿਛਾ ਕਰਨ ਤੋਂ ਬਾਜ਼ ਕਿਉਂ ਨਹੀਂ ਪਾਗ਼ਲਾ ਆਉਂਦਾ?
ਮੈਂ ਜਿਥੇ ਜਾਂ, ਤੂੰ ਓਥੇ ਈ ਚਲਾ ਆਉਨਾਂ ਏ ਮਨਹੂਸ!
ਕੋਈ ਨਾਤਾ ਨਾ ਰਿਸ਼ਤਾ ਮੇਰਾ ਤੇਰਾ ਜਾਪਦਾ ਮੈਨੂੰ



ਮੇਰਾ ਰਾਹਾਂ 'ਚ ਕਿਹੜੇ ਮਾਣ ਤੇ ਤੂੰ ਆ ਖਲੋਨਾ ਏਂ?
ਮੇਰੀ ਖਾਹਿਸ਼ ਏ ਤੂੰ ਮੈਨੂੰ ਨਾ ਹੁਣ ਕਿਧਰੇ ਨਜ਼ਰ ਆਵੇ
ਜਦੋਂ ਮੈਂ ਵੇਖਿਆ ਤੇ ਉਹ ਦੀਆਂ ਅੱਖਾਂ 'ਚ ਹੰਝੂ ਸਨ
ਉਹ ਰੋਂਦਾ ਸੀ ਤੇ ਕਹਿੰਦਾ ਸੀ
ਮੈਂ ਇਨਸਾਨਾਂ ਤੋਂ ਡਰਦਾ ਹਾਂ
ਤੇ ਮੈਨੂੰ ਖ਼ੌਫ ਆਉਂਦਾ ਏ
ਮੈਂ ਕੱਲਾ ਹਾਂ ਤੇ ਸਦੀਆਂ ਤੋਂ ਭਟਕਦਾ ਹਾਂ ਖ਼ਲਾਵਾਂ ਵਿਚ
ਲੜਾਈ, ਜੰਗ ਤੋਂ ਨਫ਼ਰਤ ਬੜੀ ਮਹਿਸੂਸ ਕਰਦਾ ਹਾਂ
ਇਹ ਇਨਸਾਨਾਂ ਦੀ ਵਹਿਸ਼ਤ ਏ
ਮੇਰੀ ਝੋਲੀ 'ਚ ਦੁਨੀਆਂ ਭਰ ਦੇ ਲੋਕਾਂ ਦੀ ਹਕਾਰਤ ਏ
ਮੈਂ ਅਜ਼ਲਾਂ ਤੋਂ ਹੀ ਪਿਆਸਾ ਹਾਂ
ਮੁਹੱਬਤ, ਭਾਈਚਾਰੇ ਦਾ
ਮੁਕੱਦਰ ਵਿਚ ਮੇਰੇ ਨੇ ਠੋਹਕਰਾਂ
ਨਾਰਾਜ਼ ਏ ਤੂੰ ਵੀ?
ਕਹਾਣੀ ਦੁੱਖ ਭਰੀ ਇਸ ਦੀ ਮੈਂ ਸੁਣ ਕੇ ਸੁੰਨ-ਮਸੁੰਨਾ ਸੀ
ਮੇਰਾ ਸਾਇਆ ਸੀ ਉਹ ਹਮਜ਼ਾਦ ਸੀ
ਸੱਜਾਦ ਮਿਰਜ਼ਾ ਸੀ (ਸਾਹਿਤ 1998 ਵਿਚੋਂ ਧੰਨਵਾਦ ਸਹਿਤ)
(ਪਤਾ—2, ਗੋਬਿੰਦ ਰੋਡ, ਗੁਜਰਾਂਵਾਲਾ, ਪਾਕਿਸਤਾਨ)

# ਇਕੋ ਵੇਲੇ

*—ਅਤੈ ਸਿੰਘ*

ਬੀਤਿਆ ਆਪਣਾ ਪਰਛਾਵਾਂ ਹੈ
ਕੋਲੋਂ ਵਹਿ ਗਿਆ ਪਾਣੀ ਹੈ
ਲੰਘ ਗਿਆ ਹਵਾ ਦਾ ਬੁੱਲ੍ਹਾ ਹੈ......

ਆਉਣ ਵਾਲਾ ਕੀ ਹੈ
ਨਾ ਮੁੱਕਣ ਵਾਲੀ ਉਡੀਕ ਹੈ, ਤਾਂਘ ਹੈ
ਸਦੀਵੀਂ ਸਿੱਕ ਹੈ, ਝਾਕ ਹੈ
ਨਾ ਪੂਰਾ ਹੋਣ ਵਾਲਾ ਖ਼ਾਬ ਹੈ.......

ਹੁਣ ਨਾਲ ਵਹਿੰਦਾ ਪਾਣੀ ਹੈ
ਸਿਰ 'ਤੇ ਆਈ ਛਾਂ ਹੈ
ਪੈਰਾਂ ਹੇਠਲੀ ਧਰਤ ਹੈ
ਨਾਲ ਨਾਲ ਰਹਿੰਦਾ ਖਿਆਲ ਹੈ
ਮੁੱਠੀ 'ਚੋਂ ਕਿਰਿਆ ਪਲ ਹੈ।
(359/40 A, ਚੰਡੀਗੜ੍ਹ)

# ਪੰਜਾਬੀ ਆਲੋਚਨਾ-ਰੂਪਵਾਦ ਤੋਂ ਉੱਤਰ ਆਧੁਨਿਕਤਾ ਤੱਕ

*—ਡਾ. ਸੁਖਪਾਲ ਸਿੰਘ ਥਿੰਦ*

(ਡਾ. ਸੁਖਪਾਲ ਸਿੰਘ ਥਿੰਦ ਦਾ ਲੇਖ ਪੰਜਾਬੀ ਸਮਾਲੋਚਨਾ ਵਿਚ ਰੂਪਵਾਦ ਤੋਂ ਉਤਰ ਆਧੁਨਿਕਤਾ ਤਕ ਵਰਤੀਆਂ ਗਈਆਂ ਆਲੋਚਨਾ ਪ੍ਰਣਾਲੀਆਂ ਦਾ ਲੇਖਾ ਜੋਖਾ ਬੜੇ ਵਿਸਤਾਰ ਨਾਲ ਕਰਦਾ ਹੈ। ਇਨ੍ਹਾਂ ਪ੍ਰਣਾਲੀਆਂ ਦੇ ਵਿਰੋਧ ਵਿਚ ਉਹ ਮਾਰਕਸਵਾਦੀ ਆਲੋਚਨਾ ਪ੍ਰਣਾਲੀ ਨੂੰ ਵੀ ਅੱਖੋਂ ਪਰੋਖੇ ਨਹੀਂ ਕਰਦਾ। ਪ੍ਰੰਤੂ ਜਿਥੇ ਹੋਰ ਆਲੋਚਨਾ ਪ੍ਰਣਾਲੀਆਂ ਦੀਆਂ ਸਥਾਪਨਾਵਾਂ ਨੂੰ ਵਿਸਤਾਰ ਵਿਚ ਪੇਸ਼ ਕੀਤਾ ਹੈ, ਉਥੇ ਮੁਕਾਬਲੇ ਤੇ ਮਾਰਕਸਵਾਦੀ ਧਾਰਨਾਵਾਂ ਦਾ ਜ਼ਿਕਰ ਮਾਤਰ ਹੈ, ਜੋ ਡਾ. ਸੁਖਪਾਲ ਸਿੰਘ ਅਨੁਸਾਰ ਅਗਲੇ ਲੇਖ ਦਾ ਵਿਸ਼ਾ ਬਣੇਗਾ।) —ਸੰਪਾਦਕ

ਪੰਜਾਬੀ ਆਲੋਚਨਾ ਦੇ ਮੁੱਢ ਨੂੰ ਨਿਰਧਾਰਤ ਕਰਨ ਸੰਬੰਧੀ ਪੰਜਾਬੀ ਦੇ ਵਿਦਵਾਨਾਂ ਵਿਚ ਮੱਤਭੇਦ ਹਨ ਅਤੇ ਇਸ ਸੰਬੰਧੀ ਬਹਿਸ ਚਲਦੀ ਰਹੀ ਹੈ ਅਤੇ ਚਲਦੀ ਰਹੇਗੀ। ਪ੍ਰੰਤੂ ਭਾਸ਼ਾ-ਵਿਗਿਆਨ ਦੀਆਂ ਅੰਤਰ-ਦ੍ਰਿਸ਼ਟੀਆਂ ਨੂੰ ਆਤਮਸਾਤ ਕਰਕੇ ਉਭਰੀ ਰੂਪਵਾਦੀ ਆਲੋਚਨਾ ਦੇ ਪੰਜਾਬੀ ਵਿਚ ਉਭਾਰ ਸੰਬੰਧੀ ਕੋਈ ਮੱਤਭੇਦ ਨਹੀਂ ਹੈ। ਸਾਰੇ ਵਿਦਵਾਨ ਇਸ ਮੱਤ ਨਾਲ ਸਹਿਮਤ ਹਨ ਕਿ ਇਸ ਆਲੋਚਨਾ ਪੱਧਤੀ ਦਾ ਆਗਾਜ਼ ਹਰਿਭਜਨ ਸਿੰਘ ਦੁਆਰਾ 1970 ਦੇ ਨੇੜ-ਤੇੜੇ ਹੋਇਆ। 'ਅਧਿਐਨ ਤੇ ਅਧਿਆਪਨ' ਅਤੇ 'ਮੁੱਲ ਤੇ ਮੁਲਾਂਕਣ' ਪੁਸਤਕਾਂ ਨੇ ਇਸ ਆਲੋਚਨਾ ਪੱਧਤੀ ਸੰਬੰਧੀ ਸਿਧਾਂਤਿਕ ਸੂਝ-ਬੂਝ ਨੂੰ ਵਿਕਸਤ ਕਰਨ ਲਈ ਮੁੱਢਲਾ ਧਰਾਤਲ ਪ੍ਰਦਾਨ ਕੀਤਾ। ਇਨ੍ਹਾਂ ਪੁਸਤਕਾਂ ਨੇ ਪੰਜਾਬੀ ਸਮੀਖਿਆ ਵਿਚ ਵਿਆਪਦੀ ਜਾਂਦੀ ਖੜ੍ਹੋਤ, ਮਕਾਨੀਕੀਅਤ ਅਤੇ ਏਕਾਧਿਕਾਰਵਾਦ ਨੂੰ ਪਹਿਲੀ ਵਾਰ ਗੰਭੀਰ ਚੁਣੌਤੀ ਪ੍ਰਦਾਨ ਕੀਤੀ। ਇਹ ਆਲੋਚਨਾ ਮਹਿਜ 'ਫੈਸ਼ਨ' ਵਜੋਂ ਹੀ ਨਹੀਂ ਸਗੋਂ ਅੰਦਰੂਨੀ ਅਤੇ ਬਾਹਰੀ ਦਬਾਅ ਤੇ ਮਿਲਣੇ ਜੁਲਵੇਂ ਪ੍ਰਤਿਕਰਮ ਦਾ ਪ੍ਰਤਿਫਲ ਸੀ।

ਭਾਰਤੀ ਚਿੰਤਨ ਜਿਸ ਤੋਂ ਪੰਜਾਬੀ ਚਿੰਤਨ ਵੀ ਪ੍ਰਭਾਵਿਤ ਹੁੰਦਾ ਆਇਆ ਸੀ ਵਿੱਚ ਵਾਪਰੀ ਖੜ੍ਹੋਤ ਅਤੇ ਭਾਰਤੀ ਕਾਵਿ-ਸ਼ਾਸਤਰ ਦਾ ਵਕਤ ਦੀਆਂ ਚੁਣੌਤੀਆਂ ਅਤੇ ਬਦਲਦੀਆਂ ਪ੍ਰਸਥਿਤੀਆਂ ਵਿਚ ਉਪਜੇ ਸਾਹਿਤ ਸਭਿਆਚਾਰ ਦੇ ਮਸਲਿਆਂ ਦੇ ਹਾਣ ਦਾ ਨਾ ਬਣਨ ਸਕਣ ਕਾਰਣ ਬਹੁਤ ਪਹਿਲਾਂ ਹੀ ਪੰਜਾਬੀ ਵਿਦਵਾਨ ਪੱਛਮੀ ਫਲਸਫ਼ੇ ਅਤੇ ਆਲੋਚਨਾ ਸੰਦਾਂ ਵੱਲ ਝੁਕ ਗਏ ਸਨ। ਵਸਤੂ-ਯਥਾਰਥ ਅਤੇ ਉਸਦੇ ਅਨੁਰੂਪ ਉਪਜੇ ਸਾਹਿਤ ਦੇ ਮਰਮ ਨੂੰ ਸਮਝਣ ਲਈ ਮਾਰਕਸ ਦਾ ਫਲਸਫਾ ਉਨ੍ਹਾਂ ਨੂੰ ਕਿਸੇ ਰਾਮਬਾਣ ਤੋਂ ਘੱਟ ਨਹੀਂ ਸੀ ਜਾਪਦਾ। ਸੰਤ ਸਿੰਘ ਸੇਖੋਂ, ਅਤੇ ਕਿਸ਼ਨ ਸਿੰਘ ਦੇ ਰੂਪ ਵਿਚ ਪੰਜਾਬੀ ਸਾਹਿਤ ਨੂੰ ਅਜਿਹੇ ਵਿਦਵਾਨ ਮਿਲ ਗਏ ਜਿਨ੍ਹਾਂ ਨੇ ਇਸ ਫਲਸਫੇ ਨੂੰ ਪੰਜਾਬੀ ਸਮੀਖਿਆ ਲਈ ਆਪਣੀਆਂ-ਆਪਣੀਆਂ ਸੰਭਾਵਨਾਵਾਂ ਅਤੇ ਸੀਮਾਵਾਂ ਸਹਿਤ ਵਰਤਿਆ। ਮਗਰਲੇ ਸਾਹਿਤ-ਸਿਰਜਕਾਂ ਅਤੇ ਸਾਹਿਤ ਸਮੀਖਿਅਕਾਂ ਨੂੰ ਇਸ ਫਲਸਫੇ ਦੀਆਂ ਅੰਤਰ ਧੁਨੀਆਂ ਨੇ ਇਸ ਕਦਰ ਪ੍ਰਭਾਵਿਤ ਕੀਤਾ ਕਿ ਇਹ ਕਿਸੇ ਨਾ ਕਿਸੇ ਰੂਪ ਵਿਚ ਉਨ੍ਹਾਂ ਦੀ ਸਿਰਜਣਾ ਸਮੀਖਿਆ ਵਿਚ ਹਾਜ਼ਰ ਰਿਹਾ। ਮਾਰਕਸੀ, ਦਰਸ਼ਨ ਦੀ ਚੜ੍ਹਤ ਤੇ ਇਸ ਪ੍ਰਤਿ ਉਪਜੀ ਸ਼ਰਧਾ ਨੇ 'ਏਕਾਧਿਕਾਰਵਾਦ' ਦੀ ਰੁਚੀ ਦੀ ਅੰਤਰਗਤ ਆਪਣੀ ਮਕਾਨੀਅਤਾ ਨੂੰ ਵੀ ਅੱਖੋਂ ਪਰਖੇ ਕਰੀ ਰੱਖਿਆ। ਇਸ ਉਲਾਰਤਾ ਵਿਚੋਂ ਹੀ ਰਚਨਾਵਾਂ ਦੇ ਅੰਦਰਲੇ ਮਰਮ ਨੂੰ ਸਮਝੇ ਬਗੈਰ ਉਨ੍ਹਾਂ ਨੂੰ ਰੱਦਣ ਦਾ ਅਮਲ ਸ਼ੁਰੂ ਹੋ ਗਿਆ। ਰੱਦਣ ਦਾ ਇਹ ਅਮਲ ਲੇਖਕ ਦੀ ਰਚਨਾ ਦੀ ਬਜਾਇ 'ਲੇਖਕ ਦੇ ਪਿਛੋਕੜ' ਉਸਦੀ ਸ਼ਖਸ਼ੀਅਤ ਅਤੇ ਉਸਦੇ ਸਮਾਜੀ, ਰਾਜਸੀ ਸਰੋਕਾਰਾਂ ਦੇ ਆਧਾਰ ਉੱਤੇ ਹੋਣ ਲੱਗ ਪਿਆ। ਅਜਿਹੀਆ ਸਥਿਤੀਆਂ ਨੇ ਪੰਜਾਬੀ ਦੇ ਕੁਝ ਸਾਹਿਤ ਸਿਰਜਕਾਂ ਅਤੇ ਸਾਹਿਤ-ਸਮੀਖਿਅਕਾਂ ਨੂੰ ਪੈਦਾ ਹੋਏ ਇਸ ਅਸਤੁਲਨ ਨੂੰ ਨਜਿੱਠਣ ਲਈ ਨਵੀਆ ਦਿਸ਼ਾਵਾਂ ਵੱਲ ਸੋਚਣ, ਵਿਚਾਰਨ ਤੇ ਚਿੰਤਨ



ਮਨਨ ਕਰਨ ਲਈ ਪ੍ਰੇਰਿਤ ਕੀਤਾ। ਹਰਿਭਜਨ ਸਿੰਘ ਇਨ੍ਹਾਂ ਦੇ ਮੋਹਰੀ ਵਜੋਂ ਉੱਭਰ। ਰੂਪਵਾਦ ਦੇ ਉਭਾਰ ਲਈ ਜ਼ਮੀਨ ਤਿਆਰ ਕਰਨ ਵਿਚ ਉਪਰ ਵਰਣਿਤ ਕਾਰਨਾ ਤੋਂ ਬਿਨਾਂ ਹੇਠ ਲਿਖੇ ਹੋਰ ਕਾਰਣ ਵੀ ਸਨ।

1. ਪੂੰਜੀਵਾਦ ਦੇ ਉਭਾਰ ਕਾਰਣ ਸ਼ਹਿਰੀ ਮੱਧ-ਸ੍ਰੇਣੀ ਦੇ ਭਰਪੂਰ ਵਾਧੇ ਅਤੇ ਉਨ੍ਹਾਂ ਵਿਚ ਪੈਦਾ ਹੋ ਰਹੀ ਇਕੱਲਤਾ, ਬੇਗੀਅਤ, ਅਲਹਿਦਗੀ, ਤੁਸ਼ਤਾ ਅਤੇ ਅਪ੍ਰਮਾਣਿਕ ਹੋਣ ਦੇ ਪ੍ਰਭਾਵ ਨੇ ਅਜਿਹੇ ਸਾਹਿਤ ਨੂੰ ਜਨਮ ਦਿੱਤਾ ਜਿਸ ਪ੍ਰਤਿ ਮਾਰਕਸਵਾਦੀ ਵਿਦਵਾਨਾਂ ਦਾ ਰੁਖ ਪ੍ਰਤਿਕ੍ਰਿਆਵਾਦੀ ਸੀ। ਇਸ ਗੱਲ ਨੇ ਪੜ੍ਹੇ ਲਿਖੇ ਸ਼ਹਿਰੀ ਮੱਧ ਸ੍ਰੇਣੀ ਦੇ ਸਿਰਜਕਾਂ ਸਮੀਖਿਅਕਾਂ ਦੇ ਇਕ ਵਰਗ ਵਿੱਚ ਪੰਜਾਬੀ ਵਿਚ ਪ੍ਰਚਲਿਤ ਮਾਰਕਸੀ ਸਮੀਖਿਆ ਦੇ ਮਕਾਨਕੀ, ਅੰਤਰਮੁਖੀ ਅਤੇ ਆਪਹੁਦਰੇਪਣ ਪ੍ਰਤਿ ਅਸੰਤਸ਼ਟਤਾ ਪੈਦਾ ਕਰ ਦਿੱਤੀ।

2. 1970 ਦੇ ਨੇੜੇ-ਤੇੜੇ ਪੱਛਮ ਵਿਚ ਮਾਰਕਸਵਾਦੀ ਚਿੰਤਨ ਦੇ ਅੰਦਰਲੇ ਸੰਕਟ ਉਭਰ ਕੇ ਸਾਹਮਣੇ ਆਉਣੇ ਸ਼ੁਰੂ ਹੋ ਗਏ। ਮਾਰਕਸਵਾਦੀ ਚਿੰਤਨ ਦੀ ਬੁਨਿਆਦ ਤੇ ਉਸਰੇ ਦੇਸ਼ਾਂ ਵਿਚ ਫੈਲੀ ਅਸੰਤੁਸ਼ਟਤਾ ਸਾਹਮਣੇ ਆਉਣੀ ਸ਼ੁਰੂ ਹੋ ਗਈ। ਇਸ ਕਾਰਣ ਪੱਛਮੀ ਵਿਦਵਾਨਾਂ ਵਿਚ ਇਸ ਚਿੰਤਨ, ਪ੍ਰਤਿ ਮੋਹ ਭੰਗ ਦੀ ਸਥਿਤੀ ਪੈਦਾ ਹੋ ਗਈ। ਜਿਸਦੇ ਫਲਸਰੂਪ ਨਵੇਂ-ਨਵੇਂ ਆਲੋਚਨਾ ਮਾਡਲਾਂ ਲਈ ਰਾਹ ਪੱਧਰਾ ਹੋਣਾ ਸ਼ੁਰੂ ਹੋ ਗਿਆ।

3. ਰੂਸੀ ਰੂਪਵਾਦੀ ਵਿਦਵਾਨਾਂ ਦੀਆਂ ਲਿਖਤਾਂ ਵੀ ਇਸ ਸਦੀ ਦੇ ਅੱਧ ਦੇ ਨੇੜੇ ਪੱਛਮੀ ਵਿਦਵਾਨਾਂ ਕੋਲ ਪੁੱਜ ਚੁੱਕੀਆਂ ਸਨ। ਅਮਰੀਕਾ ਵਿਚ ਪਨਪੀ ਨਵ-ਅਮਰੀਕਨ ਆਲੋਚਨਾ ਦੀਆਂ ਲੱਭਤਾਂ ਇਸਦੇ ਨਾਲ ਮਿਲਦੀਆਂ ਜੁਲਦੀਆਂ ਸਨ। ਪਹਿਲਾਂ ਇਹ ਮਾਡਲ ਅੰਗ੍ਰੇਜ਼ੀ ਰਾਹੀਂ ਸੰਸਾਰ ਭਰ ਵਿਚ ਫੈਲੇ ਅਤੇ 1970 ਦੇ ਨੇੜੇ ਪੰਜਾਬੀ ਦੇ 'ਦਿੱਲੀ ਸਕੂਲ' ਕੋਲ ਵੀ ਪੁੱਜ ਗਏ।

4. ਪੱਛਮ ਵਿਚ ਗਿਆਨ-ਵਿਗਿਆਨ ਦੇ ਵਿਸਫੋਟ, ਸੰਚਾਰ ਸਾਧਨਾ ਰਾਹੀਂ ਸੂਚਨਾ ਅਤੇ ਟੈਕਨਾਲੋਜੀ ਵਿਚ ਵਾਪਰੀ ਕ੍ਰਾਂਤੀ ਨੇ ਕਿਸੇ ਇੱਕ ਫਲਸਫੇ ਦੀ ਇਜਾਰੇਦਾਰੀ ਦੇ ਟੁੱਟਣ ਲਈ ਰਾਹ ਪੱਧਰਾ ਕਰ ਦਿੱਤਾ। ਮੱਧਵਰਗੀ ਸ਼ਹਿਰੀ ਪੰਜਾਬੀ ਵਿਦਵਾਨਾਂ ਦੇ ਅਸੰਤੁਸ਼ਟ ਵਰਗ ਨੂੰ ਇਹ ਅਮਲ ਬਹੁਤ ਰਾਸ ਆਇਆ।

5. ਪੰਜਾਬੀ ਸਾਹਿਤ ਸਿਰਜਣਾ ਸਮੀਖਿਆ ਵਿੱਚ ਕੁਝ ਨਵਾਂ ਵੱਖਰਾ ਕਰਨ, ਵਿਚਾਰਧਾਰਕ ਪੱਧਰ ਉੱਤੇ ਸੁਰੱਖਿਅਤ ਹੋ ਕੇ ਸਥਾਪਤ ਹੋਣ ਅਤੇ ਪੰਜਾਬੀ ਸਾਹਿਤ ਸਮੀਖਿਆ ਦੇ ਸਿਰਮੌਰ ਵਿਦਵਾਨ ਬਣਨ ਦੀ ਮੋਹ ਭਾਵਨਾ ਨੇ ਇਸ ਪ੍ਰਕਿਰਿਆ ਨੂੰ ਤੇਜ਼ ਕਰ ਦਿੱਤਾ।

ਰੂਪਵਾਦੀ ਸਮੀਖਿਆ ਦੀਆਂ ਪੰਜਾਬੀ ਵਿਚ ਆਪਣੇ ਤਰ੍ਹਾਂ ਦੀਆਂ ਪ੍ਰਾਪਤੀਆਂ ਹਨ। ਰੂਪਵਾਦ ਨੇ ਪੰਜਾਬੀ ਆਲੋਚਨਾ ਵਿੱਚ ਬਹਿਰੰਗ ਆਲੋਚਨਾ ਦੀ ਬਜਾਇ ਅਤਰੰਗ ਆਲੋਚਨਾ ਤੇ ਬਲ ਦੇ ਕੇ 'ਸਾਹਿਤ ਦੀ ਸਾਹਿਤਕਤਾ' ਨੂੰ ਨਿਰਧਾਰਤ ਕਰਨਾ ਆਪਣਾ ਬੁਨਿਆਦੀ ਲਕਸ਼ ਮੰਨਿਆ। ਰੂਸੀ ਰੂਪਵਾਦ ਦੀ ਸ਼ੁਰੂਆਤ ਸਾਹਿਤ ਕਿਰਤ ਦੀ ਨਿਵੇਕਲੀ ਅਤੇ ਸੁਤੰਤਰ ਹੋਂਦ ਉੱਪਰ ਜ਼ੋਰ ਦੇਣ ਤੋਂ ਹੁੰਦੀ ਹੈ। 'ਰੂਪ ਦੀ ਏਕਤਾ' ਦੀ ਸੰਕਲਪ ਉਨ੍ਹਾਂ ਦਾ ਕੇਂਦਰੀ ਨੁਕਤਾ ਹੈ। 'ਅਜਨਬੀਕਰਣ' ਦੇ ਸਿਧਾਂਤ ਨੂੰ ਉਨ੍ਹਾਂ ਸਾਹਿਤਕ-ਕਿਰਤਾਂ ਦੇ ਅੰਦਰੂਨੀ ਨੇਮ-ਪ੍ਰਬੰਧ ਨੂੰ ਸਮਝਣ ਲਈ ਵਰਤਿਆ। ਅਜਿਹੇ ਨੇਮ-ਪ੍ਰਬੰਧ ਦੀ ਜਾਣਕਾਰੀ ਲਈ ਰਚਨਾਂ ਵਿਚ ਵਰਤੀਆਂ ਵਿਭਿੰਨ ਜੁਗਤਾਂ ਤੇ ਉਨ੍ਹਾਂ ਆਪਣਾ ਧਿਆਨ ਕੇਂਦਰਿਤ ਕੀਤਾ। ਸਾਹਿਤ ਨੂੰ ਹਰ ਪ੍ਰਕਾਰ ਦੇ ਪ੍ਰਸੰਗ ਤੋਂ ਮੁਕਤ ਕਰਕੇ ਕਵੀ ਦੀ ਜੀਵਨੀ, ਇਤਿਹਾਸ, ਮਨੋਵਿਗਿਆਨ ਆਦਿ ਦਾ ਇਕ ਅੰਗ ਸਮਝਣ ਦੀ ਥਾਂ ਸਾਹਿਤ-ਰਚਨਾ ਨੂੰ 'ਸੁਤੰਤਰ' ਰਚਨਾ ਮੰਨਣ ਤੇ ਜ਼ੋਰ ਦਿੱਤਾ। ਕਾਵਿ-ਕਿਰਤ ਦੇ ਕਿਸੇ ਇੱਕ ਸਥਿਰ ਤੱਤ ਨੂੰ ਅੰਤਿਮ ਮੰਨਦਿਆਂ ਕਾਵਿ ਦੇ ਸਮੁੱਚੇ ਸਿਸਟਮ ਨੂੰ ਕੇਵਲ ਉਸ ਸਥਿਰ ਤੱਤ ਤੇ ਅਧਾਰਿਤ ਕੀਤਾ। ਇਹ ਅਧਿਐਨ ਰਚਨਾਵਾਂ ਦੇ ਵਖਰੇਵੇਂ ਦੀ ਬਜਾਇ ਉਨ੍ਹਾਂ ਦੇ ਸਥਿਰ ਤੱਤਾਂ ਦੇ ਆਧਾਰ ਉੱਤੇ ਉਨ੍ਹਾਂ ਦੇ ਰਲੇਵੇਂ ਤੇ ਜ਼ਿਆਦਾ ਜ਼ੋਰ ਦਿੰਦਾ ਸੀ। ਇਸ ਸਮੀਖਿਆ ਦੇ ਮੁਢਲੇ ਨਕਸ਼ 'ਰੂਪਕੀ' ਵਿਚ ਪੇਸ਼ ਹੋਈ ਵਿਹਾਰਕ-ਸਮੀਖਿਆ ਵਿਚ ਵੇਖੇ ਜਾ ਸਕਦੇ ਹਨ। ਇਸ ਪੁਸਤਕ ਵਿਚ ਹਰਿਭਜਨ ਸਿੰਘ ਵਿਭਿੰਨ

ਕਵਿਤਾਵਾਂ ਵਿਚੋਂ ਤਨਾਉ, ਅਜਨਬੀਕਰਣ, ਵਿਰੋਧਾਭਾਸ, ਬਹੁਅਰਥਤਾ, ਰਚਨਾ-ਸੰਰਚਨਾ ਆਦਿ ਸਥਿਰ ਤੱਤਾਂ ਦੀ ਭਾਲ ਦੁਆਰਾ ਇਨ੍ਹਾਂ ਕਵਿਤਾਵਾਂ ਦੇ ਅੰਤ੍ਰੀਵ ਸਿਸਟਮ ਨੂੰ ਸਮਝਣ ਦਾ ਯਤਨ ਕਰਦਾ ਹੈ।

ਪੰਜਾਬੀ ਸਮੀਖਿਆ ਦੇ ਸੰਦਰਭ ਵਿਚ ਇਹ ਗੱਲ ਮਹੱਤਵਪੂਰਨ ਹੈ ਕਿ ਇਸ ਵਿਚ ਰੂਪਵਾਦ ਅਤੇ ਸੰਰਚਨਾਵਾਦ ਕੋਈ ਜ਼ਿਆਦਾ ਸਮੇਂ ਦੇ ਅੰਤਰ ਜਾਂ ਵੱਡੀਆਂ ਧਾਰਨੋਵਾਂ ਦੇ ਅੰਤਰ ਨਾਲ ਦਾਖਲ ਨਹੀਂ ਹੁੰਦੇ ਹਨ। ਇਸਦਾ ਇੱਕ ਕਾਰਣ ਤਾਂ ਇਹ ਹੈ ਕਿ ਜਦ ਤੱਕ ਰੂਪਵਾਦ ਜਾਂ ਨਵ-ਅਮਰੀਕਨ ਆਲੋਚਨਾ ਦੇ ਸੰਕਲਪ ਪੰਜਾਬੀ ਵਿਚ ਪਹੁੰਚੇ ਉਸ ਸਮੇਂ ਤੱਕ ਪੱਛਮ ਵਿਚ ਇਹ ਆਪਣੀ ਅਉਧ ਹੰਢਾ ਚੁੱਕੇ ਸਨ ਅਤੇ ਸੰਰਚਨਾਵਾਦ, ਉੱਤਰ ਸੰਰਚਨਾਵਾਦ ਲਈ ਰਾਹ ਪੱਧਰਾ ਕਰ ਚੁੱਕਾ ਸੀ। 'ਰੂਪਕੀ' ਤੋਂ 'ਸਿਸਟਮੀ' ਤੱਕ ਤਿੰਨ ਸਾਲ ਦੇ ਅੰਤ੍ਰਾਲ ਵਿਚ ਹੀ ਸੰਰਚਨਾਵਾਦ ਦੇ ਮੂਲ ਸੰਕਲਪਾਂ ਨਾਲ 'ਦਿੱਲੀ ਸਕੂਲ' ਦੇ ਵਿਦਵਾਨ ਜਾਣੂ ਹੋ ਚੁੱਕੇ ਸਨ। ਵੈਸੇ ਵੀ ਰੂਸੀ ਰੂਪਵਾਦ, ਸੰਰਚਨਾਵਾਦ ਦੇ ਸੰਕਲਪਾ ਲਈ ਆਧਾਰ ਭੂਮੀ ਤਿਆਰ ਕਰਦਾ ਹੈ। ਜਿਸ ਕਾਰਣ ਇਨ੍ਹਾਂ ਦਾ ਆਪਸੀ ਅਨਿੱਖੜ ਸੰਬੰਧ ਬਣ ਜਾਂਦਾ ਹੈ। ਰੂਪਵਾਦ ਅਤੇ ਸੰਰਚਨਾਵਾਦ ਨੂੰ ਬੁਨਿਆਦੀ ਰੂਪ ਵਿਚ ਆਧਾਰ ਸੋਸਿਉਰ ਦੇ ਭਾਸ਼ਾ-ਵਿਗਿਆਨਕ ਚਿੰਤਨ ਨੇ ਪ੍ਰਦਾਨ ਕੀਤਾ ਸੀ। ਜਦ ਸੋਸਿਉਰ ਨੇ ਇਹ ਸਿਧਾਂਤ ਪੇਸ਼ ਕੀਤਾ ਕਿ ਭਾਸ਼ਾ ਕਿਸੇ ਵਸਤੂ ਦਾ ਅਨੁਕਰਣ ਨਹੀਂ ਸਗੋਂ ਚਿਹਨਾ ਦਾ ਪ੍ਰਬੰਧ ਹੈ ਅਤੇ ਇਹ ਚਿਹਨ, ਚਿਹਨਕ, ਅਤੇ ਚਿਹਨਤ ਦੀ ਸੰਯੁਕਤੀ ਵਜੋਂ ਆਪਣੀ ਸਾਰ ਮੁਤਾਬਿਕ ਹੈ ਤਾਂ ਸਮੁੱਚੇ ਸਾਹਿਤ ਅਧਿਐਨ ਨੇ ਨਵੀਂ ਕਰਵਟ ਲਈ ਅਤੇ ਇਨ੍ਹਾਂ ਸਿਧਾਤਾਂ ਨੂੰ ਆਪਣਾ ਕੇ ਸਾਹਿਤਕ ਟੈਕਸਟ ਨੂੰ ਇਕ ਸੁਤੰਤਰ, ਖ਼ੁਦਮੁਖਤਾਰ ਪ੍ਰਬੰਧ ਵਜੋਂ ਸਥਾਪਤ ਕਰਨ ਦੇ ਯਤਨ ਕੀਤੇ ਗਏ। ਟੈਕਸਟ ਨੂੰ ਇਕ ਚਿਹਨ ਮੰਨਦੇ ਹੋਏ ਅਜਿਹੇ ਚਿਹਨਕ ਵਜੋਂ ਸਥਾਪਤ ਕੀਤਾ ਗਿਆ ਜਿਸਦਾ ਚਿਹਨਤ ਇਸ ਦੀਆਂ ਡੂੰਘਾਣਾਂ ਵਿਚ ਲੁਪਤ ਹੋ ਜਾਂਦਾ ਹੈ। ਇਸ ਦੇ ਆਧਾਰ ਉੱਪਰ ਪਾਠ, ਅੰਤਰਪਾਠ, ਭਾਸ਼ਾਈ ਅਵਚੇਤਨ, ਰਾਜਨੀਤਕ ਅਵਚੇਤਨ ਅਤੇ 'ਟੈਕਸਟ ਦੀਆਂ ਖਾਮੋਸ਼ੀਆਂ' ਜਿਹੇ ਸੰਕਲਪਾਂ ਨਾਲ ਸਾਡਾ ਵਾਹ ਪਿਆ। ਰੂਪਵਾਦ ਨੇ ਸਾਹਿਤ ਕਿਰਤਾਂ ਦੀਆਂ ਯੁਗਤਾਂ ਨੂੰ ਜਿਹੜੇ ਸਮਾਜ ਨਿਰਪੇਖ ਆਧਾਰ ਦਿੱਤੇ ਸਨ ਉਹ ਸੰਰਚਨਾਵਾਦ ਨਾਲ ਸਮਾਜ ਸਾਪੇਖ ਸੰਬੰਧਾਂ ਵਿਚ ਤਬਦੀਲ ਹੋ ਗਏ। ਸਾਹਿਤ-ਕਿਰਤ ਦੀ ਹੋਂਦ-ਵਿਧੀ ਦਾ ਪ੍ਰਸ਼ਨ ਕੇਂਦਰੀ ਮਹੱਤਤਾ ਗ੍ਰਹਿਣ ਕਰ ਗਿਆ। ਇਸ ਵਿਚੋਂ ਹੀ ਸਾਹਿਤ ਦਾ ਕਾਵਿ-ਸ਼ਾਸਤਰ ਉਸਾਰੇ ਜਾਣ ਦਾ ਵਿਚਾਰ ਉਤਪੰਨ ਹੋਇਆ।

ਸੰਰਚਨਾਵਾਦ ਨੂੰ ਸਿਧਾਂਤਿਕ ਤੇ ਵਿਹਾਰਕ ਰੂਪ ਵਿਚ ਪੇਸ਼ ਕਰਨ ਲਈ ਹਰਿਭਜਨ ਸਿੰਘ ਦੇ ਨਾਲ ਤਰਲੋਕ ਸਿੰਘ ਕੰਵਰ, ਆਤਮਜੀਤ ਸਿੰਘ, ਸਤਿੰਦਰ ਸਿੰਘ ਨੂਰ, ਸਤਿੰਦਰ ਸਿੰਘ, ਗੁਰਚਰਨ ਸਿੰਘ ਅਰਸ਼ੀ, ਗੁਰਚਰਨ ਸਿੰਘ, ਅਮਰੀਕ ਸਿੰਘ ਪੂੰਨੀ, ਜਗਬੀਰ ਸਿੰਘ, ਮਨਜੀਤ ਸਿੰਘ, ਡਾ. ਮਹਿੰਦਰ ਕੌਰ ਗਿੱਲ, ਡਾ. ਮਨਜੀਤ ਕੌਰ, ਡਾ. ਹਰਚਰਨ ਕੌਰ, ਡਾ. ਦਵਿੰਦਰ ਕੌਰ ਆਦਿ ਵਿਦਵਾਨ ਸਾਹਮਮਏ ਆਏ। ਇਸ ਤਰ੍ਹਾਂ 1980 ਤੱਕ ਪਹੁੰਚਦਿਆਂ ਦਸ ਸਾਲ ਦੇ ਸਮੇਂ ਵਿੱਚ ਹੀ ਸੰਰਚਨਾਵਾਦ ਪੰਜਾਬੀ ਵਿਦਵਾਨਾ ਦੇ ਇੱਕ ਵੱਡੇ ਹਿੱਸੇ ਦੀ ਅਧਿਐਨ ਪ੍ਰਕਿਰਿਆ ਦਾ ਅੰਗ ਬਣ ਗਿਆ। ਇਹ ਉਹ ਪੜਾਅ ਸੀ ਜਿੱਥੇ ਇਸ ਦੇ ਵੱਧ ਰਹੇ ਪ੍ਰਭਾਵ ਨੂੰ ਗੌਲਦਿਆਂ ਇਕ ਪਾਸੇ ਮਾਰਕਸਵਾਦੀ ਵਿਦਵਾਨਾਂ ਨੇ ਇਸ ਨਾਲ ਤਿੱਖਾ ਸੰਵਾਦ ਰਚਾਇਆ ਅਤੇ ਦੂਜੇ ਪਾਸੇ ਇਸ ਧਾਰਾ ਵਿਚੋਂ ਹੀ ਸਤਿੰਦਰ ਸਿੰਘ ਨੂਰ ਨੇ ਸੰਰਚਨਾਵਾਦੀ ਸਮੀਖਿਆ ਦੀਆਂ ਸੀਮਾਵਾਂ ਨੂੰ ਪਹਿਚਾਣਦੇ ਹੋਏ ਇਸਨੂੰ ਸਵੈ-ਮੁਲਾਂਕਣੀ ਪ੍ਰਕਿਰਿਆ ਵਿਚ ਪਾਉਂਦੇ ਹੋਏ ਪੱਛਮੀ ਗਿਆਨ ਦੀ ਰੋਸ਼ਨੀ ਵਿਚ ਮਾਰਕਸਵਾਦ ਨਾਲ ਇਸਦੇ ਸੰਬੰਧਾਂ ਨੂੰ ਮੁੜ ਪਰਿਭਾਸ਼ਿਤ ਕੀਤਾ। ਇਸ ਪੜਾਅ ਤੋਂ ਪਹਿਲਾਂ ਮਾਰਕਸਵਾਦੀ ਅਤੇ ਰੂਪਵਾਦੀ ਸੰਰਚਨਾਵਾਦੀ ਸਮੀਖਿਆ ਆਪਣੇ-ਆਪਣੇ ਵਿਦਵਾਨਾਂ ਦੇ ਦਾਇਰਿਆਂ ਵਿਚ ਸਿਮਟੀ ਹੋਈ ਸੀ। ਇਸ ਸੰਵਾਦ ਕਾਰਣ 1980 ਉਪਰੰਤ ਪੰਜਾਬੀ ਸਮੀਖਿਆ ਤਿੰਨ ਦਿਸ਼ਾਵਾਂ ਵਿੱਚ ਫੈਲਦੀ ਨਜ਼ਰ ਆਉਂਦੀ ਹੈ।



1. ਰੂਪਵਾਦ ਸੰਰਚਨਾਵਾਦ ਤੋਂ ਪ੍ਰਾਪਤ ਹੋਏ ਨਵੇਂ ਬੌਧਿਕ ਹੁੰਗਾਰੇ ਦੀ ਚਕਾਚੌਂਧ ਸੁਰੱਖਿਅਤਾ ਦੀ ਛਾਂ ਹੇਠ ਵਿਚਰਦੀ ਸਮੀਖਿਆ
2. ਮਾਰਕਸਵਾਦੀ ਦਰਸ਼ਨ ਪ੍ਰਤਿ ਕੱਟੜਮਈ ਸ਼ਰਧਾ ਬਿਰਤੀ ਦੇ ਸੰਦਰਭ ਵਿੱਚ ਸੰਰਚਨਾਵਾਦ ਦੀਆਂ ਪ੍ਰਾਪਤੀਆਂ ਨੂੰ ਮੂਲੋਂ ਰੱਦ ਕਰਦੀ ਸਮੀਖਿਆ
3. ਮਾਰਕਸਵਾਦ ਅਤੇ ਸੰਰਚਨਾਵਾਦ ਦੀਆਂ ਆਪਣੀਆਂ-ਆਪਣੀਆਂ ਸੰਭਾਵਨਾਵਾਂ ਤੇ ਸੀਮਾਵਾਂ ਦੇ ਪਰਿਪੇਖ ਵਿੱਚ ਇਨ੍ਹਾਂ ਦੇ ਆਪਸੀ ਸੰਵਾਦ ਵਿਚੋਂ ਭਵਿੱਖ ਦੀ ਸਮੀਖਿਆ ਦੇ ਨਕਸ਼ ਤਲਾਸ਼ਦੀ ਸਮੀਖਿਆ।

ਇਸ ਪ੍ਰਕਾਰ ਸੰਰਚਨਾਵਾਦ ਨੇ ਆਪਣੀਆਂ ਸੰਭਾਵਨਾਵਾਂ ਅਤੇ ਸੀਮਾਵਾਂ ਦੋਹਾਂ ਨਾਲ ਹੀ ਪੰਜਾਬੀ ਸਮੀਖਿਆ ਵਿਚ ਨਵੀਂ ਬੌਧਿਕ ਅਤੇ ਸੀਮਾਵਾਂ ਦੋਹਾਂ ਨਾਲ ਹੀ ਪੰਜਾਬੀ ਸਮੀਖਿਆ ਵਿਚ ਨਵੀਂ ਬੌਧਿਕ ਉਤੇਜਨਾ ਲਈ ਆਧਾਰ ਭੂਮੀ ਤਿਆਰ ਕੀਤੀ। ਇਸ ਉਪਰੰਤ ਇਹ ਤਹਿ ਹੋ ਗਿਆ ਕਿ ਚਾਹੇ ਸੰਰਚਨਾਵਾਦ ਦੀਆਂ ਸੰਭਾਵਨਾਵਾਂ ਬਾਰੇ ਜ਼ਿਕਰ ਹੋਵੇ ਅਤੇ ਚਾਹੇ ਸੀਮਾਵਾਂ ਬਾਰੇ, ਭਵਿੱਖ ਦੀ ਪੰਜਾਬੀ ਸਮੀਖਿਆ ਵਿਚੋਂ ਇਸ ਨੂੰ ਖਾਰਜ ਕਰਨਾ ਅਸੰਭਵ ਹੋਵੇਗਾ। ਸੰਰਚਨਾਵਾਦ ਨੇ ਰੂਪਵਾਦ ਤੋਂ ਅੱਗੇ ਤੁਰਦਿਆਂ 'ਸਾਹਿਤ ਦੀ ਸੁਤੰਤਰਤਾ' ਅਤੇ 'ਖੁਦਮੁਖਤਾਰੀ' ਦੇ ਸੰਕਲਪਾਂ ਨੂੰ ਸਮਾਜ ਦੀ ਵਡੇਰੀ ਸੰਰਚਨਾ ਨਾਲ ਸੰਬੰਧਿਤ ਕਰਕੇ 'ਅੰਤਰ-ਅਨੁਸ਼ਾਸਨੀ' ਪਹੁੰਚ ਨੂੰ ਦ੍ਰਿੜਾਇਆ। ਇਸ ਪ੍ਰਸੰਗ ਵਿਚ ਸਾਹਿਤ ਪਾਠ ਨੂੰ 'ਅਨੁਕਰਣ' ਮੰਨਣ ਦੀ ਬਜਾਇ 'ਚਿਹਨੀਕਰਣ' ਮੰਨਣ ਦੇ ਅਮਲ ਨੇ ਠੋਸ ਆਧਾਰ ਦਿੱਤਾ। ਸੁਰਜੀਤ ਸਿੰਘ ਭੱਟੀ ਇਸ ਆਲੋਚਨਾ ਦੀਆਂ ਸੰਕਲਪਗਤ ਸੰਭਾਵਨਾਵਾਂ ਸੰਬੰਧੀ ਸੰਵਾਦ ਰਚਾਉਂਦੇ ਹੋਏ ਲਿਖਦੇ ਹਨ-

"ਇਸ ਪਹੁੰਚ ਨੇ ਵਿਅਕਤੀ ਦੇ ਮੁਕਾਬਲੇ ਸਮਾਜ, ਉਚਾਰ ਦੇ ਮੁਕਾਬਲੇ ਸਿਸਟਮ, ਦਿੱਖ ਦੇ ਮੁਕਾਬਲੇ ਸਾਰ, ਖਿੰਡਾਉਂ ਦੇ ਵਿਰੋਧ ਵਿੱਚ ਸੰਜਮ, ਅਰਾਜਕਤਾ ਦੇ ਵਿਰੋਧ ਵਿਚ ਵਿਧੀ-ਵਿਗਿਆਨ, ਸਾਧਾਰਣ ਬੁੱਧ ਦੇ ਮੁਕਾਬਲੇ ਤੇ ਵਿਸ਼ੇਸ਼ੀਕ੍ਰਿਤ ਗਿਆਨ, ਅੰਤਰਮੁਖੀ ਪਹੁੰਚ ਦੇ ਵਿਰੋਧ ਵਿਚ ਬਾਹਰਮੁਖਤਾ ਅਤੇ ਵਿਗਿਆਨਕਤਾ, ਬਹਿਰੰਗ ਦੇ ਵਿਰੋਧ ਵਿਚ ਅੰਤਰੰਗ, ਵਰਤਾਰੇ ਦੇ ਪ੍ਰਪੰਚ ਦੇ ਵਿਰੋਧ ਵਿਚ ਨਿਯਮਾਂ ਨੂੰ ਆਪਣੇ ਅਨੁਸ਼ਾਸਨ ਵਿਚ ਵਿਸ਼ੇਸ਼ ਮਹੱਤਵ ਦਿੱਤਾ।(2)

ਇਸ ਪੜਾਅ ਉੱਤੇ ਪੰਜਾਬੀ ਸਮੀਖਿਆ ਵਿਚ ਰੂਪਵਾਦ ਸੰਰਚਨਾਵਾਦ ਦੇ ਮੂਲ ਸਿਧਾਤਾਂ ਵਿਚੋਂ ਕਿਸੇ ਇੱਕ ਨੁਕਤੇ ਤੇ ਬਲ ਦੇ ਕੇ ਵੱਖ-ਵੱਖ ਆਲੋਚਨਾ ਪ੍ਰਣਾਲੀਆਂ ਦੀ ਪਰਿਪਾਟੀ ਸ਼ੁਰੂ ਹੁੰਦੀ ਹੈ। ਇਹ ਜ਼ਿਆਦਾਤਰ ਡਾਕਟਰੇਟ ਦੀ ਉਪਾਧੀ ਪ੍ਰਾਪਤੀ ਲਈ ਕੀਤੇ ਗਏ ਖੋਜ-ਕਾਰਜ ਸਨ। ਇਸ ਸਮੇਂ ਸ਼ੈਲੀ ਵਿਗਿਆਨ (ਡਾ. ਆਤਮਜੀਤ ਸਿੰਘ, ਸਾਹਿਤਕੀ, 1980) ਥੀਮ ਵਿਗਿਆਨ (ਡਾ. ਮਨਜੀਤ ਕੌਰ, ਥੀਮ ਵਿਗਿਆਨ ਅਤੇ ਨਾਨਕ ਸਿੰਘ ਦੇ ਨਾਵਲ, 1980) ਰੂਪ ਵਿਗਿਆਨ (ਸਤਿੰਦਰ ਸਿੰਘ, ਆਧੁਨਿਕ ਪੰਜਾਬੀ ਕਾਵਿ-ਰੂਪ ਅਧਿਐਨ, 1980), (ਦਵਿੰਦਰ ਕੌਰ, ਭਾਈ ਵੀਰ ਸਿੰਘ, ਕਾਵਿ ਦਾ ਰੂਪ ਵਿਗਿਆਨਕ ਅਧਿਐਨ, 1985) ਸਿਸਟਮੀ ਅਧਿਐਨ), (ਡਾ. ਹਰਚਰਨ ਕੌਰ, ਅੰਮ੍ਰਿਤਾ ਕਾਵਿ ਦਾ ਸਿਸਟਮੀ ਅਧਿਐਨ) ਸੰਰਚਨਾਤਮਕ ਅਧਿਐਨ (ਜੁਗਿੰਦਰ ਸਿੰਘ ਕੈਰੋਂ, ਪੰਜਾਬੀ ਲੋਕ ਕਹਾਣੀਆਂ ਦਾ ਸੰਰਚਨਾਤਮਕ ਅਧਿਐਨ, 1984) ਆਦਿ ਅਧਿਐਨ ਸਾਹਮਣੇ ਆਏ। ਇਨ੍ਹਾਂ ਪੁਸਤਕਾਂ ਦੇ ਪੁਨਰ ਮੁਲਾਂਕਣ ਨੇ ਰੂਪਵਾਦੀ। ਸੰਰਚਨਾਵਾਦੀ ਸਿਧਾਂਤਾਂ ਦੀਆਂ ਸੀਮਾਵਾਂ ਨੂੰ ਪੇਸ਼ ਕੀਤਾ। ਇਹ ਸਮੀਖਿਅਕ ਸਾਹਿਤ ਰਚਨਾਵਾਂ ਨੂੰ ਬੰਦ-ਸਿਸਟਮ (Closed system) ਵਜੋਂ ਗ੍ਰਹਿਣ ਕਰਕੇ ਰੂਪ ਅਤੇ ਵਸਤੂ ਦੇ ਦੁਅੰਦਾਤਮਕ ਸਰੂਪ ਨੂੰ ਗ੍ਰਹਿਣ ਕਰਨ ਦੀ ਜਾਂ ਕੇਵਲ ਰੂਪ ਨੂੰ ਹੀ ਧਿਆਨ ਵਿੱਚ ਰੱਖਣ ਅਤੇ ਵਸਤੂ ਨੂੰ ਅਣਗੌਲਿਆ ਕਰਨ ਕਰਕੇ ਸ਼ੁੱਧ ਅਦਵੈਤਵਾਦੀ ਬਣੇ। ਇਕਾਲਕ ਪਹੁੰਚ ਨੂੰ ਗਲਤ ਰੂਪ ਵਿੱਚ ਸੰਕਲਪਗਤ ਕਰਨ ਕਰਕੇ ਸਾਹਿਤ ਅਧਿਐਨ ਨੂੰ ਕਾਲਮੁਕਤ, ਇਤਿਹਾਸ ਮੁਕਤ ਬਣਾਉਣ, ਮਕਾਨਕੀ ਜੁਗਤਾਂ ਦੀ ਭਾਲ ਰਾਹੀਂ ਬੰਦ ਸਿਸਟਮ ਵਜੋਂ ਫੈਲਾਉਣ ਦੇ ਭਾਗੀ ਬਣੇ। ਇਸ ਕਾਰਨ ਪਾਠ ਦੀ 'ਬਹੁਅਰਥਤਾ ਦਾ ਸੱਚ' ਉੱਘੜ ਨਾ ਸਕਿਆ। ਸਾਹਿਤ ਸਿਸਟਮ ਦੀ ਭਾਲ ਲਈ ਲੇਖਕ, ਸਮਾਜ ਨੂੰ ਅਣਗੌਲਿਆ ਕਰਨ ਅਤੇ ਦਰਸ਼ਨ, ਰਾਜਨੀਤੀ ਆਰਥਿਕਤਾ,

ਸਮਾਜ ਵਿਗਿਆਨ ਅਤੇ ਮਨੋਵਿਗਿਆਨ ਜਿਹੇ ਸਾਹਿਤ ਸੰਬੰਧਿਤ ਖੇਤਰਾਂ ਤੋਂ ਕਿਨਾਰਾਕਸ਼ੀ ਕਰਨ ਕਰਕੇ ਉਹ ਸੰਰਚਨਾਵਾਦੀ ਸਮੀਖਿਆ ਦੀ ਅੰਤਰ-ਅਨੁਸ਼ਾਸਨੀ ਪਹੁੰਚ ਦੀ ਸੰਭਾਵਨਾ ਨੂੰ ਉਜਾਗਰ ਨਾ ਕਰ ਸਕੇ। ਇਸ ਸੰਬੰਧ ਵਿਚ ਨਿਮਨ ਲਿਖਤ ਟਿੱਪਣੀ ਮਹੱਤਵਪੂਰਨ ਹੈ।

"ਇਹ ਵਿਧੀ ਜੀਵਨ, ਸਾਹਿਤ, ਚਿੰਤਨ ਦੇ ਖੇਤਰ ਵਿੱਚ ਅਨੇਕਤਾ ਨੂੰ ਏਕਤਾ ਅਤੇ ਵਿਲੱਖਣਤਾ ਨੂੰ ਵਿਆਪਕਤਾ, ਨਵੀਨ ਨੂੰ ਪਰੰਪਰਾ ਅਤੇ ਵਿਅਕਤੀ ਨੂੰ ਸਿਸਟਮ ਦੇ ਅਧੀਨ ਕਰ ਦਿੰਦੀ ਹੈ।(3)

ਅੰਤਰੰਗ ਅਧਿਐਨ ਨੂੰ ਸਿਧਾਂਤਿਕ ਰੂਪ ਵਿਚ ਫੈਲਾਂਦਿਆਂ ਇਹ ਵਿਦਵਾਨ ਵਿਭਿੰਨ ਸਾਹਿਤ ਕਿਰਤਾਂ ਵਿਚੋਂ ਉਨ੍ਹਾਂ ਦੇ ਵਿਲੱਖਣ ਮਾਡਲਾਂ ਨੂੰ ਤਲਾਸ਼ਣ ਦੇ ਰਾਹ ਪਏ। ਪ੍ਰੰਤੂ ਆਪਣੇ ਇਸ ਯਤਨ ਵਿੱਚ ਜ਼ਿਆਦਾਤਰ ਉਹ ਜੁਗਤਾਂ ਜਾਂ ਸਿਧਾਂਤਿਕ ਮਾਡਲਾਂ ਨੂੰ ਸਾਹਿਤ ਰਚਨਾਵਾਂ ਤੇ ਢਕਾਉਣ ਜਾਂ ਆਰੋਪਿਤ ਕਰਨ ਦੇ ਰਸਤੇ ਹੀ ਤੁਰ ਸਕੇ। ਅਗਰ ਉਨ੍ਹਾਂ ਨੇ ਕੁਝ ਇਕ ਮੌਲਿਕ ਮਾਡਲਾਂ ਦੀ ਤਲਾਸ਼ ਕੀਤੀ ਵੀ ਤਾਂ ਇਨ੍ਹਾਂ ਮਾਡਲਾਂ ਨੂੰ 'ਮੁੱਲ-ਮੁਕਤ' ਸਮਝਣ ਦੀ ਬਿਰਤੀ ਕਾਰਣ ਉਹ ਇਨ੍ਹਾਂ ਮਾਡਲਾਂ ਦੀ ਵਿਸ਼ਾਲ ਸਮਾਜਕ, ਸਭਿਆਚਾਰਕ ਪ੍ਰਸੰਗ ਵਿਚ ਸਾਰਥਿਕਤਾ ਨਿਰਧਾਰਤ ਕਰਨ ਵਿਚ ਅਸਫਲ ਰਹੇ। ਇਸ ਪ੍ਰਕਾਰ ਮਾਰਕਸਵਾਦੀ ਸਮੀਖਿਆ ਦੀ ਜਿਸ ਉਲਾਰਤਾ ਤੇ ਮਕਾਨਕੀ ਪੁਣੇ ਤੇ ਉਂਗਲ ਧਰਦਿਆਂ ਇਨ੍ਹਾਂ ਨੇ ਆਪਣੇ ਲਈ ਰਾਹ ਤਲਾਸ਼ਿਆ ਸੀ ਇਹ ਆਪ ਉਨ੍ਹਾਂ ਦੀ ਉਲਾਰਾਂ ਦੀਆਂ ਹਨੇਰ ਘਾਟੀਆਂ ਵਿਚ ਭਟਕਣ ਲੱਗ ਪਏ। ਇਸ ਦੇ ਨਾਲ ਹੀ ਇਸ ਪੜਾਅ ਉੱਪਰ ਮਹੱਤਵ ਪੂਰਨ ਗੱਲ ਇਹ ਵਾਪਰੀ ਕਿ ਜੁਗਿੰਦਰ ਸਿੰਘ ਰਾਹੀਂ (ਪੰਜਾਬੀ ਨਾਵਲ, 1978) ਟੀ.ਆਰ ਵਿਨੋਦ (ਪੰਜ ਨਾਵਲ-ਇੱਕ ਮੁਲਾਕਣ, 1982) ਅਤਰ ਸਿੰਘ (ਸਮੇਦਰਸ਼ਨ, 1982) ਜਿਹੇ ਵਿਦਵਾਨੇ ਇਨ੍ਹਾਂ ਮਾਡਲਾਂ ਦੀਆਂ ਅੰਤਰ ਦ੍ਰਿਸ਼ਟੀਆਂ ਨੂੰ ਆਤਮਸਾਤ ਕਰਕੇ, ਆਪਣੀ ਮਾਡਲ ਚੇਤਨਾ ਨੂੰ ਮਾਰਕਸੀ ਆਧਾਰ ਪ੍ਰਦਾਨ ਕਰਕੇ ਅਧਿਐਨ ਅਧੀਨ ਰਚਨਾਵਾਂ ਦੇ ਅੰਤ੍ਰੀਵ ਵਿਚ ਲੁਪਤ ਅਰਥਾਂ ਨੂੰ ਪਕੜਨ ਵਿਚ ਬਹੁਤ ਹੱਦ ਤਕ ਸਫਲ ਹੋਏ। ਇਨ੍ਹਾਂ ਦੀ ਇਸ ਸਫਲਤਾ ਨੇ ਜਿੱਥੇ ਸਨਾਤਨੀ ਕਿਸਮ ਦੇ ਮਾਰਕਸਵਾਦੀ ਸਮੀਖਿਅਕਾਂ ਨੂੰ ਹੈਰਾਨ ਕੀਤਾ ਉੱਥੇ ਹੀ ਸੰਰਚਨਾਵਾਦੀ ਵਿਦਵਾਨਾਂ ਨੂੰ ਆਪਣੀ ਮਾਡਲ-ਚੇਤਨਾ ਨੂੰ ਮਾਰਕਸਵਾਦੀ ਦਰਸ਼ਨ ਦੇ ਪ੍ਰਸੰਗ ਵਿੱਚ ਫੈਲਾਉਣ ਲਈ ਮਜਬੂਰ ਕੀਤਾ।

ਇਸ ਸਮੁੱਚੇ ਸੰਦਰਭ ਵਿਚ 1980 ਤੋਂ ਬਾਅਦ ਮਾਰਕਸਵਾਦ ਤੇ ਸੰਰਚਨਾਵਾਦ ਵਿਚ ਤਿੱਖਾ ਵਾਦ, ਪ੍ਰਤਿਵਾਦ ਉਤਪੰਨ ਹੁੰਦਾ ਹੈ। ਇਸ ਵਾਦ, ਪ੍ਰਤਿਵਾਦ ਵਿਚੋਂ ਪੰਜਾਬੀ ਸਮੀਖਿਆ ਲਈ ਉਹ ਰਾਹ ਤਿਆਰ ਹੋਇਆ ਜਿਸ ਵਿਚ ਮਾਰਕਸਵਾਦ ਅਤੇ ਸੰਰਚਨਾਵਾਦ ਨੂੰ ਅੰਤਰ ਸੰਬੰਧਿਤ ਰੂਪ ਵਿਚ ਚਿੰਤਨ ਮਨਨ ਕਰਨ ਦੀ ਪ੍ਰਕਿਰਿਆ ਸ਼ੁਰੂ ਹੁੰਦੀ ਹੈ। ਹਰਿਭਜਨ ਸਿੰਘ, ਤਰਲੋਕ ਸਿੰਘ ਕੰਵਰ ਅਤੇ ਸਤਿੰਦਰ ਸਿੰਘ ਨੂਰ ਨੇ ਮਾਰਕਸਵਾਦੀ ਦਰਸ਼ਨ ਦੀ ਅੰਦਰੂਨੀ ਸ਼ਕਤੀ ਨੂੰ ਪਹਿਚਾਣਦਿਆਂ ਇਸਨੂੰ ਵਿਸ਼ਵ ਗਿਆਨ ਦੇ ਸੰਰਚਨਾਵੀ ਪ੍ਰਸੰਗ ਵਿਚ ਨਵੀਆਂ ਲੀਹਾਂ ਤੇ ਤੋਰਨ ਦੀ ਵਕਾਲਤ ਕੀਤੀ। ਇਨ੍ਹਾਂ ਨੇ ਸੰਰਚਨਾਵਾਦ ਤੇ ਮਾਰਕਸਵਾਦ ਦੇ ਵਿਰੋਧ ਥਾਪਣ ਨੂੰ ਨਕਾਰਿਆ। ਤਰਲੋਕ ਸਿੰਘ ਕੰਵਰ ਨੇ ਦੋਨਾਂ ਵਿਚਲੇ ਵਿਰੋਧ ਨੂੰ ਉਭਾਰਨ ਦੀ ਨਿਖੇਧੀ ਕਰਦੇ ਹੋਏ ਲਿਖਿਆ-

"ਮਾਰਕਸਵਾਦੀ ਸੰਰਚਨਾਵਾਦ ਦਾ ਵਿਰੋਧੀ ਨਹੀਂ ਰਹਿੰਦਾ ਸਗੋਂ ਇਹ ਦੋਵੇਂ ਮਾਨਵੀ ਸਮਾਜ ਦੇ ਚਿੰਤਨ ਨੂੰ ਸਿਸਟਮ ਦੀ ਪੱਧਰ ਉੱਤੇ ਵਧੇਰੇ ਸਪੱਸ਼ਟਤਾ ਤੇ ਬਰੀਕੀ ਨਾਲ ਸਮਝਣ ਦਾ ਨਵਾਂ ਪਰਿਪੇਖ ਪ੍ਰਸਤੁਤ ਕਰਦੇ ਹਨ। ਜਿਥੇ ਸੰਰਚਨਾਵਾਦ ਨੇ ਆਪਣੇ ਵਿਚਲੀ ਸਿਸਟਮੀ ਤੇ ਸਨਿਯਮਤ ਬਿਰਤੀ ਸਦਕਾ ਮਾਰਕਸਵਾਦ ਨੂੰ ਇਕ ਸੁਗਠਿਤ ਪ੍ਰਬੰਧ ਦੇ ਅਰਥਾਂ ਵਿਚ ਸਿਧਾਂਤਿਕ ਇਕਾਗਰਤਾ ਵਿੱਚ ਬੱਝਣ ਦਾ ਪੈਗਾਮ ਦਿੱਤਾ ਹੈ ਉਥੇ ਮਾਰਕਸਵਾਦ ਨੇ ਆਪਣੇ ਵਿਚਲੀ ਗਤੀਸ਼ੀਲ ਵਿਸ਼ੇਸ਼ਤਾ ਕਾਰਣ ਸੰਰਚਨਾਵਾਦ ਨੂੰ 'ਅਤਿਅੰਤ ਕਰੜੀ ਤੇ ਬੰਦ ਸਿਸਟਮੀ ਕੈਦ ਵਿਚੋਂ ਬਾਹਰ ਆ ਕੇ ਵਾਤਾਵਰਣ ਨਾਲ ਇਕ ਖੁੱਲ੍ਹੇ ਰਿਸ਼ਤੇ ਵਿੱਚ ਬੱਝਣ ਲਈ ਪ੍ਰੇਰਨਾ ਦਿੱਤੀ ਹੈ।(4)

ਮਾਰਕਸੀ ਵਿਦਵਾਨਾਂ ਵਲੋਂ ਸਿਧਾਂਤਿਕ ਅਤੇ ਵਿਹਾਰਕ ਪੱਖੋਂ ਪੇਸ਼ ਚੁਣੌਤੀਆਂ ਦੇ ਪਰਿਪੇਖ ਵਿਚ



ਸਤਿੰਦਰ ਸਿੰਘ ਨੂਰ ਮਾਰਕਸੀ ਚਿੰਤਨ ਵਿਚਲੀ ਸਿਸਟਮੀ ਚੇਤਨਾ ਨੂੰ ਸਤਹ ਤੇ ਲਿਆ ਕੇ ਆਪਣੀ ਅਧਿਐਨ ਪ੍ਰਕਿਰਿਆ ਦਾ ਅੰਗ ਬਣਾਉਂਦਾ ਹੈ। ਉਹ ਲਿਖਦਾ ਹੈ-

"ਇੱਕ ਤੱਤ (ਕਮਾਡਿਟੀ) ਦੀ ਬਿਰਤੀ ਨੂੰ ਮਾਰਕਸ ਸਮਾਜਕ ਸਿਸਟਮ ਦੇ ਪ੍ਰਸੰਗ ਵਿਚ ਹੀ ਸਪੱਸ਼ਟ ਕਰਦਾ ਹੈ। ਸਮਾਜਕ ਸਿਸਟਮ ਜੋ ਕਿ ਗਤੀਸ਼ੀਲ ਹੈ। ਮਾਰਕਸ ਨੇ ਕੇਵਲ ਤੱਤ ਚੇਤਨਾ ਨੂੰ ਰੱਦ ਕਰਕੇ ਧਿਆਨ ਸਿਸਟਮੀ ਚੇਤਨਾ ਵੱਲ ਮੋੜਿਆ ਤੇ ਇਸਦੇ ਨਾਲ ਹੀ ਉਸ ਵਿਗਿਆਨ ਨੂੰ ਵੀ ਰੱਦ ਕਰ ਦਿੱਤਾ ਜਿਸਦਾ ਸੰਬੰਧ ਮਕੈਨਕੀ ਦ੍ਰਿਸ਼ਟੀ ਨਾਲ ਰਿਹਾ ਹੈ।(5)

'ਦਿੱਲੀ ਸਕੂਲ' ਦੇ ਵਿਦਵਾਨਾਂ ਨੇ ਜਦ ਮਾਰਕਸੀ ਦਰਸ਼ਨ ਨਾਲ ਸੰਰਚਨਾਵਾਦ ਦੀ ਅੰਤਰ ਸੰਬੰਧਤਾ ਨੂੰ ਦ੍ਰਿੜ੍ਹ ਕਰਨਾ ਸ਼ੁਰੂ ਕੀਤਾ ਤਾਂ ਪੰਜਾਬੀ ਦੇ ਮਾਰਕਸੀ ਵਿਦਵਾਨਾਂ ਨੇ ਆਪਣੇ ਰੁਖ਼ ਨੂੰ ਕਰੜੇ ਕਰਦੇ ਹੋਏ ਸੰਰਚਨਾਵਾਦ ਦੇ ਸੰਕਲਪਾਂ ਤੇ ਹਮਲੇ ਕਰਕੇ ਇਸਨੂੰ ਮਾਰਕਸਵਾਦ ਵਿਰੋਧੀ ਸਾਬਤ ਕੀਤਾ। ਤੇਜਵੰਤ ਸਿੰਘ ਗਿੱਲ ਅਤੇ ਰਵਿੰਦਰ ਰਵੀ ਨੇ 'ਸੇਧ' ਮੈਗਜ਼ੀਨ ਵਿਚ ਛਪੇ ਆਪਣੇ ਖੋਜ-ਪੱਤਰਾਂ ਵਿੱਚ ਸੰਰਚਨਾਵਾਦ ਦੇ ਸੰਕਲਪਾਂ ਦੇ ਵਿਚਾਰਧਾਰਕ ਆਧਾਰਾਂ ਅਤੇ ਉਸਦੀ ਸਮਾਜਿਕ ਪ੍ਰਸੰਗਿਕਤਾ ਨੂੰ ਤਰਕ ਪੂਰਨ ਢੰਗ ਨਾਲ ਮਾਰਕਸ ਵਿਰੋਧੀ ਕਹਿੰਦੇ ਹੋਏ ਰੱਦ ਕੀਤਾ। ਰਵਿੰਦਰ ਰਵੀ ਨੇ ਸੰਰਚਨਾਵਾਦ ਨੂੰ ਕੇਵਲ ਇਕ 'ਵਿਧੀ' ਵਜੋਂ ਨਿਰਧਾਰਿਤ ਕਰਦਿਆਂ, ਇਸਦੀ ਸਿਸਟਮੀ ਪਹੁੰਚ ਨੂੰ ਮਕਾਨਕੀ ਪੁਣੇ ਕਾਰਣ ਮਾਰਕਸੀ ਦਰਸ਼ਨ ਵਿਰੋਧੀ ਰਹਿੰਦਿਆਂ ਇਸਦਾ ਇਸ ਦਰਸ਼ਨ ਨਾਲ 'ਬੁਨਿਆਦੀ' ਅਤੇ ਡਟਵਾਂ ਵਿਰੋਧ ਮੰਨਿਆ। ਤੇਜਵੰਤ ਸਿੰਘ ਗਿੱਲ ਨੇ ਸੰਰਚਨਾਵਾਦੀ ਪ੍ਰਣਾਲੀ ਨੂੰ, ਪ੍ਰਸੰਗ ਵਿਹੂਣੇ ਕਚਘਰੜ ਅਤੇ ਆਂਸ਼ਿਕ ਰੂਪ ਵਿੱਚ ਪੰਜਾਬੀ ਵਿਚ ਲਾਗੂ ਕਰਨ ਕਰ ਕੇ, ਸੰਰਚਨਾਵਾਦੀ ਆਲੋਚਕਾਂ ਦੀ ਡਟ ਕੇ ਖਿਚਾਈ ਕੀਤੀ ਅਤੇ ਉਨ੍ਹਾਂ ਨੂੰ 'ਨਕਲੀ ਸੰਰਚਨਾਵਾਦੀ' ਜਿਹੇ ਵਿਸ਼ੇਸ਼ਣਾਂ ਨਾਲ ਨਿਵਾਜਿਆ। ਰਘੁਬੀਰ ਸਿੰਘ ਸਿਰਜਣਾ ਇਸ ਸਮੁੱਚੀ ਸਮੀਖਿਆ ਨੂੰ 'ਦਿੱਲੀ ਸਕੂਲ' ਦੇ ਵਿਦਵਾਨਾਂ ਦੀ ਨਵੇਂ ਗਿਆਨ ਨੂੰ 'ਫੈਸ਼ਨ' ਵਜੋਂ ਗ੍ਰਹਿਣ ਕਰਨ ਤੋਂ ਵੱਧ ਹੋਰ ਕੋਈ ਅਹਿਮੀਅਤ ਨਹੀਂ ਦਿੰਦਾ-

"ਸੰਰਚਨਾਵਾਦ ਤੇ ਮਾਰਕਵਾਦ ਦਾ ਸੁਮੇਲ ਕਰਨ ਦੇ ਐਲਾਨੇ ਉਦੇਸ਼ਾਂ ਦੇ ਬਾਵਜੂਦ ਦਿੱਲੀ ਸਕੂਲ ਦਾ ਪੰਜਾਬੀ ਸਾਹਿਤ ਆਲੋਚਨਾ ਵਿਚ ਇਸ ਤੋਂ ਵੱਧ ਕੋਈ ਬਿੰਬ ਨਹੀਂ ਬਣਿਆ ਕਿ ਇਸ ਸਕੂਲ ਨਾਲ ਜੁੜੇ ਵਿਦਵਾਨ ਫੈਸ਼ਨ ਦੇ ਰੂਪ ਵਿਚ ਕਿਸੇ ਵੀ ਨਵੀਂ ਗੱਲ ਨੂੰ ਅਪਣਾ ਕੇ ਤੇ ਫੇਰ ਉਨ੍ਹੀ ਤੇਜ਼ੀ ਨਾਲ ਉਸਦਾ ਤਿਆਗ ਕਰਕੇ ਕਿਸੇ ਹੋਰ ਨਵੀਂ ਗੱਲ ਨੂੰ ਪਕੜਨ ਦੇ ਆਹਰ ਵਿਚ ਰਹੇ ਹਨ।"(8)

ਪ੍ਰੰਤੂ ਇਸ ਸਭ ਦੇ ਬਾਵਜੂਦ 1980-85 ਦੇ ਦਰਮਿਆਨ ਸੰਰਚਨਾਵਾਦ ਅਤੇ ਮਾਰਕਸਵਾਦ ਨੂੰ ਅੰਤਰ ਸੰਬੰਧਤ ਰੂਪ ਵਿਚ ਪਹਿਚਾਣਨ, ਘੋਖਣ ਅਤੇ ਮੁਲਾਂਕਣੀ ਪ੍ਰਕਿਰਿਆ ਵਿਚ ਪਾਉਣ ਦਾ ਕਾਰਜ ਤੇਜ਼ ਹੋ ਜਾਂਦਾ ਹੈ। ਤਰਲੋਕ ਸਿੰਘ ਕੰਵਰ, ਸਤਿੰਦਰ ਸਿੰਘ ਨੂਰ ਅਤੇ ਗੁਰਬਚਨ ਸਿੰਘ ਸਿਲਸਿਲੇ ਵਿਚ ਸਿਧਾਂਤਿਕ ਅਤੇ ਵਿਹਾਰਕ ਰੂਪ ਵਿਚ ਪਹਿਲ ਕਦਮੀ ਕਰਦੇ ਹਨ। 'ਇਕੱਤੀ ਫਰਵਰੀ' ਦੇ ਪ੍ਰਕਾਸ਼ਨ ਨਾਲ ਹੀ ਇਹ ਪਰਿਪੇਖ ਬਣਨਾ ਸ਼ੁਰੂ ਹੋ ਜਾਂਦਾ ਹੈ ਅਤੇ ਰੂਪਵਾਦੀ ਪ੍ਰਣਾਲੀ ਨੂੰ ਰੱਦ ਕਰਨ, ਸੰਰਚਨਾਵਾਦ ਦੀਆਂ ਸੀਮਾਵਾਂ ਦੀ ਗੱਲ ਚੱਲਣ ਅਤੇ ਸੰਰਚਨਾਵਾਦ ਤੋਂ 'ਪਾਰ' ਲੰਘਣ ਦੀ ਚੇਤਨਾ ਉੱਘੜਨੀ ਸ਼ੁਰੂ ਹੁੰਦੀ ਹੈ-

"ਤੀਜੀ ਦੁਨੀਆ ਦੇ ਸਮਾਜ ਵਿਚ ਬਿਗਾਨੀਆਂ ਸਥਿਤੀਆਂ 'ਚੋਂ ਪੈਦਾ ਹੋਏ ਰੂਪਵਾਦੀ ਸੰਰਚਨਾਵਾਦ ਤੋਂ ਪਾਰ ਲੰਘਣ ਦੀ ਲੋੜ ਹੈ।"(9)

ਇਸੇ ਤਰ੍ਹਾਂ ਹੀ ਗੁਰਬਚਨ ਨੇ ਸਾਹਿਤ ਸਿਰਜਣਾ ਨੂੰ 'ਸੁਚੇਤ ਉਤਪਾਦਨ' ਮੰਨਦੇ ਹੋਏ ਇਸਨੂੰ ਭਾਸ਼ਕ ਚਿਹਨਾਂ (Linguistic signs) ਰਾਹੀਂ ਯਥਾਰਥ ਦਾ ਮਾਡਲ ਪ੍ਰਸਤੁਤ ਕਰਨ ਵਾਲੀ ਮੰਨਿਆ। ਉਹ ਸੁਹਜਾਤਮਕਤਾ, ਵਿਚਾਰਧਾਰਕ ਅਤੇ ਸਭਿਆਚਾਰਕ ਅਰਥਾਂ ਨੂੰ ਕਿਸੇ ਸਾਹਿਤ ਕਿਰਤ ਦੇ ਜ਼ਰੂਰੀ ਪੱਖ ਮੰਨਦਾ ਹੋਇਆ ਇਸ ਦੇ ਅਰਥਾਂ ਤੀਕ ਪੱਜਣ ਲਈ ਸੰਰਚਨਾ ਤੱਕ ਪੁੱਜਣ ਨੂੰ ਜ਼ਰੂਰੀ ਸ਼ਰਤ ਮੰਨਦਾ ਹੈ। ਉਹ ਪੰਜਾਬੀ ਟੈਕਸਟਾਂ ਦੇ ਅਧਿਐਨ ਸੰਬੰਧੀ ਲਿਖਦਾ ਹੈ-

"ਇਨ੍ਹਾਂ ਦਾ ਵਿਗਿਆਨਕ ਅਧਿਐਨ ਹੋਣਾ ਚਾਹੀਦਾ ਹੈ। ਜਿਸ ਲਈ ਸੰਰਚਨਾਵਾਦ, ਮਾਰਕਸਵਾਦੀ ਮਨੋਵਿਸ਼ਲੇਸ਼ਣ, ਚਿਹਨ ਵਿਗਿਆਨ ਆਦਿ ਪ੍ਰਬੰਧਾਂ ਤੋਂ ਪ੍ਰਾਪਤ ਅੰਤਰ-ਦ੍ਰਿਸ਼ਟੀਆਂ ਤੋਂ ਸਹਾਇਤਾ ਲਈ ਜਾ ਸਕਦੀ ਹੈ।" (10)

1985 ਉਪਰੰਤ ਇਕ ਬੰਨੇ ਤਾਂ ਸੰਰਚਨਾਵਾਦ ਨਾਲ ਜੋੜੇ ਜਾਣ ਲਈ ਸੁਚੇਤ ਪੱਧਰ ਤੇ ਯਤਨ ਹੋ ਰਹੇ ਸਨ ਤਾਂ ਦੂਸਰੇ ਬੰਨੇ ਸੰਰਚਨਾਵਾਦ ਨੂੰ ਸਾਹਿਤ ਕਿਰਤ ਦੇ ਅੰਤਰੰਗ ਅਤੇ ਬਹਿਰੰਗ ਅਧਿਐਨ ਲਈ ਇਸਦੇ ਜ਼ਿਆਦਾ ਵਿਕਸਤ ਮਾਡਲ 'ਚਿਹਨ-ਵਿਗਿਆਨ' ਨੂੰ ਸਾਹਿਤ ਅਧਿਐਨ ਲਈ ਵਰਤਣ ਦੇ ਯਤਨ ਸ਼ੁਰੂ ਹੋਏ। ਬੁਨਿਆਦੀ ਰੂਪ ਵਿਚ ਇਹ ਅਧਿਐਨ ਵਿਧੀ ਸੰਰਚਨਾਤਮਕ ਭਾਸ਼ਾ ਵਿਗਿਆਨ ਅਤੇ ਤਰਕ-ਸਾਸ਼ਤਰ ਦੇ ਸੰਕਲਪਾਂ ਅਤੇ ਵਿਧੀਆਂ ਨੂੰ ਹੀ ਆਪਣੇ ਅਧਾਰ ਵਿੱਚ ਗ੍ਰਹਿਣ ਕਰਦੀ ਹੈ। ਭਾਸ਼ਾ ਦੀ ਵਸਤੂਵਾਦੀ ਹੋਂਦ ਤੋਂ ਮੁਨਕਰ ਹੋਕੇ ਚਿਹਨ ਨੂੰ ਇਸਦੀ ਹੋਂਦ ਲਈ ਬੁਨਿਆਦੀ ਮੰਨਣ ਦੇ ਸਿਧਾਂਤ ਵਿਚੋਂ ਹੀ ਚਿਹਨ-ਵਿਗਿਆਨਕ ਵਿਧੀ ਉਦੈ ਹੁੰਦੀ ਹੈ। ਇਸ ਵਿਧੀ ਨੇ ਸਾਹਿਤ ਰਚਨਾਵਾਂ ਦੀ ਰੂਪਾਕਾਰਿਕ ਪ੍ਰੇਰਿਕ ਦੇ ਅੰਤਰਗਤ ਅਤਰੰਗ ਅਤੇ ਬਹਿਰੰਗ ਰੂਪ ਵਿਚ ਸਮਝਣ ਨੂੰ ਆਪਣਾ ਉਦੇਸ਼ ਮਿਥਿਆ-

"ਸਾਹਿਤਕ ਚਿਹਨ ਵਿਗਿਆਨਿਕ ਵਿਧੀ ਦਾ ਉਦੇਸ਼ ਸਾਹਿਤਿਕ ਵਿਚਾਰ ਦੀ ਉਤਪਤੀ, ਕਲਾਤਮਕ ਅਤੇ ਸੁਹਜਾਤਮਕ ਰੂਪ ਅਤੇ ਰੂਪਾਕਾਰਿਕ ਤੇ ਭਾਸ਼ਿਕ ਪ੍ਰਗਟਾਉ ਵਿਧੀਆਂ ਨੂੰ ਸਮਝਦੇ ਹੋਏ ਸਾਹਿਤਿਕ ਪ੍ਰਵਚਨ ਦੀ ਚਿਹਨੀਕਰਣ ਦੀ ਪ੍ਰਕਿਰਿਆ ਦੇ ਅਮੂਰਤ ਅਤੇ ਸਮੂਰਤ ਅਧਾਰਾਂ ਨੂੰ ਉਲੀਕਣਾ ਹੈ।" (11)

ਇਸ ਮਾਡਲ ਨੂੰ ਵਿਕਸਿਤ ਕਰਨ ਵਿਚ ਡਾ. ਤਰਲੋਕ ਸਿੰਘ ਕੰਵਰ ਨੇ ਮਹੱਤਵਪੂਰਨ ਰੋਲ ਅਦਾ ਕੀਤਾ। ਉਨ੍ਹਾਂ ਤੋਂ ਇਲਾਵਾ ਡਾ. ਓਮ ਪ੍ਰਕਾਸ਼ ਵਿਸ਼ਿਸ਼ਟ, (ਚਿੰਨ੍ਹ ਵਿਗਿਆਨ ਅਤੇ ਗੁਰੂ ਨਾਨਕ ਬਾਣੀ, 1986), ਡਾ. ਜਸਵਿੰਦਰ (ਹੀਰ ਵਾਰਿਸ ਸ਼ਾਹ ਦਾ ਚਿਹਨ ਵਿਗਿਆਨਕ ਅਧਿਐਨ, 1988), ਡਾ. ਗੁਰਪਾਲ ਸਿੰਘ ਸੰਧੂ (ਪੰਜਾਬੀ ਨਾਵਲ ਚਿਹਨ ਵਿਗਿਆਨਕ ਅਧਿਐਨ, 1995) ਡਾ. ਜਸਵਿੰਦਰ ਸਿੰਘ ਸੈਣੀ (ਬਲਵੰਤ ਗਾਰਗੀ ਦੇ ਨਾਟਕਾਂ ਦਾ ਚਿਹਨ ਵਿਗਿਆਨਕ ਅਧਿਐਨ, ਅਣਪ੍ਰਕਾਸ਼ਿਤ ਖੋਜ-ਪ੍ਰਬੰਧ) ਨੇ ਇਸ ਮਾਡਲ ਨੂੰ ਰੂਪਾਕਾਰਿਕ ਪ੍ਰੇਰਿਕਤਾ ਦੇ ਅੰਤਰਗਤ ਵਿਚਾਰਿਆ। ਕਿਸੇ ਵਿਸ਼ੇਸ਼ ਰੂਪਾਕਾਰ ਸੰਬੰਧੀ ਸਿਧਾਂਤਿਕ ਆਧਾਰ ਪ੍ਰਦਾਨ ਕਰਨਾ ਇਸ ਮਾਡਲ ਦਾ ਵਿਸ਼ੇਸ਼ ਲੱਛਣ ਬਣਿਆ। ਇਸਨੇ ਕਿਸੇ ਵੀ ਕਿਰਤ ਦੇ ਚਿਹਨ-ਪ੍ਰਬੰਧ ਦੀ ਚਿਹਨੀਕਰਣ ਦੀ ਪ੍ਰਕਿਰਿਆ ਨੂੰ ਗਲਪੀ ਸਬਜੈਕਟ ਅਤੇ ਇਤਿਹਾਸਕ ਪ੍ਰਗਟਾਉ ਜੁਗਤਾਂ ਦੀ ਦਵੰਦਾਤਮਕ ਪ੍ਰਕਾਰਜਸ਼ੀਲਤਾ ਰਾਹੀਂ ਸੰਭਵ ਹੁੰਦਾ ਸਵੀਕਾਰ ਕੀਤਾ। ਸਾਹਿਤ ਕਿਰਤ ਦੇ ਚਿਹਨ ਪ੍ਰਬੰਧ ਸੰਬੰਧੀ ਇਨ੍ਹਾਂ ਮੱਤ ਪ੍ਰਸਤੁਤ ਕੀਤਾ ਕਿ ਸਮਕਾਲੀਨ ਅਤੇ ਪੂਰਵਕਾਲੀਨ ਸੰਦਰਭ, ਘਟਨਾਵਾਂ, ਭਾਸ਼ਿਕ ਰੂਪ, ਮੁਹਾਵਰੇ, ਅਖੌਤਾਂ, ਮਿੱਥਾਂ, ਵਿਸ਼ਵਾਸ਼, ਚਰਿੱਤਰ ਆਦਿ ਤੱਤਾਂ ਦਾ ਸੰਗਠਨ ਇਸਨੂੰ ਵਸਤੂ ਯਥਾਰਥ ਵਰਗਾ ਹੀ ਅਰਥਸ਼ੀਲ ਪ੍ਰਬੰਧ ਬਣਾ ਦਿੰਦਾ ਹੈ। ਜਿਸ ਨੂੰ ਡੀਕੋਡ ਕਰਨ ਲਈ ਚੁਸਤ ਪਾਠਕੀ ਹੁੰਗਾਰੇ (Reader Response) ਦੀ ਜ਼ਰੂਰਤ ਹੁੰਦੀ ਹੈ।

ਚਿਹਨ-ਵਿਗਿਆਨ ਦੀ 'ਰੂਪਾਕਾਰਿਕ ਪ੍ਰੇਰਿਕਤਾ' ਦੇ ਸਿਧਾਂਤ ਤੋਂ ਪ੍ਰੇਰਨਾ ਗ੍ਰਹਿਣ ਕਰਕੇ ਹੀ ਪੰਜਾਬੀ ਵਿਚ 'ਬਿਰਤਾਤ-ਸ਼ਾਸਤਰੀ ਅਧਿਐਨ ਮਾਡਲ ਦਾ ਵਿਕਾਸ ਹੁੰਦਾ ਹੈ। ਇਸਨੂੰ ਪੰਜਾਬੀ ਵਿਚ 'ਵਿਧਾਗਤ ਵਿਸ਼ੇਸ਼ੀਕ੍ਰਿਤ ਆਲੋਚਨਾ' ਦੇ ਅਗਲੇ ਵਿਕਾਸ ਨਾਲ ਜੋੜਿਆ ਜਾ ਸਕਦਾ ਹੈ। ਇਹ ਅਧਿਐਨ ਮਾਡਲ ਸਮੁੱਚੀਆਂ ਸਾਹਿਤ ਰਚਨਾਵਾਂ ਦੀ ਬਜਾਇ ਸਾਹਿਤ ਦੀਆਂ 'ਬਿਰਤਾਂਤਕ ਰਚਨਾਵਾਂ' ਦੇ ਵਿਗਿਆਨਕ ਅਧਿਐਨ ਕਰਨ ਸੰਬੰਧੀ ਮੁਲਵਾਨ ਅੰਤਰ ਦ੍ਰਿਸ਼ਟੀਆਂ ਪ੍ਰਦਾਨ ਕਰਦਾ ਹੈ। ਇਸ ਮਾਡਲ ਦੇ ਮੁਢਲੇ ਨਕਸ਼ ਹਰਿਭਜਨ ਸਿੰਘ ਦੁਆਰਾ ਲਿਖਤ ਤਿੰਨ ਪੁਸਤਕਾਂ 'ਪਿਆਰ ਤੇ ਪਰਿਵਾਰ' 'ਖਾਮੋਸ਼ੀ ਦਾ ਜਜ਼ੀਰਾ' ਅਤੇ 'ਮੇਰੀ ਪਸੰਦ' ਵਿੱਚ ਪਹਿਚਾਣੇ ਜਾ ਸਕਦੇ ਹਨ। ਇਹਨਾਂ ਪੁਸਤਕਾਂ ਵਿਚ ਪੇਸ਼ ਅੰਤਰ ਦ੍ਰਿਸ਼ਟੀਆਂ ਜਿਥੇ ਹਰਿਭਜਨ ਸਿੰਘ ਦੀ ਆਲੋਚਨਾ ਦੇ ਨਿਰੰਤਰ ਵਿਕਾਸ ਦੇ ਨਵੇਂ ਪਾਸਾਰ ਸਾਡੇ ਸਨਮੁਖ ਕਰਦੀਆਂ ਹਨ ਉਥੇ ਹੀ ਹਰਿਭਜਨ ਸਿੰਘ ਦੇ ਪਹਿਲਾਂ ਪੇਸ਼ ਸਿਧਾਂਤਿਕ-ਚਿੰਤਨ ਨਾਲ ਨਿਰੰਤਰ ਤਨਾਉ, ਟਕਰਾਉ ਦੇ ਸੂਤਰ



ਵਿੱਚ ਬੱਝੀਆਂ ਹੋਈਆਂ ਹਨ। ਇਸ ਮਾਡਲ ਨੂੰ ਵਧੇਰੇ ਵਿਸਤ੍ਰਿਤ ਰੂਪ ਵਿਚ ਵਰਤਣ ਵਾਲਿਆਂ ਵਿਚ ਡਾ. ਧਨਵੰਤ ਕੌਰ (ਆਧੁਨਿਕ ਪੰਜਾਬੀ ਕਹਾਣੀ-ਬਿਰਤਾਂਤ ਸ਼ਾਸਤ੍ਰੀ ਅਧਿਐਨ, 1994) ਡਾ. ਸੁਖਪਾਲ ਸਿੰਘ ਥਿੰਦ (ਹੀਰਾ ਵਾਰਿਸ ਦਾ ਬਿਰਤਾਂਤ-ਸ਼ਾਸਤਰੀ ਅਧਿਐਨ, 1994, ਅਣਪ੍ਰਕਾਸ਼ਿਤ ਖੋਜ-ਪ੍ਰਬੰਧ) ਡਾ. ਦਵਿੰਦਰ ਸਿੰਘ (ਲੋਕ ਕਹਾਣੀਆਂ ਦਾ ਬਿਰਤਾਂਤ-ਸ਼ਾਸਤਰੀ ਅਧਿਐਨ, 1996, ਅਣਪ੍ਰਕਾਸ਼ਿਤ ਖੋਜ ਪ੍ਰਬੰਧ) ਸ਼ਾਮਲ ਹਨ।

ਇਸ ਪੜਾਅ ਤੇ ਆਣ ਕੇ ਇੱਕ ਗੱਲ ਮਹੱਤਵਪੂਰਨ ਹੋ ਜਾਂਦੀ ਹੈ ਕਿ ਪੰਜਾਬੀ ਵਿੱਚ 1985 ਤੋਂ ਉਪਰੰਤ ਦੇ ਸਮੀਖਿਆ-ਚਿੰਤਨ ਵਿਚ ਮਾਰਕਸਵਾਦੀ ਵਿਦਵਾਨਾਂ ਅਤੇ ਸੰਰਚਨਾਵਾਦੀ ਚਿਹਨ ਸ਼ਾਸਤਰੀ ਬਿਰਤਾਂਤ-ਸ਼ਾਸਤਰੀ ਵਿਦਵਾਨਾਂ ਵਿਚ 1980 ਤੋਂ ਪਹਿਲਾਂ ਵਾਲੀ ਸਪੱਸ਼ਟ ਵੰਡ ਕਾਫੀ ਹੱਦ ਤੱਕ ਟੁੱਟਣੀ ਸ਼ੁਰੂ ਹੋ ਜਾਂਦੀ ਹੈ। ਇਸਦਾ ਇੱਕ ਕਾਰਣ ਉਨ੍ਹਾਂ ਕੋਲ ਫ਼ਰਾਸੀਸੀ ਉਤਰ-ਮਾਰਕਸਵਾਦੀ, ਉੱਤਰ-ਸੰਰਚਨਾਵਾਦੀ ਵਿਦਵਾਨਾਂ ਦੀਆਂ ਨਵੀਆਂ ਚੁਣੌਤੀਆਂ ਭਰਪੂਰ ਲਿਖਤਾਂ ਦਾ ਪੁੱਜਣਾ ਹੈ। ਸੋਵੀਅਤ ਸੰਘ ਦੇ ਅੰਦਰੂਨੀ ਸੰਕਟ ਨੇ ਇਸ ਪ੍ਰਕਿਰਿਆ ਨੂੰ ਹੋਰ ਵੀ ਤੇਜ਼ ਕੀਤਾ ਹੈ। ਇਸੇ ਕਾਰਣ ਹੀ ਅਜੋਕੇ ਪੰਜਾਬੀ ਦੇ ਕਈ ਸਥਾਪਤ ਵਿਦਵਾਨਾਂ ਵਿਚ ਆਪਣੇ ਤੇ 'ਮਾਰਕਸੀ' ਜਾਂ 'ਸੰਰਚਨਾਵਾਦੀ' ਦੇ ਲੱਗਦੇ ਲੇਬਲਾਂ ਨੂੰ ਨਕਾਰਨ ਦੀ ਰੁਚੀ ਹੈ। ਇਸੇ ਸੰਦਰਭ ਵਿਚ ਦੋਨਾਂ ਪੱਖਾਂ ਦੇ ਸਮਰਥਕ ਵਿਦਵਾਨਾਂ ਵਿਚ ਇਕ ਦੂਜੇ ਪ੍ਰਤਿ 'ਭਿੱਟ-ਭਾਵਨਾ' ਘੱਟਦੀ ਹੈ ਅਤੇ 'ਲੈਣ-ਦੇਣ' ਦਾ ਅਮਲ ਤੇਜ਼ ਹੁੰਦਾ ਹੈ। ਹਾਂ ਇਹ ਜ਼ਰੂਰ ਹੈ ਕਿ ਜਿਥੇ ਇਕ ਪਾਸੇ ਮਾਰਕਸਵਾਦੀ ਫਲਸਫੇ ਨੂੰ ਪ੍ਰਣਾਏ ਵਿਦਵਾਨ (ਟੀ.ਆਰ. ਵਿਨੋਦ, ਕੇਸਰ ਸਿੰਘ, ਪ੍ਰੀਤਮ ਸਿੰਘ, ਰਘੁਬੀਰ ਸਿੰਘ ਸਿਰਜਣਾ, ਗੁਰਬਖਸ਼ ਸਿੰਘ ਫਰੈਂਕ, ਤੇਜਵੰਤ ਮਾਨ, ਜਸਵਿੰਦਰ ਸਿੰਘ, ਅਮਰਜੀਤ ਸਿੰਘ ਕਾਂਗ, ਕੁਲਬੀਰ ਸਿੰਘ ਕਾਂਗ, ਗੁਰਚਰਨ ਸਿੰਘ, ਸੁਖਦੇਵ ਸਿੰਘ ਖਾਹਰਾ, ਧਨਵੰਤ ਕੌਰ, ਬਲਦੇਵ ਸਿੰਘ ਧਾਲੀਵਾਲ, ਸੁਰਿਦਰ ਕੁਮਾਰ ਦਵੇਸ਼ਵਰ, ਸੁਰਜੀਤ ਸਿੰਘ ਭੱਟੀ, ਹਰਿਭਜਨ ਸਿੰਘ ਭਾਟੀਆ, ਸੁਖਦੇਵ ਸਿੰਘ ਆਦਿ ਸੰਰਚਨਾਵਾਦ ਉੱਤਰ-ਸੰਰਚਨਾਵਾਦ ਚਿਹਨ-ਵਿਗਿਆਨ ਅਤੇ ਬਿਰਤਾਂਤ-ਸ਼ਾਸਤਰ ਤੋਂ ਪ੍ਰਾਪਤ ਅੰਤਰ-ਦ੍ਰਿਸ਼ਟੀਆਂ ਦੇ ਪ੍ਰਸੰਗ ਵਿੱਚ ਮਾਰਕਸੀ ਸੰਦਰਭਾਂ ਨੂੰ ਵਿਸਥਾਰ ਦਿੰਦੇ ਅਤੇ ਸਥਾਪਨਾਵਾਂ ਬਣਾਉਂਦੇ ਦੇਖੇ ਜਾ ਸਕਦੇ ਹਨ। ਉਥੇ ਹੀ ਦੂਜੇ ਪਾਸੇ (ਤਰਲੋਕ ਸਿੰਘ ਕੰਵਰ ਸਵਰਗੀ, ਸਤਿੰਦਰ ਸਿੰਘ ਨੂਰ, ਜਗਬੀਰ ਸਿੰਘ, ਗੁਰਬਚਨ, ਅਮਰੀਕ ਸਿੰਘ ਪੂੰਨੀ, ਡਾ. ਗੁਰਚਰਨ ਸਿੰਘ ਅਰਸ਼ੀ, ਹਰਚਰਨ ਸਿੰਘ, ਮਨਜੀਤ ਸਿੰਘ, ਜੁਗਿੰਦਰ ਸਿੰਘ ਕੈਰੋਂ, ਦਵਿੰਦਰ ਕੌਰ, ਹਰਚਰਨ ਕੌਰ, ਮਹਿੰਦਰਜੀਤ ਕੌਰ, ਗੁਰਪਾਲ ਸਿੰਘ ਸੰਧੂ, ਜਗਮੋਹਣ ਸਿੰਘ) ਆਦਿ ਜਿਹੇ ਸੰਰਚਨਾਵਾਦੀ ਚਿਹਨ ਵਿਗਿਆਨੀ ਬਿਰਤਾਂਤ-ਸ਼ਾਸਤਰੀ ਵਿਦਵਾਨ ਆਪਣੀ ਮਾਡਲ ਚੇਤਨਾ ਨੂੰ ਸਮਾਜਿਕ-ਸਾਂਸਕ੍ਰਿਤਿਕ ਆਧਾਰ ਭੂਮੀ ਪ੍ਰਦਾਨ ਕਰਨ ਲਈ ਮਾਰਕਸਵਾਦ ਦੀਆਂ ਅੰਤਰ ਦ੍ਰਿਸ਼ਟੀਆਂ ਤੋਂ ਪ੍ਰੇਰਨਾ ਲੈਂਦੇ ਹਨ। ਦੋਵੇਂ ਵਰਗਾਂ ਦੇ ਵਿਦਵਾਨ ਸਮੇਂ-ਸਮੇਂ ਆਪਣੀ ਬੌਧਿਕ ਸਮਰੱਥਾ ਦੀਆਂ ਸੰਭਾਵਨਾਵਾਂ ਅਤੇ ਸੀਮਾਵਾਂ ਸਹਿਤ ਕਾਰਜ਼ਸ਼ੀਲ ਰਹਿੰਦੇ ਹਨ।

ਦੋਨਾ ਹੀ ਵਰਗਾਂ ਦੇ ਵਿਦਵਾਨ ਆਪਣੀਆਂ-ਆਪਣੀਆਂ ਸਥਾਪਨਾਵਾਂ ਵਿੱਚ ਇਕ ਦੂਜੇ ਦੇ ਨੇੜੇ ਵਿਚਰਣ ਦੇ ਬਾਵਜੂਦ ਗਤੀਸ਼ੀਲ ਸੰਵਾਦ ਦੀ ਅਣਹੋਂਦ ਵਿਚ ਆਪੋ ਆਪਣੇ ਖੋਜ-ਕਾਰਜ ਵਿਚ ਜੁੱਟੇ ਰਹੇ ਹਨ। ਦੋਨੋਂ ਹੀ ਤਰ੍ਹਾਂ ਦੇ ਵਿਦਵਾਨ ਪੰਜਾਬੀ ਸਾਹਿਤ ਚਿੰਤਨ ਲਈ ਮੌਲਿਕ ਮਾਡਲ ਦੀ ਉਸਾਰੀ ਅਤੇ ਪੰਜਾਬੀ ਸਾਹਿਤ ਦੇ ਕਾਵਿ-ਸ਼ਾਸਤਰ ਨੂੰ ਉਸਾਰਨਾ ਆਪਣਾ ਲਕਸ਼ ਨਿਰਧਾਰਤ ਕਰਦੇ ਹਨ। ਪਰਤੂੰ ਗਤੀਸ਼ੀਲ ਸੰਵਾਦ ਦੀ ਘਾਟ ਅਤੇ ਆਪਣੇ-ਆਪਣੇ ਦਾਇਰਿਆਂ ਵਿੱਚ ਵਿਚਰਨ ਕਾਰਣ ਉਹ ਨਵੇਂ ਗਿਆਨ ਦੀ ਭਾਲ ਲਈ ਤੱਤਪਰ ਨਜ਼ਰ ਆਉਂਦੇ ਹਨ। (ਜੋ ਆਮ ਕਰਕੇ ਪੱਛਮ ਤੋਂ ਉਧਾਰਾ ਲਿਆ ਹੁੰਦਾ ਹੈ) ਪਰੰਤੂ ਪ੍ਰਾਪਤ ਗਿਆਨ ਨੂੰ ਮੁਲਾਂਕਣੀ ਪ੍ਰਕਿਰਿਆ ਵਿਚ ਪਾਉਣ ਅਤੇ ਉਸ ਦੇ ਅਧਾਰ ਉੱਪਰ ਨਵੀਨ ਗਿਆਨ ਸ਼ਾਸਤਰੀ ਪਾਸਾਰਾਂ ਨੂੰ ਸਥਾਪਤ ਕਰਨ ਦੀ ਥਾਂ ਆਪੋ ਆਪਣੀਆਂ ਲੱਭਤਾਂ ਨੂੰ 'ਅੰਤਿਮ ਸੱਚ' ਵਜੋਂ ਪੇਸ਼ ਕਰਨ ਦੀ ਰੁਚੀ ਭਾਰੂ ਹੁੰਦੀ ਦਿਖਾਈ ਦਿੰਦੀ ਹੈ। ਪੰਜਾਬੀ ਸਾਹਿਤ ਸਮੀਖਿਆ ਵਿਚ 1985 ਤੋਂ

1990 ਤੱਕ ਇਹ ਰੁਚੀ ਕਾਰ ਰੂਪ ਵਿਚ ਕਾਰਜਸ਼ੀਲ ਰਹੀ ਹੈ। ਪੰਜਾਬ ਦੇ ਸੰਕਟ ਦੀ ਵੀ ਇਸ ਪ੍ਰਕਿਰਿਆ ਵਿਚ ਅਹਿਮ ਭੂਮਿਕਾ ਰਹੀ ਹੈ।

ਪੰਜਾਬੀ ਸਮੀਖਿਅਕਾਂ ਦੀ ਇਸ ਰੁਚੀ ਵਿੱਚ ਪੰਜਾਬ ਸੰਕਟ ਦੇ ਪ੍ਰਛਾਵੇਂ ਤੋਂ ਇਲਾਵਾ ਸੰਸਾਰ ਪੱਧਰ ਉੱਪਰ ਵਾਪਰੀਆਂ ਵੱਡੀਆਂ ਤਬਦੀਲੀਆਂ ਵੀ ਜ਼ਿੰਮੇਵਾਰ ਹਨ। ਸੋਵੀਅਤ ਸੰਘ ਦੇ ਬਿਖਰਾਵ ਉਪਰੰਤ ਇਸ ਚਿੰਤਨ ਵਿਚ ਪੈਦਾ ਹੋਏ ਖਲਾਅ ਦੇ ਨਾਲ ਨਾਲ ਪੱਛਮੀ ਗਿਆਨ ਦੇ ਨਿੱਤ ਨਵੇਂ ਵਿਸਫੋਟ ਨੂੰ ਵੀ ਜ਼ਿੰਮੇਵਾਰ ਸਮਝਿਆ ਜਾ ਸਕਦਾ ਹੈ। ਕਿਉਂਕਿ ਜਦ ਤੱਕ ਕਿਸੇ ਆਲੋਚਨਾ ਮਾਡਲ ਦੇ ਮੂਲ ਸੰਕਲਪ ਸਪੱਸ਼ਟ ਹੋਣ ਲੱਗਦੇ ਹਨ ਅਤੇ ਸੰਵਾਦ ਦੀ ਸਥਿਤੀ ਵਿਚ ਵਿਚਰਣ ਲਈ ਤਿਆਰ ਹੁੰਦੇ ਹਨ, ਉਸ ਸਮੇਂ ਨਵੇਂ ਪੱਛਮੀ ਗਿਆਨ ਨਾਲ ਆਏ ਨਵੇਂ ਸੰਕਲਪ ਆਪਣੀ ਥਾਂ ਬਣਾਉਣੀ ਸ਼ੁਰੂ ਕਰ ਦਿੰਦੇ ਹਨ। ਸੰਵਾਦ ਲਈ ਜਿਸ ਸਹਿਜਤਾ, ਸਥਿਰਤਾ ਅਤੇ ਪ੍ਰਤਿਬੱਧਤਾ ਦੀ ਜ਼ਰੂਰਤ ਹੁੰਦੀ ਹੈ, ਉਸਦਾ ਪੰਜਾਬੀ ਸਮੀਖਿਆ ਵਿਚ ਜ਼ਿਆਦਾਤਰ ਆਭਾਵ ਨਜ਼ਰ ਆਉਂਦਾ ਹੈ। ਪਰ ਸਥਿਤੀ ਪੂਰੀ ਤਰ੍ਹਾਂ ਨਿਰਾਸ਼ਾਜਨਕ ਵੀ ਨਹੀਂ ਹੈ। ਸੰਵਾਦਹੀਣਤਾ ਦੀ ਅਜਿਹੀ ਸਥਿਤੀ ਨੂੰ ਤੋੜਨ ਲਈ 'ਸਿਰਜਣਾ' 'ਸਮਦਰਸ਼ੀ' 'ਲਕੀਰ' 'ਕਹਾਣੀ ਪੰਜਾਬ' 'ਚਿਰਾਗ਼' ਜਿਹੇ ਤ੍ਰੈਮਾਸਕ ਰਸਾਲੇ ਅਤੇ ਰੋਜ਼ਾਨਾ ਪੰਜਾਬੀ ਦੇ ਅਖ਼ਬਾਰ ਆਪਣਾ ਬਣਦਾ ਹਿੱਸਾ ਪਾ ਰਹੇ ਹਨ। ਇਸ ਪ੍ਰਸੰਗ ਵਿਚ ਅਜੀਤ, ਪੰਜਾਬੀ ਟ੍ਰਿਬਿਊਨ, ਨਵਾਂ ਜ਼ਮਾਨਾ, ਦੇਸ਼ ਸੇਵਕ ਆਦਿ ਪੰਜਾਬੀ ਦੀਆਂ ਅਖ਼ਬਾਰਾਂ ਵਿਚ ਵਿਦਵਾਨਾਂ ਦੇ ਸ਼ੁਰੂ ਕੀਤੇ ਕਾਲਮ ਸੰਵਾਦ ਦੀ ਖੜੋਤ ਨੂੰ ਤੋੜਨ ਦਾ ਯਤਨ ਕਰ ਰਹੇ ਹਨ। ਸਤਿੰਦਰ ਸਿੰਘ ਨੂਰ ਦੇ 'ਪੰਜਾਬੀ ਟ੍ਰਿਬਿਊਨ' ਅਖ਼ਬਾਰ ਵਿੱਚ ਸ਼ੁਰੂ ਕੀਤੇ ਕਾਲਮ 'ਪੜ੍ਹਦਿਆਂ ਲਿਖਦਿਆਂ' ਵਿੱਚ ਲਿਖੇ ਸਮੀਖਿਆ ਨਿਬੰਧਾਂ ਤੋਂ ਹੋਂਦ ਵਿਚ ਆਈਆਂ ਦੋ ਪੁਸਤਕਾਂ 'ਪੜ੍ਹਦਿਆਂ ਲਿਖਦਿਆਂ' ਅਤੇ 'ਸੰਵਾਦ ਸਿਰਜਨਾ' ਇਸ ਪ੍ਰਸੰਗ ਵਿੱਚ ਮਹੱਤਵਪੂਰਨ ਹਨ। ਇਨ੍ਹਾਂ ਪੁਸਤਕਾਂ ਵਿਚ ਉਹ ਪੱਛਮੀ ਸਾਹਿਤ, ਸਮੀਖਿਆ ਅਤੇ ਕਾਵਿ-ਸ਼ਾਸਤਰ ਅਤੇ ਮਸਲਿਆਂ ਨੂੰ ਹਲਕੀ ਫੁਲਕੀ ਸ਼ੈਲੀ ਵਿਚ ਪੇਸ਼ ਕਰਦਾ 'ਨਵੀਂ-ਵਿਧਾ' ਦੀ ਤਲਾਸ਼ ਦੇ, ਰਾਹ ਪੈਂਦਾ ਹੈ।

ਗੁਰਬਚਨ ਦੀਆਂ ਪੁਸਤਕਾਂ 'ਸਾਹਿਤਨਾਮਾ' ਅਤੇ 'ਸਾਹਿਤ ਦੇ ਸਿਕੰਦਰ' ਵੀ ਅਜਿਹੀਆਂ ਹੀ ਸੰਭਾਵਨਾਵਾਂ ਨਾਲ ਭਰਪੂਰ ਹਨ। ਪ੍ਰੰਤੂ ਸਤਿੰਦਰ ਸਿੰਘ ਨੂਰ ਦੀ ਸਮੀਖਿਆ ਵਿਸ਼ੇਸ਼ਤਾ ਇਹ ਹੈ ਕਿ ਉਹ ਸਾਹਿਤ ਦੇ ਮਸਲਿਆਂ ਨੂੰ ਸਮਝਣ ਅਤੇ ਉਸ ਸੰਬੰਧੀ ਪ੍ਰਸ਼ਨ ਪੈਦਾ ਕਰਨ ਵਿਚ ਵਧੇਰੇ ਰੁਚੀ ਦਿਖਾਉਂਦਾ ਹੈ ਅਤੇ ਇਸ ਸਭ ਦੇ ਸਮਾਧਾਨ ਲਈ ਰਾਹ ਦਿਖਾਵੇ ਵਜੋਂ ਘੱਟ ਵਿਚਰਦਾ ਦਿਖਾਈ ਦਿੰਦਾ ਹੈ। ਨਵੀਨ ਚਿੰਤਨ ਨਾਲ ਜਲਦੀ-ਜਲਦੀ ਜੁੜਨ ਦੀ ਮੋਹ-ਭਾਵਨਾ ਉਸਨੂੰ ਉਸਦੀ ਸਮਰੱਥਾ ਦੇ ਬਾਵਜੂਦ ਪਹਿਲਾਂ ਪ੍ਰਾਪਤ ਗਿਆਨ ਨਾਲ ਗੰਭੀਰ, ਡੂੰਘਾ ਅਤੇ ਵਿਸਤ੍ਰਿਤ ਸੰਵਾਦ ਰਚਾਉਣ ਤੋਂ ਰੋਕਦੀ ਹੈ। ਗੁਰਬਚਨ ਨੂੰ ਓਪਰਾ ਵਿਦਵਾਨ ਸਮਝਣ ਦੀ ਭਾਵਨਾ ਤੋਂ ਪੰਜਾਬੀ ਵਿਦਵਾਨ ਅਜੇ ਮੁਕਤ ਨਹੀਂ ਹੋ ਸਕੇ।

ਪੰਜਾਬੀ ਸਮੀਖਿਅਕਾਂ ਦੀ ਇਸ ਰੁਚੀ ਕਾਰਣ ਹੀ ਉੱਤਰ-ਮਾਰਕਸਵਾਦ, ਉੱਤਰ-ਸੰਰਚਨਾਵਾਦ ਤੋਂ ਪ੍ਰਾਪਤ ਹੁੰਦੀਆਂ ਅੰਤਰ-ਦ੍ਰਿਸ਼ਟੀਆਂ ਤੋਂ ਮਿਲਦੀ ਸੂਝ ਤੇ ਆਪਸੀ ਸੰਵਾਦ ਰਾਹੀਂ ਠੋਸ ਅਤੇ ਵਿਵੇਕਸ਼ੀਲ ਧਰਾਤਲ ਤੇ ਪਹੁੰਚਣ ਤੋਂ ਪਹਿਲਾਂ ਹੀ 1995 ਦੇ ਨੇੜੇ ਪੰਜਾਬੀ ਸਮੀਖਿਆ ਵਿਚ ਉੱਤਰ ਆਧੁਨਿਕਤਾ ਦਾ ਹਮਲਾ ਹੋ ਜਾਂਦਾ ਹੈ। ਦਵਿੰਦਰ ਇੱਸਰ ਉੱਤਰ ਆਧੁਨਿਕਤਾ ਦੇ ਇਸ ਪਰਿਵੇਸ਼ ਨੂੰ ਡੂੰਘੇ ਵਿਅੰਗ ਵਜੋਂ ਲੈਂਦਿਆ ਲਿਖਦਾ ਹੈ-

"ਖ਼ਬਰ ਮਿਲਤੀ ਹੈ ਕਿ ਆਧੁਨਿਕਤਾ ਦਾ ਅੰਤ ਹੋ ਗਿਆ ਹੈ ਅਤੇ ਹੁਣ ਉੱਤਰ-ਆਧੁਨਿਕਤਾ ਦਾ ਯੁੱਗ ਹੈ।" (14)

ਪੱਛਮੀ ਸਮੀਖਿਆ ਦੇ ਇਸ ਮਾਡਲ ਨਾਲ ਪੈਦਾ ਹੋਏ ਸੰਕਟਾਂ ਸੰਬੰਧੀ ਇਸ਼ਾਰਾ ਕਰਦੇ ਹੋਏ ਸੁਧੀਸ਼ ਪਚੌਰੀ ਲਿਖਦਾ ਹੈ

"ਉੱਤਰ ਆਧੁਨਿਕ ਸਥਿਤੀਆ ਦੇ ਹੋਣ ਦਾ ਇਸ ਤੋਂ ਵੱਡਾ ਸਬੂਤ ਹੋਰ ਕੁਝ ਨਹੀਂ ਹੋ ਸਕਦਾ ਕਿ



ਉਹ ਕਿਸੇ ਵਿਚਾਰ ਨੂੰ ਸਿਧਾਂਤ ਰੂਪ ਵਿਚ ਸਥਾਪਤ ਕਰਨ ਦੀ ਚਿੰਤਾ ਦਾ ਮੌਕਾ ਵੀ ਨਹੀਂ ਦਿੰਦੀ।" (15)

ਪੰਜਾਬੀ ਸਮੀਖਿਆ ਵਿਚ ਅਗਰ 'ਉਤਰ ਆਧੁਨਿਕਤਾ' ਥੋੜ੍ਹੇ ਸਮੇਂ ਵਿਚ ਹੀ ਸਮੁੱਚੇ ਚਿੰਤਨ ਨੂੰ ਚੁਣੌਤੀਆ ਪੇਸ਼ ਕਰਨ ਦੇ ਸਮਰੱਥ ਬਣਦਾ ਜਾ ਰਿਹਾ ਹੈ ਤਾਂ ਇਸਦੇ ਪਿਛੋਕੜ ਵਿਚ ਕਈ ਕਾਰਣ ਹਨ। ਸੋਵੀਅਤ ਸੰਘ ਦੇ ਬਿਖਰਾਵ ਕਾਰਣ ਮਾਰਕਸਵਾਦੀ ਚਿੰਤਨ ਨੂੰ ਉਹ ਪੁਰਾਣੀ ਸਰਪ੍ਰਸਤੀ ਮਿਲਣੀ ਬੰਦ ਹੋ ਗਈ ਸੀ। ਇਸਦੇ ਕਾਰਣ ਪੰਜਾਬੀ ਦੇ ਮਾਰਕਸੀ ਵਿਦਵਾਨਾਂ ਦੀ ਵਿਚਾਰਧਾਰਕ ਪ੍ਰਤਿਬੱਧਤਾ ਦੇ ਖੰਡਿਤ ਹੋਣ ਦੇ ਆਸਾਰ ਮਿਲਣੇ ਸ਼ੁਰੂ ਹੋ ਗਏ ਸਨ। ਮਾਰਕਸੀ ਚਿੰਤਨ ਨੂੰ ਸਮੇਂ ਦੀਆਂ ਚੁਣੌਤੀਆਂ ਦੇ ਹਾਣ ਦਾ ਬਣਾਉਣ ਵਾਲੇ ਪੱਛਮੀ ਸ੍ਰੋਤ ਸੁੱਕਣ ਲੱਗ ਪਏ। ਭਾਸ਼ਾ ਵਿਗਿਆਨ ਨੂੰ ਅਧਾਰ ਰੂਪ ਵਿਚ ਲੈਂਦੇ ਸਮੀਖਿਆ ਮਾਡਲ ਸਿਧਾਂਤਿਕ ਰੂਪ ਵਿਚ ਨਵੀਂ ਉਤੇਜਨਾ ਪੈਦਾ ਕਰਨ ਦੇ ਬਾਵਜੂਦ ਵਿਹਾਰਕ ਰੂਪ ਵਿਚ ਪੰਜਾਬੀ ਸਾਹਿਤ ਅਤੇ ਸਭਿਆਚਾਰ ਸੰਬੰਧੀ ਮੌਲਿਕ ਸਥਾਪਨਾਵਾਂ ਨੂੰ ਸਿਰਜਣ ਵਿੱਚ ਬਹੁਤਾ ਅੱਗੇ ਨਾ ਜਾ ਸਕੇ। ਇਸਦੇ ਨਾਲ ਨਾਲ ਸੂਚਨਾ ਅਤੇ ਸੰਚਾਰ ਸਾਧਨਾ ਦੇ ਵਿਸਫੋਟ, ਬਦਲਦੀਆਂ, ਸੰਸਾਰਕ ਪ੍ਰਸਥਿਤੀਆਂ, ਭਾਰਤ ਵਿਚ ਪੈਦਾ ਹੋਈ ਰਾਜਨੀਤਕ ਅਸਥਿਰਤਾ, ਨਵੇਂ ਨਵੇਂ ਵਿਚਾਰਧਾਰਾ-ਰਹਿਤ ਗਠਬੰਧਨਾਂ ਦੀ ਹੋਂਦ, ਘੱਟ ਗਿਣਤੀਆਂ ਅਤੇ ਦਲਿਤ-ਪੱਛੜੀਆਂ ਜਾਤੀਆਂ ਦੇ ਸਮਾਜੀ ਉਭਾਰ, ਖੇਤਰੀਵਾਦ ਦਾ ਵੱਧ ਰਿਹਾ ਬੋਲਬਾਲਾ ਆਦਿ ਕਾਰਕਾਂ ਦੇ ਪ੍ਰਸੰਗ ਵਿੱਚ ਅਜਿਹੇ ਹਾਲਾਤ ਬਣ ਗਏ ਜਿਸਨੇ 'ਉੱਤਰ-ਆਧੁਨਿਕਤਾ' ਨੂੰ ਆਪਣੇ ਪੈਰ ਟਿਕਾਉਣ ਲਈ ਜਰਖੇਜ਼ ਭੂਮੀ ਪ੍ਰਦਾਨ ਕਰ ਦਿੱਤੀ।

ਪੰਜਾਬੀ ਸਾਹਿਤ ਸਭਿਆਚਾਰ ਨੂੰ ਇਸ ਪ੍ਰਸੰਗ ਵਿਚ ਘੋਖਣ, ਪਰਖਣ ਲਈ ਅਮਰਜੀਤ ਸਿੰਘ ਗਰੇਵਾਲ (ਇਕਵੀਂ ਸਦੀ ਦੇ ਮਾਨਵ ਅਤੇ ਸਮਾਜ ਦੀ ਸਿਰਜਣਾ ਲਈ ਗੁਰੂ ਗ੍ਰੰਥ ਸਾਹਿਬ ਦੀ ਪ੍ਰਾਸੰਗਿਕਤਾ-ਇਕ ਦ੍ਰਿਸ਼ਟੀਕੋਣ, 1994) ਅਤੇ (ਪੰਜਾਬੀ ਸਭਿਆਚਾਰ ਪਹਿਚਾਣ ਅਤੇ ਸ਼ਕਤੀ, 1998) ਗੁਰਭਗਤ ਸਿੰਘ (ਕਾਵਿ-ਸ਼ਾਸਤਰ ਦੇਹ ਅਤੇ ਕ੍ਰਾਂਤੀ, 1995) ਡਾ. ਸਤਿੰਦਰ ਸਿੰਘ ਨੂਰ (ਸੰਪਾ. 'ਸਮਦਰਸ਼ੀ' ਉੱਤਰ ਆਧੁਨਿਕਤਾ ਵਿਸ਼ੇਸ਼ ਅੰਕ, 49, 1997) ਗੁਰਚਰਨ ਸਿੰਘ ਅਰਸ਼ੀ (ਪੰਜਾਬੀ ਕਾਵਿ-ਸ਼ਾਸਤਰ, 1995) ਡਾ. ਵਨੀਤਾ (ਉੱਤਰ-ਆਧੁਨਿਕਤਾ ਅਤੇ ਕਵਿਤਾ, 1998) ਅਤੇ ਡਾ. ਜਸਬੀਰ ਸਿੰਘ ਆਹਲੂਵਾਲੀਆ (ਸਿੱਖ ਚਿੰਤਨ-ਦਾਰਸ਼ਨਿਕ ਅਤੇ ਸੰਸਥਾਤਮਕ ਵਿਕਾਸ, 1999) (ਪ੍ਰਗਟਿ ਅਕਾਲ ਖਾਲਸਾ ਦੇਹਾ) ਜਿਹੇ ਵਿਦਵਾਨ ਸਾਹਮਣੇ ਆਏ। ਇਨ੍ਹਾਂ ਦੀਆਂ ਉੱਪਰ ਲਿਖਤ ਪੁਸਤਕਾਂ ਵਿਚੋਂ ਉੱਤਰ-ਆਧੁਨਿਕਤਾ ਦੇ ਸਿਧਾਂਤਿਕ ਅਤੇ ਵਿਹਾਰਕ ਪੱਖ ਸਪੱਸ਼ਟ ਹੋਣੇ ਸ਼ੁਰੂ ਹੋਏ। ਉੱਤਰ-ਆਧੁਨਿਕਤਾ ਨੂੰ ਬੁਨਿਆਦੀ ਧਰਾਤਲ ਵਿਗਿਆਨ ਦੇ 'ਨਿਊਟਨੀ ਸਿਧਾਂਤ ਨੂੰ ਰੱਦ ਕਰਦੇ 'ਕੁਅੰਟਮ' ਸਿਧਾਂਤ ਨੇ ਪ੍ਰਦਾਨ ਕੀਤਾ। ਇਨ੍ਹਾਂ ਸਿਧਾਂਤਾ ਨੇ ਨਿਊਟਨੀ ਸਿਧਾਂਤ ਦੇ 'ਕੇਂਦਰੀਕਰਣ' ਦੀ ਬਜਾਇ ਵਿਕੇਂਦਰੀਕਰਣ, ਨਿਰੰਕੁਸ਼ਤਾ ਦੇ ਖਿਲਾਫ ਸਮਾਨਾਂਤਰਤਾ' ਨਿਸ਼ਚਤਾ ਦੀ ਬਜਾਇ ਅਨਿਸ਼ਚਤਾ, ਸਥਿਰਤਾ ਦੀ ਥਾਂ ਅਸਥਿਰਤਾ ਅਤੇ ਏਕਾਧਿਕਾਰਵਾਦ ਦੀ ਥਾਂ ਅਨੇਕਤਾ ਨੂੰ ਦ੍ਰਿੜ ਕੀਤਾ। ਇਸ ਨੇ ਸਮਾਨਤਾ ਅਤੇ ਅੰਤਰ, ਏਕਤਾ ਅਤੇ ਪਾੜ, ਸੰਬੰਧਤ ਅਤੇ ਵਿਰੋਧ ਦੇ ਰਾਹੀਂ ਪ੍ਰਦਰਸ਼ਿਤ ਹੁੰਦਿਆਂ ਦੂਹਰਾ ਵਿਚਾਰ ਪ੍ਰਾਪਤ ਕੀਤਾ। ਇਸੇ ਪ੍ਰਸੰਗ ਵਿਚ ਹੀ ਇਸ ਨੂੰ ਇਕ ਵਿਧੀ ਸਥਿਤੀ ਜਾਂ ਵਿਚਾਰਧਾਰਾ ਵਜੋਂ ਨਿਰਧਾਰਤ ਕਰਨ ਦੀ ਰੁਚੀ ਪੈਦਾ ਕਰਦੀ ਹੋਈ, ਇਸ ਨੂੰ ਸਾਹਿਤ ਅਧਿਐਨ ਲਈ ਵਿਧੀ ਵਜੋਂ ਵਿਕਸਤ ਕਰਨ ਤੇ ਬਲ ਦਿੰਦੀ ਹੈ।

ਪੰਜਾਬੀ ਸਾਹਿਤ ਸਮੀਖਿਆ ਵਿੱਚ ਇਸ ਦ੍ਰਿਸ਼ਟੀ ਨਾਲ 'ਗੁਰੂ ਗ੍ਰੰਥ ਸਾਹਿਬ, ਪੰਜਾਬੀ ਸਭਿਆਚਾਰ ਅਤੇ ਆਧੁਨਿਕ ਕਵਿਤਾ ਨੂੰ ਵਿਸ਼ੇਸ਼ ਰੂਪ ਵਿਚ ਅਧਿਐਨ ਪ੍ਰਕਿਰਿਆ ਵਿਚ ਲਿਆ ਗਿਆ ਹੈ। ਉੱਤਰ-ਆਧੁਨਿਕਤਾ ਨੇ ਅਜਿਹੀ ਦ੍ਰਿਸ਼ਟੀ ਦਾ ਪਾਸਾਰ ਕਰਨਾ ਸ਼ੁਰੂ ਕੀਤਾ ਹੈ ਜੋ ਕਿਸੇ ਵਿਸ਼ੇਸ਼ ਸਾਮਿਅਕ ਸਥਿਤੀ ਦੀ ਥਾਂ ਕਿਸੇ ਖਿੱਤੇ ਵਿਸ਼ੇਸ਼ ਦੇ ਸਾਹਿਤ ਸਭਿਆਚਾਰ ਵਿਚਲੀ ਵਿਸੇਸ਼ ਵਿਚਾਰਧਾਰਾ ਸਥਿਤੀ ਨੂੰ ਉਘਾੜਨ ਲਈ ਤਤਪਰ ਨਜ਼ਰ ਆਉਂਦੀ ਹੈ। 'ਕਿਸੇ ਕਾਲ ਵਿਸ਼ੇਸ਼ ਦੇ ਬੰਧਨ ਤੋਂ ਪਰੇ ਵਿਚਰਦੀ ਇਹ ਦ੍ਰਿਸ਼ਟੀ ਹਰ ਕਾਲ ਵਿਚ ਉਪਜੇ ਕਿਸੇ ਖਿੱਤੇ ਵਿਸ਼ੇਸ਼ ਦੇ ਸਾਹਿਤ ਸਭਿਆਚਾਰ ਦਾ ਉੱਤਰ ਆਧੁਨਿਕ ਚਰਿੱਤਰ ਨੇ

ਉਘਾੜਨਾ ਆਪਣਾ ਲੱਛਣ ਮੰਨਦੀ ਹੈ। ਇਸ ਸੰਦਰਭ ਵਿਚ ਅਮਰਜੀਤ ਸਿੰਘ ਗਰੇਵਾਲ ਇਸ ਵਿਚਾਰਧਾਰਾ ਤੋਂ ਪ੍ਰਾਪਤ ਸੂਝ ਦੇ ਪਰਿਪੇਖ ਵਿਚ ਸਾਡੇ ਪੂਰਵ ਪ੍ਰਾਪਤ ਸਾਹਿਤ ਅਧਿਐਨ ਨੂੰ ਉਲਝਣ ਦੇ ਆਹਰ ਵਿਚ ਪਿਆ ਨਜ਼ਰ ਆਉਂਦਾ ਹੈ। ਉਹ ਇਸ ਵਿਚਾਰਧਾਰਾ ਸੰਬੰਧੀ ਨਿਰਣਾ ਦਿੰਦਾ ਹੈ-

"ਉੱਤਰ ਆਧੁਨਿਕਤਾ ਵਿਚਾਰਧਾਰਾ, ਕਿਸੇ ਤਰ੍ਹਾਂ ਨਾਲ ਵੀ ਪੂਰਵ-ਆਧੁਨਿਕ ਪ੍ਰੰਪਰਾ ਜਾਂ ਪੂਰਵ ਆਧੁਨਿਕ ਅੰਤਰਾਂ ਦੀ ਨਿਰੰਤਰਤਾ ਨਹੀਂ। ਸਗੋਂ ਆਪਣੇ ਹੱਕਾਂ ਤੋਂ ਵੰਚਿਤ ਘੱਟ ਗਿਣਤੀਆਂ ਦੇ ਪਰਿਪੇਖ ਤੋਂ ਨਵੇਂ ਸਾਂਸਕ੍ਰਿਤਿਕ ਰਾਜਨੀਤਕ ਭਾਈਚਾਰਿਆਂ ਦੇ ਨਿਰਮਾਣ ਦੀ ਨਵੀਂ ਰਣਨੀਤੀ ਹੈ।"(17)

ਉਹ ਪੰਜਾਬੀ ਆਲੋਚਨਾ ਵਿਚ ਹੁਣ ਤਕ ਭਾਰੂ ਰਹੇ ਮਾਰਕਸਵਾਦੀ, ਸੰਰਚਨਾਵਾਦੀ ਅਧਿਐਨ ਨੂੰ ਅਜਿਹੀ ਵਿਸ਼ੇਸ਼ ਪੂੰਜੀਵਾਦੀ ਵਿਚਾਰਧਾਰਾ ਉੱਪਰ ਆਧਾਰਿਤ ਵਿਗਿਆਨ ਵਜੋਂ ਨਿਰਧਾਰਤ ਕਰਦਾ ਹੈ। ਜੋ ਸਮੁੱਚੇ ਚਿੰਤਨ ਨੂੰ ਵਿਸ਼ਵੀਕਰਨ ਦੇ ਬਸਤੀਵਾਦੀ ਪ੍ਰਸੰਗ ਵੱਲ ਲਿਜਾਂਦਾ ਹੈ। ਇਸ ਦੇ ਉਲਟ ਉੱਤਰ-ਆਧਨਿਕਤਾ ਸੰਬੰਧੀ ਉਸ ਦਾ ਮੱਤ ਹੈ ਕਿ ਉਹ ਇਸ ਨੂੰ 'ਡੀਕਾਲੋਨਾਈਜੇਸ਼ਨ' ਦੇ ਵੱਖਵਾਦੀ ਪ੍ਰਸੰਗ ਵੱਲ ਲੈ ਤੁਰਦਾ ਹੈ। ਇਨ੍ਹਾਂ ਦੋਹਾਂ ਨੂੰ ਉਹ ਸਾਹਿਤ ਸਭਿਆਚਾਰ ਨੂੰ ਉਜਾੜੇ ਦੇ ਰਾਹ ਪਾਉਣ ਵਾਲੇ ਤਸਲੀਮ ਕਰਦਾ ਹੈ। ਇਨ੍ਹਾਂ ਦੋਨਾਂ ਪ੍ਰਵਚਨਾ ਨੂੰ, ਉਹ ਪੰਜਾਬੀ ਸਾਹਿਤ ਸਭਿਆਚਾਰ ਦੀ ਟੈਕਸਟ ਨੂੰ ਇਕੋ ਵੇਲੇ ਕੰਸਟਰਕਟ ਅਤੇ ਡੀਕੰਸਟਰਕਟ ਕਰਦੇ ਮੰਨਦਾ ਹੈ। ਇਸ ਸੰਬੰਧ ਵਿਚ ਉਸ ਦੀ ਟਿੱਪਣੀ ਹੈ-

"ਵਿਸ਼ਵੀਕਰਨ ਅਤੇ ਡੀਕਲੋਨਾਈਜੇਸ਼ਨ ਦੇ ਦੋਨੋਂ ਪ੍ਰਸੰਗ ਰਲ ਕੇ ਇਸ ਦੀ ਵਿਆਖਿਆ ਕਰ ਸਕਦੇ ਹਨ। ਸਮਾਜਕ ਪ੍ਰਤਿਯੋਗ ਰਾਹੀਂ ਹਾਰ ਜਿੱਤ ਦੇ ਫੈਸਲੇ ਰਾਹੀਂ ਨਹੀਂ, ਸਗੋਂ ਵਿਰੋਧਾਭਾਸੀ ਸਹਿਹੋਂਦ-ਦੁਆਰਾ ਸੰਸਕ੍ਰਿਤਿਕ ਪਾਠਾਂ ਦੀ ਸਿਰਜਣਾ ਰਾਹੀਂ।" 18

ਇਸ ਪ੍ਰਸੰਗ ਵਿਚ ਉਹ ਪੂਰਵ ਪ੍ਰਾਪਤ ਸਾਹਿਤ, ਸਭਿਆਚਾਰ ਸੰਬੰਧੀ ਸਮੀਖਿਆ ਨੂੰ ਮੈਟਾ-ਅਧਿਐਨ ਵਿਚ ਪਾ ਕੇ ਆਪਣਾ ਮੱਤ ਸਪੱਸ਼ਟ ਕਰਦਾ ਹੈ। ਗੁਰਬਖਸ਼ ਸਿੰਘ ਫ਼ਰੈਂਕ ਅਤੇ ਟੀ.ਆਰ ਵਿਨੋਦ ਦੇ ਪੰਜਾਬ ਦੀ ਸੰਸਕ੍ਰਿਤੀ ਸੰਬੰਧੀ ਪ੍ਰਾਪਤ ਅਧਿਐਨ ਜੋ ਕੇ ਮਾਰਕਸੀ ਲੀਹਾਂ ਤੇ ਉਸਰਿਆ ਹੋਇਆ ਹੈ, ਸੰਬੰਧੀ ਉੱਤਰ-ਆਧੁਨਿਕ ਦ੍ਰਿਸ਼ਟੀਕੋਣ ਤੋਂ ਕੀਤਾ, ਉਸਦਾ ਮੁਲੰਕਣ ਖਾਸਾ ਮਹੱਤਵਪੂਰਨ ਹੈ। ਉੱਤਰ- ਆਧਨਿਕਤਾ ਭਾਵੇਂ ਸਾਡੇ ਕੋਲ ਪੱਛਮ ਦੇ ਬੌਧਿਕ ਹਮਲੇ ਦੇ ਰੂਪ ਵਿਚ ਪਹੁੰਚੀ ਹੈ। ਪ੍ਰੰਤੂ ਸਾਡੇ ਸਾਹਿਤ ਅਤੇ ਸਭਿਆਚਾਰ ਨੇ ਇਸ ਨੂੰ ਸਾਜ਼ਗਰ ਧਰਾਤਲ ਬਖਸ਼ਿਆ ਹੈ ਅਤੇ ਇਸ ਨੇ ਇਸ ਕਾਰਣ ਹੀ ਸਾਡੀਆਂ ਪੂਰਵ ਨਿਰਧਾਰਤ ਸਥਾਪਨਾਵਾਂ ਨੂੰ ਸਿਰ ਪਰਨੇ ਕਰਨਾ ਸ਼ੁਰੂ ਕਰ ਦਿੱਤਾ ਹੈ। ਅਮਰਜੀਤ ਸਿੰਘ ਗਰੇਵਾਲ ਦੇ 'ਗੁਰੂ ਗ੍ਰੰਥ ਸਾਹਿਬ' ਸੰਬੰਧੀ ਉੱਤਰ-ਆਧੁਨਿਕ ਦ੍ਰਿਸ਼ਟੀ ਤੋਂ ਕੀਤੇ ਅਧਿਐਨ ਅਤੇ ਉਸ ਤੋਂ ਪੈਦਾ ਹੋਏ ਪ੍ਰਤਿਕਰਮਾਂ ਨੂੰ ਇਸ ਸੰਦਰਭ ਵਿਚ ਵੇਖਿਆ ਜਾ ਸਕਦਾ ਹੈ। ਇਸ ਵਜ੍ਹਾ ਕਾਰਣ ਹੀ ਪੰਜਾਬੀ ਵਿਦਵਾਨਾਂ ਵਿਚ ਇਸ ਨੂੰ ਅਪਨਾਉਣ ਲਈ ਡਾਢੀ ਗਤੀਸ਼ੀਲਤਾ ਦਿਖਾਈ ਦਿੰਦੀ ਹੈ। ਗਿਆਨ ਅਤੇ ਸੂਚਨਾ ਵਿਸਫੋਟ ਦੇ ਇਸ ਯੁਗ ਵਿਚ ਇਸ ਅਧਿਐਨ ਦ੍ਰਿਸ਼ਟੀ ਰਾਹੀਂ ਪੇਸ਼ ਹੋਈਆਂ ਨਵੀਆਂ ਚੁਣੌਤੀਆਂ ਤੋਂ ਬਚਣਾ ਅਸੰਭਵ ਜਾਪਦਾ ਹੈ। ਇਕ ਵਾਰ ਫੇਰ ਬੌਧਿਕ ਅਮਲ ਦੇ ਪ੍ਰਸਾਰ ਲਈ 'ਦਿੱਲੀ ਸਕੂਲ' ਕੇਂਦਰ ਬਣਦਾ ਜਾ ਰਿਹਾ ਹੈ।

ਇਸ ਪੜਾਅ ਉੱਤੇ ਮਹੱਤਵਪੂਰਨ ਮੁੱਦਾ ਇਹ ਹੈ ਕਿ ਇਸ ਨੂੰ ਭੇਡਚਾਲ ਵਜੋਂ ਸਵੀਕਾਰ ਕਰਨ ਦੀ ਥਾਂ ਇਸ ਅਧਿਐਨ ਦ੍ਰਿਸ਼ਟੀ ਦੁਆਰਾ ਪੇਸ਼ ਨਵੀਆਂ ਲੱਭਤਾਂ ਨਾਲ ਪੈਦਾ ਹੋਈਆਂ ਚੁਣੌਤੀਆਂ ਨੂੰ ਮੂਲ ਸੰਕਲਪਾਂ ਦੀ ਸਮਝ, ਸੰਕਲਪਾਂ ਦੇ ਸ਼ਾਸਤਰੀ ਪਾਸਾਰਾਂ ਦੀ ਸਪੱਸ਼ਟਤਾ, ਪੰਜਾਬੀ ਸਾਹਿਤ-ਸਭਿਆਚਾਰ ਲਈ ਇਨ੍ਹਾਂ ਦੀ ਸਾਰਥਿਕਤਾ ਅਤੇ ਪੂਰਵ ਪ੍ਰਸਤੁਤ ਸਮੀਖਿਆ-ਚਿੰਤਨ ਅਤੇ ਉਸ ਦੀਆਂ ਸਥਾਪਨਾਵਾਂ ਨਾਲ ਗੰਭੀਰ ਸੰਵਾਦ ਉਪਰੰਤ ਸਪੱਸ਼ਟ ਹੋਏ ਸੰਕਲਪਾਂ ਦੇ ਪ੍ਰਸੰਗ ਵਿਚ ਹੀ ਗ੍ਰਹਿਣ ਕਰੀਏ। ਅਜਿਹੇ ਯਤਨਾਂ ਲਈ ਗੰਭੀਰ, ਵਿਸਤ੍ਰਿਤ ਅਤੇ ਪ੍ਰਤਿਬੱਧਤਾਮਈ ਸੰਵਾਦ ਰਚਾਉਣ ਦੀ ਜ਼ਰੂਰਤ ਹੈ। ਅਜਿਹੇ ਸੰਵਾਦ ਦੀ ਅਣਹੋਂਦ ਵਿਚ ਪੰਜਾਬੀ ਸਾਹਿਤ-ਸ਼ਾਸਤਰ ਦੇ ਮੌਲਿਕ ਮਾਡਲ ਦੀ ਪਹਿਚਾਣ ਅਤੇ ਸਿਰਜਣਾ ਦੇ ਸ਼ੁਰੂ ਹੋਏ ਕਾਰਜ ਨੂੰ ਕਦੇ ਵੀ ਤਰਕਪੂਰਨ ਢੰਗ ਨਾਲ ਨੇਪਰੇ ਨਹੀਂ ਚਾੜ੍ਹਿਆ ਜਾ ਸਕਦਾ। ਜਿਵੇਂ 1970 ਤੋਂ ਬਾਅਦ



ਮਾਰਕਸਵਾਦ ਅਤੇ ਸੰਰਤਨਾਵਾਦ ਇੱਕ ਦੂਜੇ ਦੇ ਸੰਦਰਭ ਵਿਚ ਗਤੀਸ਼ੀਲਤਾ ਪ੍ਰਾਪਤ ਕਰਦੇ ਰਹੇ ਹਨ, ਇਕੀਵੀਂ ਸਦੀ ਵਿਚ ਇਹੀ ਗਤੀਸ਼ੀਲਤਾ ਉੱਤਰ-ਆਧੁਨਿਕਤਾ ਨੂੰ ਲਾਂਭੇ ਰੱਖ ਕੇ ਪ੍ਰਾਪਤ ਨਹੀਂ ਕੀਤੀ ਜਾ ਸਕੇਗੀ। ਉੱਤਰ ਮਾਰਕਸਵਾਦ, ਉੱਤਰ-ਸੰਰਚਨਾਵਾਦ ਅਤੇ ਉੱਤਰ-ਆਧੁਨਿਕਤਾ ਦੇ ਆਪਸੀ ਸੰਵਾਦ ਵਿਚੋਂ ਹੀ ਭਵਿੱਖ ਦੇ ਪੰਜਾਬਾ ਸਮੀਖਿਆ-ਚਿੰਤਨ ਦੇ ਨਕਸ਼ ਘੜੇ ਜਾਣਗੇ। ਮਾਰਕਸਵਾਦ ਅਤੇ ਸੰਰਚਨਾਵਾਦ ਦੇ ਦਵੰਦ ਤੇ ਉਸਰ ਰਹੇ ਇਸ ਚਿੰਤਨ ਦੇ ਹਾਣੀ ਬਣਨ, ਬਣਾਉਣ ਲਈ ਸਾਨੂੰ ਆਪਣੇ ਆਪ ਨੂੰ ਤਿਆਰ ਰੱਖਣਾ ਪਵੇਗਾ।

**(ਪੰਜਾਬੀ ਵਿਭਾਗ, ਸਰਕਾਰੀ ਕਾਲਜ, ਹੁਸ਼ਿਆਰਪੁਰ)**

**ਪਦ-ਟਿੱਪਣੀਆਂ ਅਤੇ ਹਵਾਲੇ-**


1. ਹਰਿਭਜਨ ਸਿੰਘ, ਰੂਪਕੀ, ਨਵਚੇਤਨ ਪਬਲਿਸ਼ਰਜ, ਅੰਮ੍ਰਿਤਸਰ, 1976, ਪੰਨਾ 9
2. ਹਰਿਭਜਨ ਸਿੰਘ ਭਾਟੀਆ (ਸੰਪਾ.) ਵੀਹਵੀਂ ਸਦੀ ਦੀ ਪੰਜਾਬੀ ਅਲੋਚਨਾ ਸੰਵਾਦ ਤੇ ਮੁਲਾਕਣ, (ਸੁਰਜੀਤ ਸਿੰਘ ਭੱਟੀ, 'ਰੂਪਵਾਦੀ ਅਤੇ ਸੰਰਚਨਾਵਾਦੀ ਆਲੋਚਨਾ-ਇਕ ਸੰਵਾਦ), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1998, ਪੰਨਾ 165
3. ਉਹੀ, ਪੰਨਾ 167-68
4. ਹਰਿਭਜਨ ਸਿੰਘ (ਮੁਖ ਸੰਪਾ.) ਸਿਸਟਮੀ, ਤਰਲੋਕ ਸਿੰਘ ਕੰਵਰ, ਮਾਰਕਸਵਾਦ ਤੇ ਸੰਰਚਨਾਵਾਦ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1979, ਪੰਨਾ 84)
5. ਉਹੀ, ਸਤਿੰਦਰ ਸਿੰਘ ਨੂਰ,'ਸਿਸਟਮੀ ਚੇਤਨਾ,' ਪੰਨਾ 103
6. ਰਵਿੰਦਰ ਸਿੰਘ ਰਵੀ, ਰਵੀ ਚੇਤਨਾ,'ਮਾਰਕਸਵਾਦ ਅਤੇ ਸੰਰਚਨਾਵਾਦ' ਰਵੀ ਮੈਮੋਰੀਅਲ ਟ੍ਰਸੱਟ, ਪਟਿਆਲਾ, 1991, ਪੰਨਾ 39-61)
7. ਤੇਜਵੰਤ ਸਿੰਘ ਗਿੱਲ, ਪੁਨਰ ਸੰਵਾਦ, ਵਾਰਿਸਸ਼ਾਹ ਫਾਉਡੇਸ਼ਨ, ਅੰਮ੍ਰਿਤਸਰ 1994, ਪੰਨਾ 215
8. ਹਰਿਭਜਨ ਸਿੰਘ ਭਾਟੀਆ (ਸੰਪਾ.) ਉਹੀ, ਰਘੁਬੀਰ ਸਿੰਘ ਸਿਰਜਣਾ, 'ਸਮਕਾਲੀ ਪੰਜਾਬੀ ਸਾਹਿਤ ਆਲੋਚਨਾ' ਪੰਨਾ 96
9. ਸਤਿੰਦਰ ਸਿੰਘ ਨੂਰ, ਸਾਹਿਤ ਸਿਧਾਂਤ ਤੇ ਵਿਹਾਰ, ਆਰਸੀ ਪਬਲਿਸ਼ਰਜ਼, ਦਿੱਲੀ, 1987, ਪੰਨਾ 23
10. ਗੁਰਬਚਨ, ਚਿਹਨ, ਸੰਰਚਨਾ ਅਤੇ ਮਾਰਕਸਵਾਦ, ਰਘੁਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ, 1985, ਪੰਨਾ 19.
11. ਗੁਰਪਾਲ ਸਿੰਘ ਸੰਧੂ, ਪੰਜਾਬੀ ਨਾਵਲ-ਚਿਹਨ ਵਿਗਿਆਨਿਕ ਅਧਿਐਨ, ਲੋਕਗੀਤ ਪ੍ਰਕਾਸ਼ਨ, ਸਰਹਿੰਦ, 1995, ਪੰਨਾ 10
12. ਸੁਖਪਾਲ ਸਿੰਘ ਥਿੰਦ, ਆਲੋਚਨਾ, 'ਹਰਿਭਜਨ ਸਿੰਘ ਦਾ ਬਿਰਤਾਂਤ-ਸ਼ਾਸਤਰੀ ਚਿੰਤਨ-ਸੰਕਲਪ ਅਤੇ ਸਿਰਜਣਾ ਦੀ ਪ੍ਰਕਿਰਤੀ, ਅੰਕ 181, ਪੰਨਾ 134-47
13. ਸਤਿੰਦਰ ਸਿੰਘ ਨੂਰ, ਸੰਵਾਦ ਸਿਰਜਨਾ, ਸ਼ਿਲਾਲੇਖ ਪ੍ਰਕਾਸ਼ਨ, ਦਿੱਲੀ, 1999, ਪੰਨਾ 7
14. ਦਵਿੰਦਰ ਇਸ਼ਰ, ਉੱਤਰ ਆਧੁਨਿਕਤਾ-ਸਾਹਿਤਯ ਔਰ ਸੰਸਕ੍ਰਿਤੀ ਕੀ ਨਯੀ ਸੋਚ, ਇੰਦਰਪ੍ਰਸਥ ਪ੍ਰਕਾਸ਼ਨ, ਦਿੱਲੀ, 1996, ਪੰਨਾ 29
15. ਸੁਧੀਸ਼ ਪੰਚੌਰੀ-ਉੱਤਰ ਆਧੁਨਿਕਤਾ ਔਰ ਉੱਤਰ ਸੰਰਚਨਾਵਾਦ, ਹਿਮਾਚਲ ਪੁਸਤਕ ਭੰਡਾਰ, ਦਿੱਲੀ, 1994, ਪੰਨਾ 98
16. ਵਨੀਤਾ, ਉੱਤਰ ਆਧੁਨਿਕਤਾ ਅਤੇ ਕਵਿਤਾ, ਸਿਰਲੇਖ ਪ੍ਰਕਾਸ਼ਨ, ਦਿੱਲੀ, 1998, ਪੰਨਾ 48
17. ਅਮਰਜੀਤ ਸਿੰਘ ਗਰੇਵਾਲ, ਪੰਜਾਬੀ ਸਭਿਆਚਾਰ ਪਹਿਚਾਣ ਅਤੇ ਸ਼ਕਤੀ, ਸਿਮਰਨ ਪਬਲੀਕੇਸ਼ਨ, ਲੁਧਿਆਣਾ, 1998, ਪੰਨਾ 176
18. ਉਹੀ, ਪੰਨਾ 24

# ਨਿੱਕੀ ਬੇਟੀ

—ਵਰਿੰਦਰ ਪ੍ਰੀਹਾਰ

ਨਿੱਕੀ ਬੇਟੀ
ਹੱਸਦੀ
ਮੇਰੀ ਛਾਤੀ 'ਤੇ ਲੇਟੀ
ਖੇਡਦੀ ਹੈ

ਚੁੱਪ ਹੋ ਗਈ ਹੈ ਅਚਾਨਕ ਪਰ
ਹੱਸਦੀ ਖੇਡਦੀ
ਡਰ ਰਹੀ ਹੁਣ
ਮੇਰੀ ਛਾਤੀ 'ਤੋਂ ਚੱਲਦੇ ਸ਼ੂਕਦੇ
ਚੰਨ ਨੂੰ ਜਾਂਦੇ
ਰਾਕੇਟ ਵੇਖਦੀ

ਲਾਂਚ-ਧੂੰਆਂ ਛੱਡ ਦੇ ਹੀ
ਲੱਗੀ ਹੀ ਸੀ ਮੁਸਕਾਉਣ
ਕਿ ਮੇਰੇ ਅੰਦਰ ਟੈਂਕਾਂ ਦਾ ਸ਼ੋਰ ਹੋਇਆ
ਚੱਲੀਆਂ ਗੋਲੀਆਂ ਤਾੜ ਤਾੜ ਤਰੜ ਤਰੜ
ਬਿਜਲੀ ਭਰੇ ਬੱਦਲਾਂ ਦੀ ਹੋਈ ਗਰਜਣ
ਉੱਡੇ ਸਿਰ ਵਿਚ ਲੜਾਕੇ ਜਹਾਜ਼
ਬੰਬ ਡਿੱਗੇ
ਚੱਲੀਆਂ ਤੋਪਾਂ
ਸਿਰ ਵਿਚ ਹੋ ਗਿਆ
ਇਕ ਬਗ਼ਦਾਦ ਤਬਾਹ

ਨਿਊਕਲੀਅਰ ਵਾਰ ਹੈੱਡ
ਸਕੱਡ ਮੀਸਾਇਲਜ਼
ਰਸਾਇਣ ਸ਼ਸ਼ਤਰ
ਜੀਣ ਨਾਸੀ ਹਥਿਆਰ ....
ਮੇਰੇ ਇਕ ਕੰਨ 'ਚੋਂ ਦੂਜੇ ਥੀਂ ਲੰਘਦੇ ਰਹੇ
ਗੁੰਮ ਸੁੰਮ ਬੇਟੀ ਖੜ੍ਹੀ
ਮੇਰੇ ਚਿਹਰੇ 'ਤੋਂ ਜੰਗ ਦੀ ਰਾਖ ਝਾੜਦੀ ਰਹੀ

ਛਾਤੀ 'ਤੇ ਰੱਖਿਆ ਸਿਰ ਉਸਨੇ
ਤੇ ਵੱਡੇ ਵੱਡੇ ਨੇਤਾਵਾਂ 'ਚ ਚੱਲਦੀ
ਤੀਜੇ ਵਿਸ਼ਵ ਜੰਗ ਦੀ
ਤਕਰਾਰ ਸੁਣਦੀ ਰਹੀ
ਮੈਂ ਅੱਖਾਂ ਖੋਲੀਆਂ ਪੂਰੀਆਂ
ਤਾਂ ਮੂੰਹ ਅੱਡੀ
ਓਹ ਤੱਕਦੀ ਰਹੀ ਵਿਚੋਂ



ਭੂਚਾਲ, ਤੂਫ਼ਾਨ, ਹੜ੍ਹ, ਬੇਚੈਨੀ ਧਰਤੀ ਦੀ .. ਪਰਲ ਪੂਰੀ

ਦਹਿਲਦੀ
ਚਿੰਬੜ ਗਈ ਮੈਨੂੰ ਘੁੱਟ ਕੇ
ਕਿ ਦੱਬੀਆਂ ਦੱਬੀਆਂ
ਸ਼ੇਅਰ ਬਾਜ਼ਾਰ ਦੀਆਂ
ਆਵਾਜ਼ਾਂ ਆਉਣ ਲੱਗੀਆਂ

ਸੁਣਦੀ ਸੁਣਦੀ ਫਿਰ
ਇੰਟਰਨੈੱਟ ਦੇ ਜੰਗਲ 'ਚ ਗੁੰਮ ਗਈ
ਠੱਕ ਠੱਕ ਠੱਕ ਠੱਕ
ਅਖ਼ਬਾਰ ਛਾਪਾ ਚੱਲਣ ਲੱਗਾ
ਮੇਰੇ ਕੰਨ ਨਾਲ ਲਾਕੇ ਕੰਨ ਓਹਨੇ

**ਸ਼ਬਦ**
ਜੰਗ, ਕਤਲ, ਰੇਪ, ਤਲਾਕ, ਦਹੇਜ਼, ਗਵਨ, ਭ੍ਰਿਸ਼ਟਾਚਾਰ, ਸਿੱਖਿ
ਹੌਲੇ ਦੇ ਕੇ
ਸਿਰ 'ਚ ਮੇਰੇ
ਕਿਸੇ—
ਸ਼ਬਦ ਕਵਿਤਾ ਕਿਹਾ ਏਨੇ ਹੌਲੇ
ਕਿ ਉਸ ਤੋਂ ਸੁਣਿਆ ਨਾ ਗਿਆ

ਮੈਂ ਏਧਰ
ਆਵਾਜ਼ਾਂ ਨਾਲ ਘਿਰਿਆ, ਭਰਿਆ
ਪਾਸੇ ਪਰਤਦਾ ਰਿਹਾ ਦੇਰ ਤੀਕ
ਕਿ ਛਾਤੀ 'ਤੇ ਚਾਣਚੱਕ
ਕਿਸੇ ਅੱਕੇ ਥੱਕੇ ਸੈਨਿਕ ਦਾ ਖ਼ਾਬ
ਹਰਾ ਕਚੂਰ ਮੈਦਾਨ ਖੁੱਲ੍ਹਾ
ਮਖ਼ਮਲੀ ਲਖ਼ਨਵੀ ਕਾਲੀਨ ਵਾਂਗ ਵਿਛਦਾ ਗਿਆ

ਫੁੱਲ ਖਿੜੇ ਮੈਦਾਨ 'ਚ
ਪੰਛੀ ਉੱਡੇ

ਤੇ ਇਕ ਫੁੱਲ 'ਤੋਂ ਉੱਠ ਕੇ
ਤਿਤਲੀ ਇਕ
ਬੇਟੀ ਦੀ ਹਥੇਲੀ 'ਤੇ ਜਾ ਬੈਠੀ

ਬੇਟੀ ਖਿੜਖਿੜਾ ਕੇ ਹੱਸੀ
ਚਿਹਰੇ ਦੀ ਰੌਣਕ ਪਰਤੀ
ਕਿਲਕਾਰੀ ਮਾਰਦੀ ਨੱਸੀ
ਹਰੇ ਮੈਦਾਨ 'ਤੇ ਲੇਟੀ
ਅਸਮਾਨ 'ਚ ਉਡਦੇ ਪੰਛੀ
ਦੇਰ ਤੱਕ ਵੇਖਦੀ ਰਹੀ 16 12 99

(1 ਮਰਟਨ ਰੋਡ, ਹਾਈਫੀਲਡ, ਸਾਊਥੈਂਪਟਨ, ਯੂ ਕੇ

# ਕੂਲੇ ਹੱਥ/ਮਨਜੀਤ ਬਠਿੰਡਾ

ਥ੍ਰੀਵੀਲਰ 'ਚੋਂ ਉਤਰਦਿਆਂ ਹੀ, ਰਵਿੰਦਰ ਦਾ ਸੁਆਗਤ ਮਹਿਕ ਲੱਦੇ ਹਵਾ ਦੇ ਹਲਕੇ ਜਿਹੇ ਝੌਂਕੇ ਨੇ ਕੀਤਾ। ਧੀਰ ਕਲੋਨੀ ਸਚ-ਮੁੱਚ ਹੀ ਸਵਰਗ ਦਾ ਨਜ਼ਾਰਾ ਪੇਸ਼ ਕਰ ਰਹੀ ਸੀ। ਕੋਠੀਆਂ ਵਿਚ ਲੱਗੇ ਅਸ਼ੋਕਾ ਟ੍ਰੀ ਉਸਨੂੰ ਜੀ ਆਇਆਂ ਕਹਿਣ ਲਈ ਦੋਵੇਂ ਪਾਸੇ ਕਤਾਰਾਂ ਵਿਚ ਖੜੇ ਸਨ। ਚਾਰੇ ਪਾਸੇ ਦੀ ਹਰਿਆਵਲ ਦੇਖ ਉਸ ਉਪਰ ਇਕ ਮਿੱਠਾ ਜਿਹਾ ਸਰੂਰ ਤਾਰੀ ਹੋ ਗਿਆ। ਸੜਕ ਦਾ ਪਹਿਲਾ ਮੋੜ ਕੱਟ ਉਹ ਉਸ ਪਾਸੇ ਵਲ ਹੋ ਗਿਆ ਜਿਧਰ ਸੁੱਖੀ ਦੀ ਕੋਠੀ ਬਣੀ ਹੋਈ ਸੀ। ਕੋਟ ਦੀ ਜੇਬ ਵਿਚ ਹੱਥ ਪਾ ਉਸਨੇ ਚੰਗੀ ਤਰ੍ਹਾਂ ਤਹਿ ਕੀਤੇ ਹੋਏ ਖ਼ਤ ਨੂੰ ਪੋਲਾ ਜਿਹਾ ਘੁੱਟਿਆ। ਕਦੇ ਉਸਨੇ ਸੁੱਖੀ ਦੇ ਹੱਥਾਂ ਨੂੰ ਆਪਣੇ ਹੱਥਾਂ ਵਿਚ ਫੜ ਇਸੇ ਤਰ੍ਹਾਂ ਘੁੱਟਿਆ ਸੀ। "ਡੀਅਰ ਸੁੱਖੀ ਇਨ੍ਹਾਂ ਹੱਥਾਂ ਨੂੰ ਕੀ ਮੈਂ ਸਾਰੀ ਉਮਰ ਫੜ ਕੇ ਰੱਖ ਸਕਾਂਗਾ? ਐਨੇ ਨਰਮ ਤੇ ਕੂਲੇ ਨੇ ਤੇਰੇ ਹੱਥ। ਮੇਰੇ ਕੋਲੋਂ ਘੁੱਟ ਕੇ ਨਹੀਂ ਫੜ ਹੁੰਦੇ।" ਤਾਰੀਫ਼ ਸੁਣ ਕੇ ਸੁੱਖੀ ਕੁਝ ਨਹੀਂ ਸੀ ਬੋਲੀ। ਬੁੱਲ੍ਹਾਂ 'ਤੇ ਹਲਕੀ ਜਿਹੀ ਮੁਸਕਰਾਹਟ ਆ ਕੇ ਉਸਦੇ ਚਿਹਰੇ 'ਤੇ ਫੈਲ ਗਈ ਸੀ। ਰਵਿੰਦਰ ਨੂੰ ਲੱਗਿਆ ਖ਼ਤ ਵਿਚੋਂ ਇਕ ਮੁਸਕਰਾਹਟ ਹੱਥ ਵਿਚੋਂ ਹੁੰਦੀ ਉਸਦੇ ਸਾਰੇ ਸਰੀਰ ਵਿਚ ਫੈਲ ਗਈ ਹੋਵੇ।

"ਐਨਾ ਵੱਡਾ ਫੈਸਲਾ ਕਿਵੇਂ ਲੈ ਲਿਆ ਉਸਨੇ? ਆਪਣੇ ਘਰ ਵਾਲੇ ਨੂੰ ਮੇਰੇ ਬਾਰੇ ਕਿਵੇਂ ਦੱਸਿਆ ਹੋਵੇਗਾ? ਕੀ ਇਹ ਸਾਰਾ ਕੁਝ ਚੋਰੀ ਛਿਪੇ ਕਰ ਰਹੀ ਹੈ?" ਅਚਾਨਕ ਹੀ ਇਹ ਸਵਾਲ ਉਸਦੇ ਜ਼ਿਹਨ ਵਿਚ ਨਹੁੰਦਰਾਂ ਮਾਰਨ ਲੱਗੇ। ਸਮੁੱਚਾ ਖ਼ਤ ਉਸਦੀਆਂ ਅੱਖਾਂ ਅੱਗੇ ਫੈਲ ਗਿਆ।

ਉਸਦੀ ਪਤਨੀ ਨੇ ਦੁਪਹਿਰ ਦੀ ਡਾਕ ਕਿਤਾਬਾਂ ਵਾਲੀ ਮੇਜ਼ 'ਤੇ ਰੱਖ ਦਿੱਤੀ ਸੀ। ਦਫ਼ਤਰ ਤੋਂ ਆ ਕੇ ਰਵਿੰਦਰ ਸੁਸਤਾਉਣ ਲਈ ਬਰਾਂਡੇ ਵਿਚ ਆ ਬੈਠਾ। ਉਸਦੀ ਲੜਕੀ ਸੰਨੀ ਵੀ ਸਕੂਲ ਤੋਂ ਆ ਗਈ। ਦਸਵੀਂ ਕਲਾਸ ਵਿਚ ਪੜਦੀ ਸੰਨੀ ਆਪਣੀ ਮੰਮੀ ਦਾ ਰਸੋਈ ਦੇ ਕੰਮਾਂ ਵਿਚ ਪੂਰਾ ਹੱਥ ਵਟਾਉਣ ਲੱਗ ਪਈ ਸ਼ੀ। ਸੰਨੀ ਨੇ ਚਾਹ ਦਾ ਕੱਪ ਲਿਆ ਫੜਾਇਆ। ਰਸੋਈ ਵਿਚੋਂ ਹੀ ਉਸਦੀ ਪਤਨੀ ਨੇ ਅਵਾਜ਼ ਮਾਰੀ "ਸੰਨੀ ਤੇਰੇ ਪਾਪਾ ਦੀ ਮੇਜ਼ 'ਤੇ ਡਾਕ ਰੱਖੀ ਹੋਈ ਹੈ।" ਉਹ ਦੌੜਦੀ ਹੋਈ ਖ਼ਤ ਦੇ ਗਈ।

ਜਿਉਂ ਹੀ ਰਵਿੰਦਰ ਨੇ ਖ਼ਤ ਫੜਿਆ ਉਸਦੀ ਨਜ਼ਰ ਠੀਕ ਉਪਰ ਸੱਜੇ ਕੋਣੇ ਵਿਚ ਨਿਕੇ ਜਿਹੇ ਸੂਰਜ 'ਤੇ ਪਈ। ਚਾਹ ਦਾ ਕੱਪ ਉਸਦੇ ਹੱਥ 'ਚੋਂ ਡਿਗਦਾ ਡਿਗਦਾ ਮਸਾਂ ਹੀ ਬਚਿਆ। ਭਰੀ ਘੁੱਟ ਉਸਦੇ ਗਲੇ ਵਿਚ ਹੀ ਫਸ ਗਈ। ਉਹ ਕੱਣਖੀਆਂ ਨਜ਼ਰਾਂ ਨਾਲ ਆਸੇ ਪਾਸੇ ਝਾਕਿਆ। ਇਕ ਡਰ ਜਿਹਾ ਉਸਦੇ ਅੰਦਰ ਬੈਠ ਗਿਆ, ਜਿਵੇਂ ਚੋਰੀ ਕਰਦਾ ਕੋਈ ਫੜਿਆ ਗਿਆ ਹੋਵੇ। ਆਪਣੇ ਸੰਸਾਰ ਵਿਚ ਰਚ ਮਿਚ ਗਿਆ ਸੀ ਉਹ ਤਾਂ। ਬਿਲਕੁਲ ਹੀ ਭੁਲਾ ਬੈਠਾ ਸੀ ਆਪਣੀ ਪਿਛਲੀ ਜ਼ਿੰਦਗੀ ਦੇ ਸੰਸਾਰ ਨੂੰ। ਅਚਾਨਕ ਚੱਲੀ ਇਸ ਹਨੇਰੀ ਨੇ ਬੰਦ ਪਈ ਕਿਤਾਬ ਦੇ ਪੰਨੇ ਪਲਟ ਦਿੱਤੇ।

ਸੁੱਖੀ ਜੋ ਵੀ ਖ਼ਤ ਉਸ ਨੂੰ ਲਿਖਦੀ ਹੁੰਦੀ, ਹਰ ਇਕ ਦੇ ਕੋਣੇ ਵਿਚ ਨਿੱਕਾ ਜਿਹਾ ਸੂਰਜ ਜ਼ਰੂਰ ਬਣਾ ਦਿੰਦੀ ਸੀ। ਖ਼ਤ ਦੀ ਸ਼ੁਰੂਆਤ 'ਮੇਰੇ ਰਵੀ' ਲਿਖਕੇ ਹੀ ਕਰਦੀ ਹੁੰਦੀ। ਰਵਿੰਦਰ ਨੂੰ ਉਸਦੇ ਨਾਂ ਦੀ ਪਹਿਚਾਣ ਵੀ ਤਾਂ ਸੁੱਖੀ ਨੇ ਹੀ ਕਰਵਾਈ ਸੀ "ਕਿਰਨਾਂ ਵੰਡਦਾ ਸੂਰਜ"। ਉਸ ਖ਼ਤ ਵਿਚ ਉਸ ਇਹੋ ਤਾਂ ਲਿਖਿਆ ਸੀ "ਮੇਰੇ ਪਿਆਰੇ ਰਵੀ, ਤੇਰੇ ਵਲੋਂ ਹਮੇਸ਼ਾ ਹੀ ਇਹ ਪਿਆਰ ਭਿੱਜੀਆਂ ਕਿਰਨਾਂ ਆਉਂਦੀਆਂ ਰਹਿਣ। ਮੇਰੀ ਚਿਰਾਂ ਤੋਂ ਹਨੇਰੇ ਵਿਚ ਭਟਕਦੀ ਹੋਈ ਰੂਹ ਤ੍ਰਿਪਤ ਹੋ ਗਈ ਹੈ। ਇਸ ਨਿੱਘ ਨਾਲ ਉਮਰ ਭਰ ਦੀ ਠੁਰ ਠੁਰ ਤੋਂ ਨਿਜ਼ਾਤ ਪਾ ਲਈ ਹੈ ਮੈਂ।"

"ਕੀ ਸੱਚ ਮੁੱਚ ਹੀ ਮੈਂ ਸੂਰਜ ਜਿਹਾ ਹਾਂ।" ਰਵੀ ਨੂੰ ਆਪਣੇ ਆਪ ਤੇ ਮਾਣ ਮਹਿਸੂਸ ਹੋਣ ਲਗਦਾ। ਇਹ ਠੀਕ ਸੀ ਉਹ ਕਾਲਜ ਵਿਚ ਮੋਹਰੀ ਲੜਕਿਆਂ ਵਿਚੋਂ ਇਕ ਸੀ। ਕਾਲਜ ਦੀਆਂ ਸਾਰੀਆਂ ਹੀ ਗਤੀ ਵਿਧੀਆਂ ਵਿਚ ਉਹ ਭਾਗ ਲੈਂਦਾ। ਪੜ੍ਹਾਈ ਵਿਚ ਵੀ ਹਮੇਸ਼ਾਂ ਅਗਲੀਆਂ ਕਤਾਰਾਂ ਵਿਚ ਆਉਂਦਾ। ਰੰਗ ਦਾ ਭਾਵੇ ਕਣਕ ਵੰਨਾ ਸੀ। ਨੈਣ ਨਕਸ਼ਾਂ ਦਾ ਸੁਹਣਾ ਹੋਣ ਕਾਰਨ ਹੀਰੋ ਹੀ ਤਾਂ ਸੀ ਉਹ ਆਪਣੇ ਕਾਲਜ ਦਾ। ਸਟੇਜ ਦਾ ਤਾਂ ਉਹ ਧਨੀ ਸੀ। ਸਾਰੇ ਅਸ਼ ਅਸ਼ ਕਰ ਉਠਦੇ ਜਦੋਂ ਉਹ ਆਪਣੇ ਡਾਇਲਾਗ



ਬੋਲਦਾ ਹੁੰਦਾ। ਕਈ ਨਾਟਕਾਂ ਵਿਚ ਸੁੱਖੀ ਉਸ ਦੀ ਹੀਰੋਇਨ ਹੁੰਦੀ। ਮਿਰਜ਼ੇ ਦੇ ਨਾਟਕ ਵਿਚ ਵੀ ਸੁੱਖੀ ਨੇ ਸਹਿਬਾਂ ਦਾ ਰੋਲ ਕੀਤਾ ਸੀ। ਪ੍ਰੋਫੈਸਰ ਦੇਵ ਨੇ ਬਹੁਤ ਹੀ ਲਗਨ ਨਾਲ ਉਹਨਾਂ ਤੋਂ ਇਹ ਨਾਟਕ ਤਿਆਰ ਕਰਵਾਇਆ ਸੀ। ਕਿੰਨੀਆਂ ਹੀ ਸੂਖਮ ਛੁਹਾਂ ਦਿਤੀਆਂ ਸਨ, ਪ੍ਰੋਫੈਸਰ ਦੇਵ ਨੇ ਇਸ ਨਾਟਕ ਵਿਚ। ਰੀਹਰਸਲ ਵੇਲੇ ਅਕਸਰ ਹੀ ਉਹ ਆਪਣੇ ਪ੍ਰੋਫੈਸਰ ਨਾਲ ਉਲਟੇ ਸਿੱਧੇ ਸਵਾਲ ਕਰ ਬੈਠਦਾ ਸੀ। "ਸਰ ਮਿਰਜ਼ੇ ਦੀ ਮੌਤ ਨੂੰ ਟਾਲਿਆ ਨਹੀਂ ਜਾ ਸਕਦਾ ਕੁਝ ਅਜਿਹਾ ਕਰੋ ਨਾ ਸਰ ਕਿ ਮਿਰਜ਼ਾ ਮਰਦਾ ਨਾ ਦਿਖਾਇਆ ਜਾਵੇ।" ਆਖਰੀ ਸੀਨ ਵਿਚ ਰਵੀ ਦੀ ਐਕਟਿੰਗ ਦੇਖਣ ਵਾਲੀ ਹੁੰਦੀ। ਜਾਨ ਪਾ ਦਿੰਦਾ ਸੀ ਉਹ। ਯੂਨੀਵਰਸਿਟੀ ਵਿਚ ਵੀ ਉਹ ਇਸ ਨਾਟਕ ਨਾਲ ਪਹਿਲੀ ਪੁਜੀਸ਼ਨ ਲੈ ਆਏ ਸਨ। ਕਿੰਨੇ ਹੀ ਇਨਾਮ ਹਾਸਲ ਕੀਤੇ ਸਨ। ਉਸਨੇ ਨਾਟਕਾਂ ਵਿਚੋਂ। ਆਪਣੀ ਇਸ ਕਾਬਲੀਅਤ ਦੇ ਜ਼ੋਰ 'ਤੇ ਹੀ ਉਸ ਨੂੰ ਚੰਗੀ ਨੌਕਰੀ ਮਿਲ ਗਈ ਸੀ।

ਸੁੱਖੀ ਨਾਲ ਘਰ ਵਸਾਉਣ ਦਾ ਸੁਪਨਾ ਲੈ ਲਿਆ ਸੀ ਉਸਨੇ। ਕਿੰਨੀ ਵਾਰ ਉਹ ਇਕਾਂਤ ਵਿਚ ਇਕੱਠੇ ਹੋਏ। ਪਿਆਰ ਭਰੀਆਂ ਗੱਲਾਂ ਕੀਤੀਆਂ। ਅਨੇਕ ਇਕਰਾਰ ਹੋਏ। ਇਕ ਵਾਰ ਸੁੱਖੀ ਨੇ ਆਖਿਆ ਸੀ "ਰਵੀ ਤੇਰੇ ਜਿਹਾ ਹੀ ਰਵੀ ਤੈਨੂੰ ਦੇਵਾਂਗੀ ਮੈਂ, ਦੋਵਾਂ ਦੀ ਪਿਆਰ ਨਿਸ਼ਾਨੀ ਹੋਵੇਗਾ ਜੋ। ਤੇਰੇ ਵਾਂਗ ਹੀ ਕਿਰਨਾਂ ਵੰਡੇਗਾ ਉਹ।" ਰਵਿੰਦਰ ਨੇ ਆਪਣੇ ਬੁੱਲ੍ਹ ਉਸਦੇ ਬੁੱਲ੍ਹਾਂ 'ਤੇ ਰੱਖ ਦਿਤੇ ਸਨ। ਗੁੰਮ ਹੋ ਗਏ ਸਨ ਅਨੋਖੇ ਸੰਸਾਰ ਵਿਚ ਦੋਵੇਂ। ਉਸ ਦਿਨ ਰਵੀ ਨੇ ਅੱਗੇ ਵਧਣ ਦੀ ਕੋਸ਼ਿਸ਼ ਵੀ ਕੀਤੀ ਸੀ। ਸੁੱਖੀ ਉਸ ਦੀ ਪਕੜ ਵਿਚੋਂ ਰੇਸ਼ਮੀ ਧਾਗੇ ਵਾਂਗ ਨਿਕਲ ਗਈ ਸੀ। "ਵਿਆਹ ਤੋਂ ਪਿਛੋਂ" ਆਖ ਅੱਖ ਦੇ ਫੋਰ ਵਿਚ ਹਵਾ ਵਾਂਗ ਉੱਡ ਗਈ ਸੀ ਉਥੋਂ।

ਖੜੋਤੇ ਪਾਣੀ ਵਿਚ ਜਿਵੇਂ ਕਿਸੇ ਨੇ ਵੱਟਾ ਮਾਰਿਆ ਹੋਵੇ। ਇਹ ਖ਼ਤ ਤਾਂ ਉਸ ਦੇ ਇੰਝ ਆ ਕੇ ਵੱਜਿਆ ਸੀ। "ਰਵੀ ਤੇਰੇ ਬੱਚੇ ਦੀ ਮਾਂ ਬਣਨ ਦਾ ਸੁਪਨਾ ਕੀ ਮੈਂ ਇਕ ਵਾਰ ਫੇਰ ਲੈ ਸਕਦੀ ਹਾਂ?" ਖ਼ਤ ਵਿਚੋਂ ਇਕ ਲਾਈਨ ਫੇਰ ਉਸ ਦੇ ਮਨ ਵਿਚ ਉਠ ਰਹੀਆਂ ਲਹਿਰਾਂ ਨੂੰ ਹੋਰ ਤੇਜ਼ ਕਰ ਗਈ। ਇਕ ਮਹਿਕ ਜਿਹੀ ਉਸ ਨੇ ਮਹਿਸੂਸ ਕੀਤੀ। ਸੁੱਖੀ ਦੇ ਗੋਰੇ ਨਿਛੋਹ ਪਿਆਰ ਭਿੱਜੇ ਜਿਸਮ ਦੀ ਮਹਿਕ। ਇਕ ਸ਼ਰਾਬੀ ਵਾਂਗ ਲੜਖੜਾ ਗਿਆ ਸੀ ਉਹ। ਇਹ ਸੋਚ ਉਸਨੂੰ ਸਚਮੁਚ ਹੀ ਨਸ਼ਿਆ ਗਈ।

ਜੇਬ ਵਿਚਲੇ ਖ਼ਤ ਨੂੰ ਉਸਨੇ ਫੇਰ ਪੋਲਾ ਜਿਹਾ ਘੁੱਟਿਆ। ਉਸਦੀਆਂ ਉਂਗਲਾਂ ਅੱਖਰ ਟੋਹਣ ਲੱਗ ਪਈਆਂ। "ਪਿਆਰੇ ਰਵੀ ਹਾਲਤਾਂ ਅਤੇ ਸਮੇਂ ਨੇ ਸਾਨੂੰ ਅਲੱਗ ਅਲੱਗ ਕਰ ਦਿੱਤਾ। ਆਪਾਂ ਦੋਵਾਂ ਨੇ ਵਖਰੀ ਦੁਨੀਆਂ ਵਸਾ ਲਈ। ਮੇਰੇ ਪਤੀ ਪ੍ਰੋਫੈਸਰ ਰਾਣੇ ਵਲੋਂ ਮੈਨੂੰ ਪੂਰਾ ਪਿਆਰ ਮਿਲਿਆ। ਸੁਹਣਾ ਘਰ, ਚੰਗਾ ਮਾਹੌਲ ਤੇ ਹੋਰ ਜੋ ਇਕ ਔਰਤ ਦੀਆਂ ਆਸਾਂ ਉਮੀਦਾਂ ਹੁੰਦੀਆਂ ਨੇ ਸਭ ਕੁਝ ਹੀ। ਪਰ ..... ਪਰ ਇਕ ਔਲਾਦ ਵਲੋਂ ਅਸੀਂ ਅਧੂਰੇ ਹਾਂ। ਬਹੁਤ ਹੀ ਅੱਛੇ ਸੁਭਾ ਦੇ ਨੇ ਪ੍ਰੋਫੈਸਰ ਸਾਹਿਬ। ਇਕ ਨੇਕ ਇਨਸਾਨ ਅਤੇ ਹਰ ਇਕ ਨੂੰ ਪਿਆਰ ਕਰਨ ਵਾਲੇ। ਰਵੀ ਮੈਂ ਇਕ ਪੂਰਨ ਔਰਤ ਹੋਣਾ ਲੋਚਦੀ ਹਾਂ। ਇਕ ਮਾਂ, ਤੇ ਉਹ ਕਿਉਂ ਨਾ ਤੇਰੀ ਹੀ ਧੁੱਪ ਦਾ ਟੋਟਾ ਹੋਵੇ। ਪੂਰੀ ਆਸ ਹੈ ਮੈਨੂੰ ਤੂੰ ਕਦੇ ਵੀ ਮੇਰੀ ਉਮੀਦ ਨੂੰ ਇੰਝ ਨਿਰਾਸ਼ ਨਹੀਂ ਕਰੇਗਾਂ।" ਖ਼ਤ ਵਿਚ ਕਿੰਨਾ ਕੁਝ ਹੋਰ ਲਿਖ ਦਿਤਾ ਸੀ ਸੁੱਖੀ ਨੇ। ਉਹ ਤਾਂ ਜਿਵੇਂ ਉਸਦੀ ਸਮੁੱਚੀ ਪ੍ਰੀਵਾਰਕ ਜ਼ਿੰਦਗੀ ਨੂੰ ਵੀ ਨੇੜੇ ਹੋ ਕੇ ਦੇਖਦੀ ਰਹੀ ਹੋਵੇ। "ਤੇਰੀ ਸੰਨੀ ਨੂੰ ਮੈਂ ਕਈ ਵਾਰ ਦੇਖਿਆ ਹੈ। ਉਸ ਨੂੰ ਪਹਿਲੀ ਨਜ਼ਰੇ ਪਹਿਚਾਣ ਲਿਆ ਸੀ ਮੈਂ। ਇੰਨ ਬਿੰਨ ਤੇਰਾ ਹੀ ਚਿਹਰਾ ਹੈ ਉਸਦਾ। ਬੜੀ ਪਿਆਰੀ ਬੱਚੀ ਹੈ ਉਹ। ਮੇਰਾ ਪਿਆਰ ਉਸ ਨੂੰ ਜ਼ਰੂਰ ਦੇਵੀਂ।"

ਇਕ ਅਜਿਹਾ ਮਜਬੂਤ ਰੱਸੀਆਂ ਦਾ ਪੁਲ ਬਣ ਗਿਆ ਸੀ ਉਹ ਖ਼ਤ। ਉਸਨੂੰ ਇਕ ਕਿਨਾਰੇ ਤੋਂ ਦੂਸਰੇ ਕਿਨਾਰੇ ਤੱਕ ਆਪਣੀਆਂ ਮਜਬੂਤ ਪਿਆਰ ਤੰਦਾਂ ਵਿਚ ਜਕੜੀ ਲਈ ਜਾ ਰਿਹਾ ਸੀ ਉਹ। ਕੋਠੀ ਦੇ ਗੇਟ ਤੇ ਪਹੁੰਚ ਉਸਨੇ ਬੈੱਲ ਦਾ ਸਵਿਚ ਪੋਲਾ ਜਿਹਾ ਦਬਾਇਆ। ਅੰਦਰੋਂ ਇਕ ਸੁਰੀਲੀ ਅਵਾਜ਼ ਉਭਰੀ। ਹਵਾ ਵਿਚ ਤੈਰਦੀ ਮਿੱਠੀ ਬੰਸਰੀ ਜਿਹੀ ਜਿਵੇਂ ਸੁੱਖੀ ਬੋਲੀ ਹੋਵੇ। ਇਕ ਮਹਿਕ ਬੰਦ ਦਰਵਾਜ਼ੇ ਦੇ ਆਰ ਪਾਰ ਹੋ ਰਵਿੰਦਰ ਤੱਕ ਪਹੁੰਚੀ ਹੋਵੇ, ਉਸ ਨੂੰ ਲੱਗਿਆ।

"ਮਿਸਟਰ ਰਵੀ?" ਇਕ ਭਾਰੀ ਮਰਦਾਵੀ ਅਵਾਜ਼। ਸਵਰਗ ਵਿਚੋਂ ਧੂਹ ਲਿਆ ਹੋਵੇ ਉਸਨੂੰ ਜਿਵੇਂ

ਕਿਸੇ ਨੇ। ਸੁੰਨ ਜਿਹਾ ਰਵਿੰਦਰ ਤਰੱਭਕਿਆ "ਉਹ ਯੈਸ।"

"ਹੈਲੋ" ਆਖ ਪ੍ਰੋਫੈਸਰ ਰਾਣਾ ਨੇ ਆਪਣਾ ਹੱਥ ਅੱਗੇ ਵਧਾਇਆ। ਰਵਿੰਦਰ ਦਾ ਹੱਥ ਫੜੇ ਫੜੇ ਹੀ ਹਲਕਾ ਜਿਹਾ ਆਪਣੇ ਵਲ ਅੰਦਰ ਨੂੰ ਖਿਚ ਲਿਆ। ਪ੍ਰੋਫੈਸਰ ਦੀ ਅਵਾਜ਼ ਵਿਚ ਇਕ ਖਾਸ ਖਿੱਚ ਮਹਿਸੂਸ ਕੀਤੀ ਰਵਿੰਦਰ ਨੇ। ਆਪਣਾ ਸਮੁੱਚਾ ਵਿਅਕਤੀਤਵ ਪ੍ਰੋਫੈਸਰ ਅਗੇ ਬੌਣਾ ਲਗਿਆ ਉਸਨੂੰ। ਲੰਮਾ ਕੱਦ, ਸਾਂਵਲਾ ਰੰਗ ਤੇ ਹਰ ਆਦਮੀ 'ਤੇ ਪਹਿਲੀ ਹੀ ਨਜ਼ਰੇ ਛਾ ਜਾਣ ਵਾਲਾ ਲੱਗਿਆ ਉਸਨੂੰ ਪ੍ਰੋਫੈਸਰ। "ਪਹਿਲੀ ਹੀ ਵਾਰ ਦੇਖਣ 'ਤੇ ਕਿਵੇਂ ਪਹਿਚਾਣ ਲਿਆ ਸੀ ਉਸ ਨੂੰ?" ਕਾਫੀ ਪ੍ਰਭਾਵਤ ਹੋ ਗਿਆ ਸੀ ਉਹ। ਡਰਾਇੰਗ ਰੂਮ ਵਿਚ ਪੈਰ ਰਖਦਿਆਂ ਹੀ ਰਾਣਾ ਬੋਲਿਆ "ਸੁੱਖੀ ਟੋਲਡ ਮੀ ਐਵਰੀ ਥਿੰਗ ਅਬਾਊਟ ਯੂ ਮਿਸਟਰ ਰਵੀ।" "ਜਿਹੋ ਜਿਹਾ ਦਸਿਆ ਬਿਲਕੁਲ ਤੂੰ ਹੈ ਹੀ ਉਹੋ ਜਿਹਾ।" ਸੋਫ਼ੇ ਤੇ ਬੈਠਦਿਆਂ ਹੀ ਰਵਿੰਦਰ ਡਰਾਇੰਗ ਰੂਮ ਵਿਚ ਤਰਤੀਬ ਨਾਲ ਰੱਖੀਆਂ ਪੇਂਟਿੰਗਜ਼ ਅਤੇ ਹੋਰ ਸਮਾਨ ਨੂੰ ਦੇਖ ਪ੍ਰੋਫੈਸਰ ਦੀ ਸੂਝ ਦਾ ਹੋਰ ਕਾਇਲ ਹੋ ਗਿਆ। ਖੱਬੇ ਹੱਥ ਲੱਗਿਆ ਪਰਦਾ ਸਰਕਿਆ। ਟ੍ਰੇ ਵਿਚ ਪਾਣੀ ਦਾ ਗਲਾਸ ਰੱਖੀ ਸੁੱਖੀ ਅੰਦਰ ਆਈ। ਰਵਿੰਦਰ ਨੇ ਪੂਰਾ ਜ਼ੋਰ ਲਾ ਆਪਣੇ ਗਲੇ ਨੂੰ ਬਹੁਤ ਹੀ ਸੁਰੀਲਾ ਬਣਾਉਂਦੇ ਹੋਏ "ਹੈਲੋ" ਆਖਿਆ। ਪਤਾ ਨਹੀਂ ਉਹ ਬੋਲ ਗਿਆ ਸੀ ਜਾਂ ਸਿਰਫ਼ ਉਸ ਦੇ ਬੁੱਲ੍ਹ ਹੀ ਫਰਕੇ ਸਨ। ਸੁੱਖੀ ਨੇ ਨੇੜੇ ਆਉਂਦਿਆਂ ਥੋੜਾ ਸਿਰ ਅਤੇ ਅੱਖਾਂ ਝੁਕਾ ਕੇ ਉਸਦਾ ਜੁਆਬ ਦਿੱਤਾ। "ਕੋਈ ਤਕਲੀਫ਼ ਤਾਂ ਨਹੀਂ ਹੋਈ ਤੁਹਾਨੂੰ ਘਰ ਪਹੁੰਚਣ ਵਿਚ"। ਚਿਰਾਂ ਪਛਾਣੀ ਓਹੀ ਬੰਸਰੀ ਜਿਹੀ ਆਵਾਜ਼ ਉਸਦੇ ਕੰਨਾਂ ਨਾਲ ਟਕਰਾਈ। "ਨਹੀਂ ਕੋਈ ਨੀ" ਆਖ ਉਸਨੇ ਕੰਬਦੇ ਹੱਥਾਂ ਨਾਲ ਗਲਾਸ ਚੁੱਕ ਮੂੰਹ ਨੂੰ ਲਾ ਲਿਆ।

ਲਗਭਗ ਡੇਢ ਦਹਾਕੇ ਪਿਛੋਂ ਸੁੱਖੀ ਉਸ ਨੂੰ ਫੁੱਲਾਂ ਜਹੀ ਉਸ ਵੇਲ ਵਰਗੀ ਲਗੀ, ਜਿਹੜੀ ਹਰ ਮੌਸਮ ਵਿਚ ਫੁੱਲਾਂ ਨਾਲ ਭਰੀ ਰਹਿੰਦੀ ਹੈ। ਪੂਰੀ ਸਬੂਤੀ ਦੀ ਸਬੂਤੀ ਕਿਤੋਂ ਇਕ ਫੁੱਲ ਵੀ ਨਹੀਂ ਸੀ ਤੋੜਿਆ ਹੋਇਆ। ਡਰਾਇੰਗ ਰੂਮ ਚਿਰਾਂ ਪਛਾਣੀ ਮਹਿਕ ਨਾਲ ਭਰ ਗਿਆ ਜਿਵੇਂ, ਤਿੰਨੋ ਇਕੱਠੇ ਬੈਠ ਕੇ ਗੱਲਾਂ ਕਰਨ ਲਗੇ। ਪ੍ਰੋਫੈਸਰ ਗੱਲਾਂ ਗੱਲਾਂ ਵਿਚ ਕਾਫ਼ੀ ਅੰਗਰੇਜ਼ੀ ਬੋਲਦਾ। ਇਹ ਸ਼ਾਇਦ ਉਸਦਾ ਸੁਭਾ ਬਣ ਚੁਕਿਆ ਸੀ। ਕੁਝ ਦੇਰ ਬਾਦ ਸੁੱਖੀ ਚਾਹ ਬਣਾ ਲਿਆਈ। ਚਾਹ ਪੀਂਦੇ ਰਵਿੰਦਰ ਆਪਣੇ ਆਪ ਨੂੰ ਕੁਝ ਹਲਕਾ ਮਹਿਸੂਸ ਕਰਨ ਲੱਗਿਆ। ਕਿੰਨੀਆਂ ਹੀ ਗੱਲਾਂ ਉਹਨਾਂ ਕੀਤੀਆਂ। ਕਾਲਜ ਦੇ ਦਿਨਾਂ ਦੀਆਂ ਗੱਲਾਂ ਤਾਂ ਸੁੱਖੀ ਨੂੰ ਇਉਂ ਯਾਦ ਸਨ ਜਿਵੇਂ ਕੱਲ੍ਹ ਦੀਆਂ ਹੀ ਗੱਲਾਂ ਹੋਣ। ਪਿਛਲੀਆਂ ਯਾਦਾਂ 'ਚੋਂ ਨਿਕਲ ਉਹ ਅਜੋਕੇ ਸਮੇਂ ਦੀ ਰਾਜਨੀਤੀ, ਵਿਗਿਆਨ, ਸਾਹਿਤ, ਸਮਾਜ ਵਿਚ ਹੋ ਰਹੀ ਟੁੱਟ ਭੱਜ ਤੱਕ ਪੁੱਜ ਗਏ। ਪ੍ਰੋਫੈਸਰ ਉਸ ਨੂੰ ਹਰ ਵਿਸ਼ੇ ਵਿਚ ਮਾਹਿਰ ਜਾਪਿਆ।

ਰਾਤ ਦੇ ਖਾਣੇ ਤੋਂ ਪਹਿਲਾਂ ਪ੍ਰੋਫੈਸਰ ਤੇ ਉਸਦੀ ਪੂਰੀ ਸੇਵਾ ਕੀਤੀ। ਸਕਾਚ ਦੀ ਬੋਤਲ ਅਤੇ ਸੋਡੇ ਦੀਆਂ ਬੋਤਲਾਂ ਮੇਜ਼ ਉਪਰ ਲਿਆ ਰਖੀਆਂ। ਸੁੱਖੀ ਨੇ ਕਿਚਨ ਵਿਚੋਂ ਨਮਕੀਨ ਪਿਸਤਾ ਅਤੇ ਕਾਜੂ ਪਲੇਟ ਵਿਚ ਪਾ ਲਿਆਂਦੇ। ਆਪਣੇ ਲਈ ਉਹ ਏਪਲ ਜੂਸੀ ਦੀ ਬੋਤਲ ਰੱਖ ਨਾਲ ਹੀ ਬੈਠ ਗਈ। ਰਾਣੇ ਨੇ ਬੋਤਲ ਖੋਲ੍ਹ ਸੁੱਖੀ ਵੱਲ ਵਧਾਈ ਅਤੇ ਉਸ ਨੂੰ ਫੜਾਉਂਦੇ ਹੋਏ ਬੋਲਿਆ "ਸੁੱਖੀ ਡਾਰਲਿੰਗ, ਟੂ ਡੇ ਯੂ ਆਰ ਅਵਰ ਸਾਕੀ" ਅਤੇ ਜ਼ੋਰ ਦੀ ਹੱਸਿਆ। ਸੁੱਖੀ ਨੇ ਦੋਵਾਂ ਗਲਾਸਾਂ ਵਿਚ ਪੈਗ ਪਾ ਆਪਣੇ ਲਈ ਗਲਾਸ ਜੂਸ ਦਾ ਭਰ ਲਿਆ। ਪ੍ਰੋਫੈਸਰ ਨੇ ਰਵਿੰਦਰ ਨਾਲ "ਚੀਅਰਜ਼" ਆਖਦੇ ਗਲਾਸ ਟਕਰਾ ਇਕੋ ਵਾਰ ਅੱਧਾ ਕਰ ਦਿੱਤਾ। ਪਰ ਉਹ ਇਕ ਡਰ ਜਿਹੇ ਨਾਲ ਹੌਲੀ ਹੌਲੀ ਸਿਪ ਕਰਨ ਲੱਗਿਆ। ਦੋ ਕੁ ਪੈਗ ਲਾ ਪ੍ਰੋਫੈਸਰ ਸ਼ੇਅਰੋ-ਸ਼ਾਇਰੀ ਕਰਨ ਲੱਗ ਪਿਆ। ਸੁੱਖੀ ਕਿਚਨ ਵਿਚੋਂ ਲਸਨ, ਪਿਆਜ ਉਥੋ ਹੀ ਚੁੱਕ ਲਿਆਈ ਅਤੇ ਖਾਣੇ ਦਾ ਸਮਾਨ ਤਿਆਰ ਕਰਨ ਲਗੀ।

ਰਵਿੰਦਰ ਨੂੰ ਸਾਰਾ ਮਹੌਲ ਕਿਸੇ ਫਿਲਮ ਵਾਂਗ ਲੱਗ ਰਿਹਾ ਸੀ। ਉਸਨੂੰ ਲੱਗਿਆ ਜਿਵੇਂ ਸੁੱਖੀ ਪ੍ਰੋਫੈਸਰ ਦੇ ਗਲਾਸ ਵਿਚ ਬਹੁਤ ਵੱਡੇ ਵੱਡੇ ਪੈਗ ਪਾ ਕੇ ਉਸ ਨੂੰ ਦੇ ਰਹੀ ਹੈ। ਪ੍ਰੋਫੈਸਰ ਸ਼ਰਾਬ ਨਾਲ ਬੇ-ਸੁਰਤ ਹੋ ਕੇ ਸੋਫੇ ਉਪਰ ਹੀ ਡਿਗ ਰਿਹਾ ਹੈ। ਉਸ ਨੇ ਆਪਣੇ ਸਿਰ ਨੂੰ ਝਟਕਾ ਮਾਰ ਕੇ ਨਸ਼ੇ ਨੂੰ ਕੁਝ ਥਾਂ ਸਿਰ ਕੀਤਾ। ਉਹ ਮਹੌਲ ਵਿਚ ਆਪਣੇ ਆਪ ਨੂੰ ਦੁਬਾਰਾ ਰਲਾਉਣ ਦੀ ਕੋਸ਼ਿਸ਼ ਕਰਨ ਲੱਗਿਆ। ਸੁੱਖੀ ਕਿਚਨ ਵਲ ਜਾਂਦੀ ਹੋਈ ਟੀ.ਵੀ. ਔਨ ਕਰ ਗਈ ਅਤੇ ਰੋਟੀ ਤਿਆਰ ਕਰਨ ਵਿਚ ਰੁੱਝ ਗਈ। ਪ੍ਰੋਫੈਸਰ ਉਸ ਨੂੰ ਆਪਣੇ ਸ਼ੇਅਰ



ਸੁਣਾਉਣ ਵਿਚ ਮਸਤ ਹੋ ਗਿਆ। ਰਵਿੰਦਰ ਤਾਂ ਜਿਵੇਂ ਉਸੇ ਮਹਿਕ ਵਿਚ ਗੁਆਚਿਆ ਹੋਇਆ ਮਹਿਸੂਸ ਕਰ ਰਿਹਾ ਸੀ। ਟੀ.ਵੀ. ਤੇ ਕੋਈ ਅੰਗਰੇਜ਼ੀ ਪਿਕਚਰ ਚੱਲ ਰਹੀ ਸੀ। ਪ੍ਰੋਫੈਸਰ ਪੀਣ ਵਿਚ ਉਸ ਨਾਲੋਂ ਕਾਫ਼ੀ ਤੇਜ਼ ਸੀ। ਦੇਖਣ ਵਿਚ ਉਸ ਉਪਰ ਨਸ਼ੇ ਦਾ ਕੋਈ ਅਸਰ ਨਹੀਂ ਸੀ ਲੱਗ ਰਿਹਾ। ਸੁੱਖੀ ਨੇ ਡਾਇਨਿੰਗ ਟੇਬਲ ਤੇ ਖਾਣਾ ਪਰੋਸਦੇ ਹੋਏ ਬੜੇ ਪਿਆਰ ਨਾਲ "ਡਿਨਰ ਪਲੀਜ਼" ਕਿਹਾ। ਤਿੰਨਾ ਨੇ ਇਕੱਠੇ ਬੈਠ ਰੋਟੀ ਖਾਧੀ। ਖਾਣਾ ਬਹੁਤ ਹੀ ਲਜ਼ੀਜ਼ ਤਿਆਰ ਕੀਤਾ ਸੀ ਉਸਨੇ। ਆਪਣੀ ਮਿੱਠੀ ਆਵਾਜ਼ ਵਿਚ "ਵਨ ਮੋਰ ਪਲੀਜ਼" ਕਹਿੰਦੇ ਕਹਿੰਦੇ ਰਵਿੰਦਰ ਨੂੰ ਉਸ ਨੇ ਲੋੜ ਤੋਂ ਵੱਧ ਰੋਟੀ ਖੁਆ ਦਿੱਤੀ। ਉਸ ਤੋਂ ਪਿਛੋਂ ਉਹ ਗੱਲਾਂ ਕਰਦੇ ਅਤੇ ਟੀ.ਵੀ. ਦੇਖਦੇ ਉਥੇ ਬੈਠੇ ਰਹੇ। ਲਾਬੀ ਵਿਚ ਲੱਗੇ ਕਲਾਕ ਨੇ ਗਿਆਰਾ ਖੜਕਾ ਦਿਤੇ ਸਨ।

ਗੈਸਟ ਰੂਮ ਵਿਚ ਛੱਡ ਸੁੱਖੀ ਅਤੇ ਰਾਣਾ ਉਸ ਨੂੰ ਗੁਡਨਾਈਟ ਆਖ ਆਪਣੇ ਬੈਡ ਰੂਮ ਵਿਚ ਚਲੇ ਗਏ। ਰਵਿੰਦਰ ਕੱਪੜੇ ਬਦਲ ਬੈੱਡ ਵਿਚ ਵੜ ਗਿਆ। ਕਿੰਨ੍ਹਾ ਨਰਮ ਬਿਸਤਰਾ ਸੀ ਕੂਲਾ ਕੂਲਾ ਅਤੇ ਠੰਡਾ ਠੰਡਾ। ਇਕ ਸੁਆਦ ਜਿਹੇ ਵਿਚ ਆ ਗਿਆ ਸੀ ਰਵਿੰਦਰ। ਪਿਆ ਪਿਆ ਉਹ ਉਸ ਆਉਣ ਵਾਲੀ ਘੜੀ ਦੀ ਉਡੀਕ ਕਰਨ ਲੱਗਿਆ ਜਦੋਂ ਚਿਰਾਂ ਪਛਾਣੀ ਖੁਸ਼ਬੂ ਉਸਦੇ ਸਾਹਾਂ ਵਿਚ ਆ ਕੇ ਘੁਲ ਜਾਵੇਗੀ। ਪ੍ਰੋਫੈਸਰ ਰਾਣੇ 'ਤੇ ਉਸ ਨੂੰ ਤਰਸ ਆ ਗਿਆ। "ਹੋ ਸਕਦਾ ਹੈ ਉਸ ਨੂੰ ਸੁੱਖੀ ਨੇ ਖ਼ਤ ਬਾਰੇ ਬਿਲਕੁਲ ਹੀ ਨਾ ਦੱਸਿਆ ਹੋਵੇ, ਸਗੋਂ ਹੋਰ ਹੀ ਕੋਈ ਕਹਾਣੀ ਘੜ ਲਈ ਹੋਵੇ।" ਔਰਤਾਂ ਦੇ ਇਕ ਸੌ ਇਕ ਚਲਿਤਰਾਂ ਬਾਰੇ ਉਸ ਨੇ ਕਈ ਕਹਾਣੀਆਂ ਪੜ੍ਹੀਆਂ ਹੋਈਆਂ ਸਨ। ਅਚਾਨਕ ਹੀ ਉਸਦੀ ਉਡਦੀ ਸੋਚ ਦੇ ਖੰਭ ਟੁੱਟ ਗਏ। ਸੋਚ ਹੇਠਾਂ ਆ ਡਿੱਗੀ। ਉਹ ਡਰ ਨਾਲ ਕੰਬਣ ਲਗ ਪਿਆ। ਕਿੰਨੀਆਂ ਹੀ ਖ਼ਬਰਾਂ ਉਸ ਨੇ ਅਖ਼ਬਾਰਾਂ ਵਿਚ ਅਜਿਹੀਆਂ ਪੜ੍ਹੀਆਂ ਸਨ। "ਪ੍ਰੇਮੀ ਪ੍ਰੇਮਕਾ ਦਾ ਉਸਦੇ ਪਤੀ ਵਲੋਂ ਕਤਲ" ਸ਼ਾਂਤ ਤੇ ਨਰਮ ਪ੍ਰੋਫੈਸਰ ਉਸ ਨੂੰ ਕਿਸੇ ਜਲਾਦ ਵਾਂਗ ਲੱਗਿਆ। ਕਾਲਾ ਧੂਸ ਵੱਡੀਆਂ ਵੱਡੀਆਂ ਲਾਲ ਲਾਲ ਅੱਖਾਂ, ਹੱਥ ਵਿਚ ਨੰਗੀ ਤਲਵਾਰ ਲਈ ਜਿਵੇਂ ਉਸਦੇ ਸਿਰਹਾਣੇ ਆ ਖੜਾ ਹੋਵੇ। ਮੁੜ੍ਹਕੇ ਨਾਲ ਤਰ ਹੋ ਗਿਆ ਉਹ। ਖਿਆਲਾਂ ਦੇ ਸਮੁੰਦਰ ਤਰਦਾ ਹੋਇਆ ਰਵਿੰਦਰ ਘਰ ਪਹੁੰਚ ਗਿਆ। "ਕੀ ਮੈਂ ਆਪਣੀ ਪਤਨੀ ਨਾਲ ਵਿਸ਼ਵਾਸ਼ ਘਾਤ ਨਹੀਂ ਕਰ ਰਿਹਾ?" ਉਸ ਨੂੰ ਆਪਣੇ ਆਪ ਤੇ ਗਿਲਾਨੀ ਆ ਗਈ। ਪਤਨੀ ਦਾ ਭੋਲਾ ਚਿਹਰਾ ਉਸਦੀਆਂ ਅੱਖਾਂ ਅੱਗੇ ਆ ਗਿਆ ਅਤੇ ਸੰਨੀ ਦੇ ਚਿਹਰੇ ਵਿਚ ਵੱਟ ਕੇ ਮੰਡਰਾਉਣ ਲੱਗਿਆ। ਉਸਨੇ ਘਬਰਾ ਕੇ ਬੰਦ ਅੱਖਾਂ ਖੋਲ੍ਹ ਲਈਆਂ। ਘਰੇ ਬੋਲਿਆ ਸਫੈਦ ਦਿਨ ਵਰਗਾ ਝੂਠ "ਮੈਂ ਦਫ਼ਤਰ ਦੇ ਕੰਮ ਚਲਿਆਂ ਹਾਂ" ਖੰਜਰ ਵਾਂਗ ਉਸਦੇ ਕਾਲਜੇ ਵਿਚ ਧਸਣ ਲਗਿਆ। ਕਿੰਨਾ ਹੀ ਚਿਰ ਉਹ ਇਸ ਪੀੜ ਨਾਲ ਛਟਪਟਾਉਂਦਾ ਰਿਹਾ। ਕੂਲਾ ਤੇ ਨਰਮ ਬਿਸਤਰ ਉਸ ਨੂੰ ਖੁਰਦਰਾ ਅਤੇ ਸਖ਼ਤ ਲੱਗਣ ਲੱਗਾ। ਉਸਲਵੱਟੇ ਲੈਂਦਿਆਂ ਕਿੰਨੀ ਰਾਤ ਲੰਘ ਗਈ ਉਸ ਨੂੰ ਕੁਝ ਪਤਾ ਨਾ ਲੱਗਿਆ। ਅਣਗਿਣਤ ਤੂਫ਼ਾਨਾ ਵਿਚ ਘਿਰਿਆ ਉਹ ਉਸ ਮਹਿਕ ਦੀ ਤਲਾਸ਼ ਵਿਚ ਕਦੋਂ ਸੌਂ ਗਿਆ ਸੀ ਉਸ ਨੂੰ ਕੋਈ ਪਤਾ ਨਾ ਲੱਗਾ।

"ਮਿਸਟਰ ਰਵੀ ਤੁਸੀਂ ਹਾਲੇ ਤੱਕ ਉਠੇ ਨਹੀਂ, ਤੁਹਾਡੀ ਬੈਡ ਟੀ ਠੰਡੀ ਹੋ ਚੁੱਕੀ ਹੈ।" ਪ੍ਰੋਫੈਸਰ ਦੀ ਅਵਾਜ਼ ਉਸ ਦੇ ਕੰਨਾ ਵਿਚ ਪਈ। "ਉਹ ਸੌਰੀ" ਆਖ ਰਵਿੰਦਰ ਉਠ ਬੈਠਾ। ਉਸਨੂੰ ਕੋਈ ਪਤਾ ਨਹੀਂ ਸੀ ਲਗਿਆ, ਸੁੱਖੀ ਕਿਹੜੇ ਵੇਲੇ ਉਸਦੇ ਸਰਹਾਣੇ ਚਾਹ ਰੱਖ ਗਈ। ਰਵਿੰਦਰ ਨੇ ਦਿਮਾਗ 'ਤੇ ਕਾਫ਼ੀ ਜ਼ੋਰ ਪਾ ਕੇ ਸੋਚਿਆ। ਉਸ ਨੂੰ ਸੁਪਨੇ ਵਾਂਗ ਯਾਦ ਆਇਆ ਜਿਵੇਂ ਉਸਦੀ ਪਤਨੀ ਨੇ ਉਸਨੂੰ ਹਲੂਣ ਕੇ ਚਾਹ ਪੀਣ ਲਈ ਆਖਿਆ ਹੋਵੇ। ਸਵੇਰ ਦੇ ਅੱਠ ਵੱਜ ਚੁੱਕੇ ਸਨ। ਪ੍ਰੋਫੈਸਰ ਨਾ ਧੋ ਕੇ ਤਿਆਰ ਹੋ ਕੇ ਆਇਆ ਸੀ। ਸੁੱਖੀ ਦੁਬਾਰਾ ਚਾਹ ਦਾ ਕੱਪ ਲੈ ਕੇ ਆ ਗਈ। ਉਹ ਵੀ ਬਿਲਕੁਲ ਤਿਆਰ ਸੀ। ਹਲਕੇ ਮੇਕ-ਅਪ ਵਿਚ ਉਹ ਬਹੁਤ ਹੀ ਜਚ ਰਹੀ ਸੀ।

ਜਲਦੀ ਜਲਦੀ ਤਿਆਰ ਹੋ ਰਵਿੰਦਰ ਡਰਾਇੰਗ ਰੂਮ ਵਿਚ ਆ ਬੈਠਾ। ਉਸ ਨੂੰ ਇਉਂ ਜਾਪ ਰਿਹਾ ਸੀ ਜਿਵੇਂ ਫਿਲਮ ਦਾ ਕੋਈ ਦ੍ਰਿਸ਼ ਤੇਜ਼ੀ ਨਾਲ ਬਦਲ ਗਿਆ ਹੋਵੇ। "ਡੀਅਰ ਤੁਸੀਂ ਡਾ. ਸਿੰਘ ਨੂੰ ਫੋਨ ਤਾਂ ਕਰ ਲੈਣਾ ਸੀ।" ਸੁੱਖੀ ਨੇ ਪ੍ਰੋਫੈਸਰ ਨੂੰ ਸੰਬੋਧਨ ਹੁੰਦਿਆਂ ਨਾਸ਼ਤਾ ਮੇਜ਼ 'ਤੇ ਲਿਆ ਰੱਖਿਆ। ਪ੍ਰੋਫੈਸਰ ਰਾਣਾ ਫੋਨ ਕਰਨ ਰੁੱਝ ਗਿਆ।

ਡਰਾਇੰਗ ਰੂਮ ਵਿਚ ਇਕ ਡੂੰਘੀ ਜਿਹੀ ਚੁਪ ਪਸਰ ਗਈ ਸੀ। ਹਰ ਇਕ ਚੀਜ਼ ਨੂੰ ਉਸ ਪਸਰ ਗਈ

ਚੁੱਪ ਨੇ ਜਿਵੇਂ ਆਪਣੇ ਹੇਠ ਢੱਕ ਲਿਆ ਹੋਵੇ। ਕਾਫ਼ੀ ਦੇਰ ਤਿੰਨਾਂ ਵਿਚੋਂ ਕੋਈ ਨਹੀਂ ਸੀ ਬੋਲਿਆ। ਉਹ ਚੁਪ ਚਾਪ ਨਾਸ਼ਤਾ ਕਰਦੇ ਰਹੇ। "ਵੁਈ ਡਿਸਕਸ ਆਲ ਦਾ ਮੈਟਰ, ਵਿਚ ਅਵਰ ਫੈਮਿਲੀ ਡਾਕਟਰ, ਮਿਸਟਰ ਰਵੀ।" ਪ੍ਰੋਫੈਸਰ ਨੇ ਪਸਰੀ ਹੋਈ ਚੁੱਪ ਦਾ ਕੋਣਾ ਚੁੱਕਿਆ। ਰਵਿੰਦਰ ਨੇ ਕੁਝ ਬੋਲਣ ਦੀ ਕੋਸ਼ਿਸ਼ ਕੀਤੀ ਪਰ ਕੋਈ ਵੀ ਲਫ਼ਜ ਉਸ ਤੋਂ ਬੋਲਿਆ ਨਾ ਜਾ ਸਕਿਆ। ਸੁੰਨੀਆਂ ਅੱਖਾਂ ਨਾਲ ਉਸ ਨੇ ਦੋਵਾਂ ਵੱਲ ਦੇਖਿਆ। ਸਿਰ ਨੀਵਾਂ ਕਰ ਅਣਮੰਨੇ ਮਨ ਨਾਲ ਨਾਸ਼ਤਾ ਕਰਨ ਲੱਗਿਆ।

ਡਰਾਇੰਗ ਰੂਮ ਉਸ ਨੂੰ ਕਿਸੇ ਮਾਰੂਥਲ ਵਾਂਗ ਲੱਗਣ ਲੱਗ ਪਿਆ। ਚਾਰੇ ਪਾਸੇ ਰੇਤ ਦੇ ਉੱਚੇ ਉੱਚੇ ਟਿੱਬੇ ਹੀ ਟਿੱਬੇ। ਕੋਈ ਰਸਤਾ ਤਾਂ ਉਸ ਨੂੰ ਦਿਖਾਈ ਹੀ ਨਹੀਂ ਸੀ ਦੇ ਰਿਹਾ। ਕਾਲਜ ਵਿਚ ਖੇਡੇ ਉਸ ਨਾਟਕ ਦਾ ਆਖਰੀ ਸੀਨ ਉਸਦੀਆਂ ਅੱਖਾਂ ਅੱਗੇ ਇੰਨ ਬਿੰਨ ਆ ਖੜਾ ਸੀ। ਕਿਵੇਂ ਉਹ ਸੁਖੀ ਦੇ ਪੱਟ 'ਤੇ ਸਿਰ ਰੱਖ ਸੌਂ ਗਿਆ ਸੀ। ਸੁੱਖੀ ਨੇ ਉਸਦੇ ਤੀਰ ਤੋੜ ਤਰਕਸ਼ ਨੂੰ ਕੀਤਾ ਸਵਾਲ ਤੀਰ ਵਾਂਗ ਉਸਦੇ ਕਾਲਜੇ ਵਿਚ ਖੁਭਿਆ। "ਹਾ ਰਵੀ ਮਿਰਜ਼ੇ ਦੀ ਮੌਤ ਹੀ ਤਾਂ ਇਸ ਸਮੁੱਚੇ ਨਾਟਕ ਦੀ ਜਿੰਦ ਜਾਨ ਹੈ। ਇਹੋ ਤਾਂ ਇਸ ਮਹਾਨ ਰਚਨਾ ਨੂੰ ਅਮਰ ਕਰਦੀ ਹੈ।" ਪ੍ਰੋਫੈਸਰ ਦੇਵ ਦੀ ਅਵਾਜ਼ ਉਸ ਮਾਰੂਥਲ ਵਿਚ ਗੂੰਜੀ। ਉਸ ਨੂੰ ਲੱਗਿਆ ਜਿਵੇਂ ਕਿੰਨੇ ਹੀ ਵਰ੍ਹਿਆਂ ਪਿਛੋਂ ਉਸਦੇ ਪ੍ਰੋਫੈਸਰ ਨੇ ਉਸ ਨੂੰ ਸਵਾਲ ਦਾ ਉਤਰ ਦਿਤਾ ਹੋਵੇ। ਮੱਥੇ 'ਤੇ ਆ ਗਿਆ ਮੁੜ੍ਹਕਾ ਉਸ ਨੇ ਰੁਮਾਲ ਕੱਢ ਸਾਫ਼ ਕੀਤਾ।

ਪ੍ਰੋਫੈਸਰ ਰਾਣੋ ਨੇ ਕਾਰ ਗੈਰਜ ਵਿਚੋਂ ਕੱਢ ਲਿਆਂਦੀ ਰਵੀ ਦੇ ਬੈਠਣ ਲਈ ਉਸਨੇ ਅਗਲਾ ਦਰਵਾਜ਼ਾ ਖੋਲ੍ਹ ਦਿਤਾ। ਉਹ ਆਸੇ ਪਾਸੇ ਝਾਕਿਆ। ਉਸਦਾ ਦਿਲ ਉਥੋਂ ਭੱਜਣ ਲਈ ਕਾਹਲਾ ਪੈਣ ਲੱਗਿਆ। ਕਾਰ ਵਿਚ ਉਹ ਕਿੰਝ ਬੈਠ ਗਿਆ ਸੀ ਉਸ ਨੂੰ ਕੁਝ ਵੀ ਪਤਾ ਨਾ ਲੱਗਾ ਜਿਵੇਂ ਕਿਸੇ ਅਦਿੱਖ ਸ਼ਕਤੀ ਨੇ ਧੱਕਾ ਦੇ ਉਸ ਨੂੰ ਕਾਰ ਵਿਚ ਸੁੱਟ ਦਿਤਾ ਹੋਵੇ ਅਤੇ ਉਹ ਤੀਰਾਂ ਨਾਲ ਜ਼ਖ਼ਮੀ ਹੋ ਅਗਲੀ ਸੀਟ ਤੇ ਡਿੱਗਿਆ ਪਿਆ ਹੋਵੇ। ਵਿਰੋਧ ਕਰਨ ਦੀ ਸ਼ਕਤੀ ਤਾਂ ਜਿਵੇਂ ਉਸ ਦੀ ਕਿਸੇ ਨੇ ਖਿੱਚ ਲਈ ਸੀ। ਉਹ ਤਾਂ ਇਕ ਲਾਸ਼ ਵਾਂਗ ਹੋ ਗਿਆ ਸੀ। ਤੀਰਾਂ ਦੀ ਚੁਫੇਰਿਉਂ ਹੋਈ ਕਿਸੇ ਅਣਦਿਸ ਵਾਛੜ ਨੇ ਸੱਚ-ਮੁੱਚ ਹੀ ਸਾਹ ਹੀਣ ਕਰ ਦਿਤਾ ਸੀ ਉਸਨੂੰ। "ਰਵੀ ਤੁਸੀਂ ਕੁਝ ਨਾਰਮਲ ਨਹੀਂ ਲੱਗ ਰਹੇ।" ਕਾਰ ਦੀ ਪਿਛਲੀ ਸੀਟ ਤੋਂ ਸੁੱਖੀ ਬੋਲੀ। "ਨਹੀਂ ਅਜਿਹੀ ਕੋਈ ਗੱਲ ਨਹੀਂ।" ਰੇਤ ਦੀ ਕਿਸੇ ਡੂੰਘੀ ਖਾਈ ਵਿਚੋਂ ਮੁਰਦਿਆਂ ਵਾਂਗ ਬੋਲਿਆ ਸੀ ਰਵੀ। ਮਾਰੂਥਲ ਵਿਚੋਂ ਹੀ ਉੱਡ ਜਿਵੇਂ ਉਹ ਹਸਪਤਾਲ ਪਹੁੰਚ ਗਏ ਸਨ। ਬਾਹਰ ਵੱਡੇ ਅੱਖਰਾਂ ਵਿਚ "ਵਿਗਿਆਨਕ ਢੰਗਾਂ ਨਾਲ ਔਲਾਦ-ਡਾ. ਡੀ.ਪੀ. ਸਿੰਘ ਲਿਖਿਆ ਹੋਇਆ ਸੀ। ਨਿੱਕੇ ਨਿੱਕੇ ਬੱਚਿਆਂ ਦੇ ਹਸੂੰ ਹਸੂੰ ਕਰਦੇ ਚਿੱਤਰ ਥਾਂ-ਥਾਂ ਲੱਗੇ ਹੋਏ ਸਨ। ਉਹ ਤਿੰਨੋ ਡਾਕਟਰ ਦੇ ਕਮਰੇ ਵਿਚ ਦਾਖ਼ਲ ਹੋਏ। "ਯੂ ਆਰ ਡੂਇੰਗ ਬੈਟਰ ਮਿਸਟਰ ਰਵੀ, ਆਈ ਐਪਰੀਸ਼ੇਟ ਯੂ।" ਆਖਦੇ ਹੋਏ ਡਾਕਟਰ ਨੇ ਉਹਨਾਂ ਨਾਲ ਹੱਥ ਮਿਲਾਇਆ। ਸਿਰਫ਼ 'ਉ, ਕੇ' ਹੀ ਆਖ ਸਕਿਆ ਸੀ ਰਵਿੰਦਰ। ਡਾਕਟਰ ਨੇ ਬੈਲ ਮਾਰ ਨਰਸ ਨੂੰ ਬੁਲਾਇਆ ਅਤੇ ਰਵਿੰਦਰ ਨੂੰ ਨਰਸ ਨਾਲ ਲੈਬ ਤੱਕ ਜਾਣ ਲਈ ਆਖਿਆ। ਨਰਸ ਨੇ ਉਸ ਨੂੰ ਆਪਣੇ ਪਿਛੇ ਆਉਣ ਦਾ ਇਸ਼ਾਰਾ ਕੀਤਾ। ਰਵਿੰਦਰ ਦੀ ਹਾਲਤ ਉਸ ਬੱਕਰੇ ਜਹੀ ਹੋ ਗਈ ਸੀ ਜਿਸ ਨੂੰ ਕਸਾਈ ਝਟਕਾਉਣ ਲਈ ਸਲਾਟਰ ਹਾਊਸ ਵਲ ਖਿਚੀ ਲਈ ਜਾ ਰਿਹਾ ਹੋਵੇ। ਉਸਦੇ ਗਲੇ ਵਿਚੋਂ ਮੈਂਅ..ਮੈਂਅ ਦੀ ਅਵਾਜ਼ ਵੀ ਪੂਰੀ ਨਾ ਨਿਕਲ ਰਹੀ ਹੋਵੇ। ਖਿਆਲਾਂ ਦਾ ਇਕ ਭੁਚਾਲ ਉਸਦੇ ਦਿਮਾਗ ਵਿਚ ਆ ਗਿਆ ਸੀ। ਜਿਸ ਨੇ ਸਭ ਕੁਝ ਰਲ ਗਡ ਕਰ ਦਿਤਾ। ਤੀਰਾਂ ਦੀ ਅਸਹਿ ਪੀੜ, ਹਾਏ, ਹਾਏ ਮੈਂਅ-ਮੈਂਅ, ਹਾਏ ਮੈਂਅ, ਹਾਏ, ਮੈਂਅ-ਆ ਤੁਰੇ ਜਾਂਦੇ ਦਾ ਸਾਹ ਧੋਕਣੀ ਵਾਂਗ ਵੱਜਣ ਲੱਗ ਪਿਆ। ਇਸ ਉਥਲ ਪਥੱਲ ਵਿਚ ਉਸ ਨੂੰ ਪ੍ਰੋਫੈਸਰ ਦੇਵ ਦਾ ਗੰਭੀਰ ਚੇਹਰਾ ਫੇਰ ਨਜ਼ਰ ਪਿਆ ਅਤੇ ਉਸਦੇ ਬੋਲ "ਮੌਤ ਹੀ ਤਾਂ ਇਸ ਰਚਨਾ ਨੂੰ ਅਮਰ ਕਰਦੀ ਹੈ।" ਜਿਵੇਂ ਇਨ੍ਹਾਂ ਬੋਲਾਂ ਨੇ ਸਭ ਕੁਝ ਸਥਿਰ ਕਰ ਦਿਤਾ ਹੋਵੇ। ਭੁਚਾਲ ਦੀ ਗੂੰਜ ਕਿਤੇ ਦੂਰ ਜਾਂਦੀ ਲੱਗੀ। ਕੁਕਨੂਸ ਦੀ ਰਾਖ ਵਿਚੋਂ ਇਕ ਹੋਰ ਕੁਕਨੂਸ ਦਾ ਜਨਮ ਹੋ ਗਿਆ ਲਗਿਆ ਉਸਨੂੰ। ਮੌਤ ਕਿਤੇ ਪਿਛੇ ਰਹਿ ਗਈ ਲਗੀ। ਜੇਬ ਵਿਚਲਾ ਖੱਤ ਉਸ ਨੂੰ ਪੋਲਾ ਪੋਲਾ ਅਤੇ ਕੂਲਾ ਲਗਿਆ। ਨਰਸ ਦੇ ਪਿਛੇ ਉਹ ਲੈਬ ਵਿਚ ਵੜ੍ਹ ਗਿਆ। ਸਾਹਮਣੇ ਵਾਰਡ ਵਲੋਂ ਆਉਂਦੀ ਕਿਸੇ ਬੱਚੇ ਦੇ ਰੋਣ ਦੀ ਅਵਾਜ਼ ਹੋਰ ਉੱਚੀ ਹੋ ਗਈ। ▫



*ਮੁਲਾਂਕਣ*

# ਵਿਸ਼ਾਲ ਮਾਨਵੀ ਧਰਾਤਲ ਬਨਾਮ ਨੂਰ ਦੀ ਕਵਿਤਾ

*—ਡਾ. ਸੁਖਵਿੰਦਰ ਸਿੰਘ ਰੰਧਾਵਾ*

ਪੁਰਾਤਨ ਭਾਰਤੀ ਕਾਵਿ-ਸ਼ਾਸਤਰ ਦੇ ਤੱਤ-ਸਾਰ ਅਨੁਸਾਰ ਕਾਵਿ ਦੀ ਪ੍ਰਕਿਰਤੀ ਅਤੇ ਪ੍ਰਯੋਜਨ ਨੂੰ ਆਂਤਰਿਕ ਅਤੇ ਬਾਹਰੀ ਦੋ ਰੂਪਾਂ ਵਿਚ ਗ੍ਰਹਿਣ ਕੀਤਾ ਗਿਆ ਹੈ, ਆਂਤਰਿਕ ਪ੍ਰਯੋਜਨਾਂ ਵਿਚ 'ਆਨੰਦ' ਅਤੇ 'ਗਿਆਨ' ਪ੍ਰਮੁੱਖ ਹਨ ਜਦਕਿ ਬਾਹਰੀ ਪ੍ਰਯੋਜਨ ਧਰਮ, ਯਸ਼, ਧਨ-ਲਾਭ, ਮੁਕਤੀ ਆਦਿ ਨਾਲ ਸੰਬੰਧਿਤ ਹਨ। ਕੁੱਲ ਮਿਲਾ ਕੇ ਭਾਰਤੀ ਕਾਵਿ-ਸ਼ਾਸਤਰੀ ਪਹੁੰਚ ਨੂੰ 'ਅਨੰਦ ਦੇ ਸਿਧਾਂਤ' ਉਤੇ ਆਧਾਰਿਤ ਕਿਹਾ ਜਾ ਸਕਦਾ ਹੈ। ਮੰਮਟ ਵਰਗੇ ਕਾਵਿ-ਆਚਾਰੀਯ ਨੇ ਤਾਂ ਕਾਵਿ-ਆਨੰਦ ਨੂੰ 'ਬ੍ਰਹਮਾਨੰਦ' ਦੇ ਸਮਾਨ ਦਰਸਾਇਆ ਹੈ। ਇਉਂ, ਸੁਖਵਾਦ ਅਤੇ ਆਤਮਾ ਦੀ ਅਮਰਤਾ ਦੇ ਸਿਧਾਂਤ ਨੇ ਭਾਰਤੀ ਕਾਵਿ-ਸਿਰਜਨ ਤੇ ਕਾਵਿ-ਚਿੰਤਨ ਨੂੰ ਇਕ ਵਿਸ਼ੇਸ਼ ਦਿਸ਼ਾ ਪ੍ਰਦਾਨ ਕੀਤੀ। ਇਸ ਦਾ ਉਦੇਸ਼ ਮਨੁੱਖ ਨੂੰ ਜ਼ਿੰਮੇਵਾਰੀਆਂ ਅਤੇ ਸੰਘਰਸ਼ਾਂ ਵਿਚ ਪਾਉਣਾ ਨਹੀਂ, ਸਗੋਂ ਉਨ੍ਹਾਂ ਵਿਚੋਂ ਕੱਢਣਾ, ਮਾਇਆ ਜਾਲ ਤੋਂ ਮੁਕਤੀ ਦਿਵਾਉਣੀ ਅਤੇ ਧਨ, ਕਾਮ ਆਦਿ ਰਾਹੀਂ ਆਨੰਦਿਤ ਕਰਨਾ ਹੈ। ਇਹੀ ਵਜ਼ਾ ਹੈ ਕਿ ਭਾਰਤੀ ਕਾਵਿ ਵਿਚ ਵਿਅਕਤੀਗਤ ਜਾਂ ਸਮਾਜਿਕ ਦੁੱਖ-ਪੀੜਾ ਦਾ ਵਰਣਨ ਨਿਰਪੇਖ ਰੂਪ ਵਿਚ ਨਹੀਂ ਕੀਤਾ ਗਿਆ ਸਗੋਂ ਦੁੱਖ ਅਤੇ ਪੀੜਾ ਨੂੰ ਹਮੇਸ਼ਾ ਅੰਤਲੇ ਸੁੱਖ ਅਤੇ ਆਨੰਦ-ਅਨੁਭੂਤੀ ਦੇ ਸੰਦਰਭ ਵਿਚ ਹੀ ਪੇਸ਼ ਕੀਤਾ ਗਿਆ ਹੈ। ਭਾਵੇਂ ਭਰਤਮੁਨੀ ਨੇ ਕਾਵਿ ਨੂੰ ਕਲਿਆਣਕਾਰੀ, ਬੁੱਧੀ ਬ੍ਰਧਕ ਅਤੇ ਲੋਕ ਉਪਦੇਸ਼ਕ ਆਦਿ ਗੁਣਾਂ ਨਾਲ ਵੀ ਸੰਬੰਧਿਤ ਕੀਤਾ ਹੈ ਪਰ, ਇਨ੍ਹਾਂ ਨੂੰ ਭਾਰਤੀ ਕਾਵਿ-ਸ਼ਾਸਤਰ ਦੀ ਮੂਲ ਭਾਵਨਾਂ ਦੇ ਅਨੁਕੂਲ ਸੀਮਤ ਅਰਥਾਂ ਵਿਚ ਹੀ ਗ੍ਰਹਿਣ ਕੀਤਾ ਜਾਣਾ ਚਾਹੀਦਾ ਹੈ।

ਉਕਤ ਸਿਧਾਂਤਕ ਪਿਛੋਕੜ ਕਾਰਨ ਬਹੁਤ ਲੰਮੇ ਸਮੇਂ ਤਕ ਭਾਰਤੀ ਕਾਵਿ-ਸੰਕਲਪ ਆਪਣੀ ਯਥਾਰਥ-ਪਹੁੰਚ ਵਿਚ ਸਮਾਜਿਕ ਪ੍ਰਕਰਣ ਨਾਲੋਂ ਟੁੱਟਿਆ ਰਿਹਾ ਹੈ। ਪੰਜਾਬੀ ਦੀ ਲੰਮੀ ਕਾਵਿ-ਪ੍ਰੰਪਰਾ ਵਿਚ ਮੱਧਕਾਲ ਵਿਚ ਗੁਰੂ ਭਗਤ ਬਾਣੀਕਾਰਾਂ ਅਤੇ ਸੂਫੀ ਕਵੀਆਂ ਦੁਆਰਾ ਕਾਵਿ ਅਤੇ ਸਮਾਜ ਦੇ ਇਸ ਅਨਿਵਾਰੀ ਸੰਬੰਧ-ਸਥਾਪਨ ਦੇ ਕਰਮ ਨੂੰ ਭਰਪੂਰ ਹੁੰਗਾਰਾ ਤੇ ਹੁਲਾਰਾ ਮਿਲਿਆ ਅਤੇ ਆਪਣੇ ਸਮੇਂ ਤੇ ਸਥਿਤੀ ਦੇ ਪ੍ਰਸੰਗ ਵਿਚ ਇਹ ਬਹੁਤ ਇਨਕਲਾਬੀ ਤੇ ਅਗ਼ਰਗਾਮੀ ਕਾਰਜ ਵੀ ਸੀ ਪ੍ਰੰਤੂ ਇਹ ਵੀ ਸੱਚ ਹੈ ਕਿ ਇਸ ਰਚਨਾ ਵਿਚ ਸਮਾਜਿਕ-ਰਾਜਨੀਤਕ ਮਸਲਿਆਂ ਦਾ ਭਰਪੂਰ ਸਮਾਵੇਸ਼ ਕੇਵਲ ਅਧਿਆਤਮਕ, ਪਰਮਾਰਥੀ ਸੰਦਰਭਾਂ ਤੇ ਕੋਡਾਂ ਨੂੰ ਖੋਹਲਣ ਅਤੇ ਉਨ੍ਹਾਂ ਦੀ ਵਿਵਹਾਰਕ ਕਿਰਿਆਸ਼ੀਲਤਾ ਨੂੰ ਧਾਰਮਿਕ ਮੁਹਾਵਰੇ ਵਿਚ ਪੇਸ਼ ਕਰਨ ਤੱਕ ਸੀਮਤ ਸੀ। ਆਤਮ ਅਭਿਵਿਅਕਤੀ, ਅਕਾਂਖਿਆ, ਦੁੱਖ, ਪੀੜਾ, ਵੇਦਨਾ ਤੇ ਸੰਤਾਪ ਦਾ ਵਾਹਣ ਬਣਨ ਦੀ ਨਿਰਸੰਕੋਚ ਰੂਪ ਵਿਚ ਸੁਚੇਤ ਚੇਸ਼ਠਾ ਕਰਦੀ ਹੈ। ਇਹ ਠੀਕ ਹੈ ਕਿ ਪ੍ਰਗਤੀਵਾਦੀ ਕਵਿਤਾ ਦਾ ਰਚਨਾਤਮਿਕ ਸੰਗਠਨ ਮੋਟੇ ਤੌਰ ਤੇ ਸਮਕਾਲੀ ਯਥਾਰਥ ਬਾਰੇ ਭ੍ਰਾਂਤੀਜਨ ਅਰਥ-ਨਿਰਣੈ ਉਤੇ ਉਸਰਿਆ ਹੋਣ ਕਰਕੇ ਇਸ ਕਾਵਿ ਧਾਰਾ ਦਾ ਸੰਸਥਾਈ ਰੂਪ ਛੇਤੀ ਹੀ ਮੱਧਮ ਪੈਣ ਲੱਗਦਾ ਹੈ। ਪਰ ਜਿਨਾ, ਕਵੀਆਂ ਨੇ ਵਿਚਾਰਧਾਰਕ ਪ੍ਰਤਿਬੱਧਤਾ ਨੂੰ ਅਨੁਭਵਗਣ ਪ੍ਰਮਾਣਿਕਤਾ ਵਿਚ ਸੰਯੁਕਤ ਕਰਕੇ ਸਮਾਜ ਮੁਖਤਾ ਦੇ ਲਚਕੀਲੇ ਤੇ ਵਿਸ਼ਾਲ ਚੌਖਟੇ ਵਿਚ ਫੈਲਣ-ਵਿਗਸਣ ਦਾ ਮੌਕਾ ਦਿੱਤਾ। ਉਨਾਂ, ਨੇ ਇਸ ਕਵਿਤਾ ਨੂੰ ਨਵਾਂ ਅਰਥ-ਵਿਸਤਾਰ ਦੇ ਕੇ ਯਥਾਰਥ ਦੀ ਗਤੀਸ਼ੀਲ ਪ੍ਰਕਿਰਿਆ ਨਾਲ ਪੂਰੀ ਤਰ੍ਹਾਂ ਨਾਤਾਬੱਧ ਕਰ ਦਿੱਤਾ। ਨਿਰੰਜਨ ਸਿੰਘ ਨੂਰ ਇਕ ਅਜਿਹਾ ਹੀ ਕਵੀ ਹੈ, ਜਿਸ ਨੇ ਪ੍ਰਗਤੀਸ਼ੀਲਤਾ ਦੇ ਰਚਨਾ-ਸੂਤਰਾਂ ਨੂੰ ਰੂੜੀਗਤ ਅਰਥਾਂ ਵਿਚ ਗ੍ਰਹਿਣ ਕਰਕੇ ਜੀਵਨ ਦੇ ਨਿਰੋਲ ਆਦਰਸ਼ਕ ਤੇ ਸਤੱਈ ਪ੍ਰਤਿਮਾਨ ਚਿਤਰ ਸਿਰਜਨ ਦੀ ਥਾਂ ਵਿਸ਼ਾਲ ਮਾਨਵੀ ਧਰਾਤਲ ਉਤੇ ਜ਼ਿੰਦਗੀ ਦੇ ਗੁੰਮ ਹੋ ਚੁੱਕੇ ਅਰਥਾਂ ਨੂੰ ਬਿਨਾਂ ਦੇਸ਼, ਕਾਲ, ਰੰਗ, ਨਸਲ ਅਤੇ ਸਥਾਨ ਦਾ ਭਿੰਨ-ਭੇਦ ਕੀਤਿਆਂ ਪੁਨਰ-ਸਥਾਪਨ ਕਰਨ ਦਾ ਇਤਿਹਾਸਕ ਕਾਰਜ ਕੀਤਾ। ਅਰਥਾਂ ਦੀ ਇਸ ਪੁਨਰ-ਸਥਾਪਨ ਕਰਨ ਦਾ ਇਤਿਹਾਸਕ ਕਾਰਜ ਕੀਤਾ। ਅਰਥਾਂ ਦੀ ਇਸ ਪੁਨਰ-ਸਥਾਪਤੀ ਦਾ ਕਾਰਜ ਕਿਸੇ ਵਕਤੀ ਤੱਤਕਾਲੀ ਲਹਿਰ, ਕੱਟੜ ਵਿਚਾਰਧਾਰਕ ਆਵੇਸ਼ ਜਾਂ ਕਿਸੇ ਆਂਤਰਿਕ ਮਨੋ ਤਰੰਗ ਦਾ ਫਲ ਨਹੀਂ ਸੀ ਸਗੋਂ ਇਹ ਉਸ ਦੀ ਮਾਨਵੀ

ਜੀਵਨ ਨਾਲ ਡੂੰਘੀ ਤੇ ਅਮੁੱਕ ਸਾਂਝ ਦਾ ਨਤੀਜਾ ਸੀ। ਅਨੁਭਵਗਤ ਪੱਧਰ 'ਤੇ ਲੋਕ ਜੀਵਨ ਨਾਲ ਸਥਾਪਿਤ ਹੋਈ ਨਿਕਟੀ ਸਾਂਝ ਪਿਛੋਂ ਹੀ ਜੋ ਘਟਨਾਵਾਂ ਤੇ ਵਰਤਾਰੇ ਮਾਨਵ-ਵਿਰੋਧੀ ਬਣ ਕੇ ਉਸ ਦੇ ਸਾਹਮਣੇ ਆਏ, ਉਹ ਉਸ ਦੀ ਰਚਨਾ ਦੇ ਸਦੀਵੀ ਤੇ ਮੂਲ ਪ੍ਰੇਰਨਾ ਸ੍ਰੋਤ ਬਣ ਗਏ। ਉਸ ਦੀ ਰਚਨਾ-ਦ੍ਰਿਸ਼ਟੀ ਨੇ ਮਾਰਕਸਵਾਦੀ ਵਿਚਾਰਧਾਰਾ ਤੋਂ ਇਨਾਂ, ਘਟਨਾਵਾਂ ਤੇ ਵਰਤਾਰਿਆਂ ਨੂੰ ਸਮਝਣ ਅਤੇ ਵਿਗਿਆਨਕ ਵਿਸ਼ਲੇਸ਼ਣ ਕਰਨ ਲਈ ਪ੍ਰੇਰਨਾ ਤੇ ਅਗਵਾਈ ਜ਼ਰੂਰ ਲਈ ਪਰ ਉਸ ਦੀ ਤੀਖਣ ਨਜ਼ਰ ਵਿਚਾਰਧਾਰਾ-ਵਿਸ਼ੇਸ਼ ਤੋਂ ਪਾਰ ਝਾਕਣ ਦੇ ਵੀ ਸਮੱਰਥ ਸੀ। ਨੂਰ ਦੀ ਪ੍ਰਗਤੀਵਾਦੀ ਸੁਰ ਜੇ ਨਿਰੰਤਰ ਲਗਪਗ ਚਾਰ ਕੁ ਦਹਾਕਿਆਂ ਤੱਕ ਗੂੰਜਦੀ ਹੋਈ ਆਪਣੀ ਨਿਵੇਕਲੀ ਹੋਂਦ, ਇਤਿਹਾਸਕ ਪ੍ਰਸੰਗਤਾ ਤੇ ਸਾਰਥਕਤਾ ਬਣਾਈ ਰੱਖਦੀ ਹੈ ਤਾਂ ਇਸ ਦਾ ਵਿਵੇਕ ਉਸ ਦੀ ਰਚਨਾ ਦੇ ਵਿਚਾਰਧਾਰਾ ਨਾਲ ਅੰਤਰ-ਸੰਬੰਧਾਂ ਅਤੇ ਮੂਲ-ਪ੍ਰੇਰਨਾ ਸ੍ਰੋਤਾਂ ਵਿਚੋਂ ਤਲਾਸ਼ਿਆ ਜਾ ਸਕਦਾ ਹੈ। ਉਸ ਦਾ ਕਥਨ ਹੈ—

"ਮੇਰੀ ਕਵਿਤਾ ਦਾ ਸੰਬੰਧ ਪਹਿਲੋਂ ਮਿਥੀ ਚੇਤਨਾ ਨਾਲ ਨਹੀਂ, ਪ੍ਰੇਰਣ-ਸ੍ਰੋਤਾਂ ਨਾਲ ਹੈ।

(ਨੂਰ ਦਾ ਵਣਜਾਰਾ, ਪੰਨਾ 47)

ਆਪਣੀ ਰਚਨਾ ਦੇ ਮੂਲ-ਪ੍ਰੇਰਨਾ ਸ੍ਰੋਤ ਉਹ ਤਿੰਨ ਮੰਨਦਾ ਹੈ-

ੳ) 1947 ਦੀਆਂ ਦੇਸ਼-ਵੰਡ ਨਾਲ ਸੰਬੰਧਿਤ ਅੱਖੀਂ ਡਿੱਠੀਆਂ ਘਟਨਾਵਾਂ

ਅ) 1950 ਵਿਆਂ ਵਿਚ ਦੂਜੀ ਵਿਸ਼ਵ ਜੰਗ ਤੋਂ ਬਾਅਦ ਦਾ ਮਾਹੌਲ

ੲ) ਇੰਗਲੈਂਡ ਵਿਚਲਾ ਨਸਲਵਾਦ ਦਾ ਅਨੁਭਵ

(ਨੂਰ ਦਾ ਵਣਜਾਰਾ, ਪੰਨਾ 47-48)

ਜਦੋਂ ਨੂਰ ਕਹਿੰਦਾ ਹੈ ਕਿ 'ਮੇਰੀ ਕਵਿਤਾ ਦਾ ਸੰਬੰਧ ਪਹਿਲਾਂ ਮਿਥੀ ਕਿਸੇ ਚੇਤਨਾ ਨਾਲ ਨਹੀਂ, ਪ੍ਰੇਰਣਾ-ਸ੍ਰੋਤਾਂ ਨਾਲ ਹੈ' ਤਾਂ ਇਸ ਦਾ ਭਾਵ ਇਹ ਹੈ ਕਿ ਉਹ ਕਵਿਤਾ ਨੂੰ ਵਿਚਾਰਧਾਰਕ ਸ੍ਰੋਤਾਂ ਤੋਂ ਵੱਧ ਕੇ, ਅਨੁਭਵਗਤ ਸ੍ਰੋਤਾਂ ਨਾਲ ਜੋੜਦਾ ਹੈ। ਵਿਚਾਰਧਾਰਕ ਚੇਤਨਾ ਨਾਲੋਂ ਅਨੁਭਵਗਤ ਸ੍ਰੋਤਾਂ ਉਤੇ ਵੱਧ ਟੇਕ ਰੱਖਣ ਕਾਰਨ ਹੀ ਨੂਰ ਦਾ ਕਾਵਿ-ਸਿਧਾਂਤ ਵਿਅਕਤੀਗਤ ਦੁੱਖ ਪੀੜਾ ਨੂੰ ਸਮੂਹਕ ਸਮਾਜਿਕ ਸਰੋਕਾਰਾਂ ਨਾਲ ਕੁਝ ਇਸ ਤਰ੍ਹਾਂ ਜੋੜ ਦਿੰਦਾ ਹੈ ਕਿ ਮਾਨਵ-ਮੁਕਤੀ ਦਾ ਸੰਕਲਪ ਆਪਣੇ ਆਪ ਹੀ ਉਦੈ ਹੋਣ ਲੱਗਦਾ ਹੈ ਅਤੇ ਇਹ ਮੁਕਤੀ ਦਾ ਸੰਕਲਪ ਵਸਤੂ-ਸਥਿਤੀ ਦਾ ਇਕ ਅਨਿਵਾਰੀ ਤੇ ਕੁਦਰਤਨ ਪਰਿਣਾਮ ਬਣਕੇ ਹੀ ਉਜਾਗਰ ਹੁੰਦਾ ਹੈ। ਉਸ ਦੀ ਰਚਨਾ ਦੀ ਅਜਿਹੀ ਪਾਠਗਤ ਕਾਰਜਸ਼ੀਲਤਾ 'ਕਵਿਤਾ ਤੁਰਦੀ ਹੈ।' (ਸੰਪੂਰਨ-ਕਾਵਿ-ਰਚਨਾਵਲੀ, 1998) ਪੁਸਤਕ ਦੇ ਇਕਾਗਰ ਤੇ ਬੱਝਵੇਂ ਪਾਠ ਵਿਚੋਂ ਸੁਭਾਵਿਕ ਹੀ ਉਭਰ ਆਉਂਦੀ ਹੈ। ਆਰੰਭਲੀ ਕਵਿਤਾ ਵਿਚ ਭਾਵਨਾਤਮਕ ਪੱਧਰ 'ਤੇ ਸਮੂਹਕ ਮਾਨਵੀ ਪੀੜਾ ਤੇ ਸੰਤਾਪ ਦੀ ਗੱਲ ਬਹੁਤ ਜ਼ੋਰਦਾਰ ਹੈ ਅਤੇ ਕਵੀ ਵਾਰ-ਵਾਰ ਅਜਿਹੀ ਮਨਇੱਛਤ ਵਸਤੂ-ਸਥਿਤੀ ਦੀ ਕਲਪਨਾ ਕਰਦਾ ਹੈ ਜਿਸ ਵਿਚ ਕੋਈ ਵੀ ਅਮਾਨਵੀ ਤੇ ਲੋਕ-ਵਿਰੋਧੀ ਗੱਲ ਨਹੀਂ ਹੋਣੀ ਚਾਹੀਦੀ। ਕਵਿਤਾ ਜ਼ਿੰਦਗੀ ਨਾਲ ਇਕਮਿਕਤਾ ਵਾਲਾ ਰਿਸ਼ਤਾ ਸਥਾਪਿਤ ਕਰਦੀ ਹੋਈ ਵਿਆਪਕ ਯਥਾਰਥ ਨੂੰ ਹੀ ਆਪਣਾ ਕਾਵਿ-ਸੋਮਾ ਮਿਲਦੀ ਹੈ। ਉਸ ਦੇ ਪਹਿਲੇ ਕਾਵਿ-ਸੰਗ੍ਰਹਿ (ਮੁਕਤੀ, 1963), ਵਿਚ ਸ਼ਾਮਲ 'ਮੁਕਤੀ', 'ਐ ਕਲਾਕਾਰੋ', 'ਅਮਨ', 'ਮੈਂ', 'ਮੇਰਾ ਇਸ਼ਕ ਹਯਾਤੀ ਨਾਲ' ਆਦਿ ਕਵਿਤਾਵਾਂ ਵਿਚ ਅਜਿਹਾ ਕਾਵਿ-ਸੰਕਲਪ ਵਾਰ-ਵਾਰ ਉਜਾਗਰ ਹੋਇਆ ਹੈ। ਇਸ ਕਵਿਤਾ ਵਿਚ ਭਾਵਨਾਵਾਂ ਦਾ ਵਹਾਅ ਤੀਖਣ ਹੈ ਅਤੇ ਹੋਰ ਭਰਪੂਰ ਜਜ਼ਬੇ ਫੁੱਟ-ਫੁੱਟ ਕੇ ਬਾਹਰ ਨਿਕਲਦੇ ਹਨ। ਕਲਾ, ਕਵਿਤਾ, ਜ਼ਿੰਦਗੀ, ਮੁਕਤੀ, ਬਗਾਵਤ ਆਦਿ ਸ਼ਬਦਾਂ ਨੂੰ ਸੰਕਲਪਗਤ ਰੂਪ ਵਿਚ ਪਰਿਭਾਸ਼ਤ ਕਰਦਾ ਹੋਇਆ ਕਵੀ ਕਾਵਿ ਦੀ ਵਿਰਾਟ ਭੂਮਿਕਾ ਨੂੰ ਇਸ ਤਰ੍ਹਾਂ ਮਿਥਦਾ ਹੈ-

ੳ) ਕਲਾ ਕੀ ਹੈ? ਜ਼ਿੰਦਗੀ ਦੇ ਦੀਦਿਆਂ ਦਾ ਨੂਰ ਹੈ
ਕਲਾ ਜਲਵਾ, ਕਵੀ ਮੂਸਾ, ਜ਼ਿੰਦਗੀ ਕੋਹ-ਤੂਰ ਹੈ।

(ਕਵਿਤਾ ਤੁਰਦੀ ਹੈ, ਪੰਨਾ 33)

ਅ) ਯਾਰ ਦੀ ਪੀੜੋਂ ਵਡੇਰੀ, ਪੀੜ ਹੈ ਸੰਸਾਰ ਦੀ।
ਫੁੱਲ ਦੀ ਪੀੜੋਂ ਵਡੇਰੀ, ਪੀੜ ਹੈ ਗੁਲਜ਼ਾਰ ਦੀ।



(ਉਹੀ, ਪੰਨਾ 97)

ੲ) ਮੈਂ ਤਾਂ ਬਾਗੀ ਬਗਾਵਤ ਸਿਰਜਦਾ ਹਾਂ
ਹਾਂ ਪਤਾਲਾਂ ਨੂੰ ਗਗਨ ਤੇ ਦੇਖਦਾ ਹਾਂ,
ਕੂੜ ਦੀ ਅਰਥੀ ਅਗਨ ਤੇ ਵੇਖਦਾ ਹਾਂ
ਸੱਚ ਦਾ ਡੋਲਾ ਸ਼ਗਨ ਤੇ ਵੇਖਦਾ ਹਾਂ

(ਉਹੀ, ਪੰਨਾ 34)

ਇਸ ਸੰਗ੍ਰਿਹ ਵਿਚੋਂ ਮੁਕਤੀ, ਰੋਹ, ਸੰਘਰਸ਼ ਤੇ ਬਗਾਵਤ ਦੀ ਭਾਵਨਾ ਦਾ ਜੋ ਤਸੱਵੁਰ ਹਾਸਿਲ ਹੁੰਦਾ ਹੈ, ਉਸ ਦੇ ਪਿਛੋਕੜ ਵਿਚ ਪ੍ਰਗਤੀਵਾਦੀ ਸੁਧਾਰਕ ਆਸ਼ੇ ਦੇ ਅਨੁਕੂਲ ਹਾਲਤ ਸਮਾਜਿਕ ਕਦਰਾਂ-ਕੀਮਤਾਂ ਤੇ ਕੁਰੀਤੀਆਂ ਦਾ ਵਿਰੋਧ, ਸੰਸਾਰ ਅਮਨ, ਕਿਰਤੀਆਂ-ਮਜਦੂਰਾਂ ਦੇ ਹੱਕਾਂ ਦੀ ਰਾਖੀ ਦਾ ਸੰਕਲਪ, ਸਰਬ ਸਾਂਝੀਵਾਲਤਾ, ਇਨਸਾਨੀਅਤ, ਸਭਿਅਤਾ ਦਾ ਨਿਘਾਰ ਆਦਿ ਸਰੋਕਾਰਾਂ ਦੀ ਕਾਰਜਸ਼ੀਲਤਾ ਵੇਖੀ ਜਾ ਸਕਦੀ ਹੈ ਪ੍ਰੰਤੂ ਇਨਾਂ, ਨਾਲ ਜੁੜੇ ਬਿੰਬ-ਵੇਰਵੇ ਉਸ ਠੋਸ ਯਥਾਰਥ ਭੂਮੀ ਦੀ ਤਲਾਸ਼ ਕਰਦੇ ਜਾਪਦੇ ਹਨ ਜਿਸ ਤੋਂ ਇਹ ਆਪਣਾ ਵਸਤੂ-ਵਿਵੇਕ ਪ੍ਰਮਾਣਿਕ ਰੂਪ ਵਿਚ ਗ੍ਰਹਿਣ ਕਰ ਸਕਣ। ਅਜਿਹਾ ਤਾਂ ਹੀ ਸੰਭਵ ਹੈ ਜੇ ਕਵੀ ਦੀ ਸਮਕਾਲੀਨ-ਚੇਤਨਾ ਇਤਿਹਾਸ-ਚੇਤਨਾ ਵਿਚ ਸੰਯੁਕਤ ਹੋ ਕੇ ਵਾਸਤਵਿਕ ਜੀਵਨ ਵਿਚ ਫੈਲੇ ਕੁਹਜ ਦੇ ਗੰਦ ਨੂੰ ਹੀ ਨਾ ਫੜ੍ਹੇ ਸਗੋਂ ਇਸ ਯਥਾਰਥ ਪ੍ਰਕਿਰਿਆ ਪਿੱਛੇ ਕਾਰਜਸ਼ੀਲ ਮੂਲ ਵਰਤਾਰਿਆਂ, ਸਾਜਿਸ਼ਾਂ, ਤਿਕੜਮਬਾਜ਼ੀਆਂ, ਬਸਤੀਵਾਦੀ ਸਮਾਰਾਜਵਾਦੀ ਨੀਤੀਆਂ ਆਦਿ ਦੇ ਸਾਰ ਨੂੰ ਵੀ ਰਚਨਾਤਮਿਕ ਤਰਕ ਸਿਧੀ ਪ੍ਰਦਾਨ ਕਰੇ। ਕਾਵਿ ਕਾਰੀ ਦਾ ਅਜਿਹਾ ਮਹੱਤਵਪੂਰਨ ਕਿਰਿਆ ਕਲਾਪ ਵਿਰਲੇ ਕਵੀਆਂ ਦੇ ਹੀ ਹਿੱਸੇ ਆਇਆ ਹੈ ਅਤੇ ਨਿਰੰਜਨ ਸਿੰਘ ਨੂਰ ਦੀ ਅਗਲੇ ਦੌਰ ਦੀ ਕਵਿਤਾ ਇਸ ਦਿਸ਼ਾ ਵੱਲ ਵਿਸ਼ੇਸ਼ ਤੌਰ ਤੇ ਕਿਰਿਆਸ਼ੀਲ ਹੁੰਦੀ ਹੈ। ਉਸ ਕਵਿਤਾ ਵਿਚ ਮਨੁੱਖੀ ਕਲਿਆਣ ਤੇ ਮਨੁੱਖੀ ਵਿਕਾਸ ਦਾ ਪ੍ਰਗਤੀਸ਼ੀਲ ਆਦਰਸ਼ ਵਿਆਪਕ ਰੂਪ ਵਿਚ ਸੰਸਾਰ ਭਰ ਵਿਚ ਚੱਲ ਰਹੇ ਮੁਕਤੀ-ਘੋਲਾਂ ਤੇ ਲੋਕ-ਸੰਘਰਸ਼ਾਂ ਵਿਚੋਂ ਆਪਣਾ ਅਰਥ-ਵਿਵੇਕ ਭਾਲਦਾ ਹੈ ਜਿਸ ਕਾਰਨ ਮੂਲ ਮਾਨਵੀ ਸੁਪਨੇ ਦੇ ਅਕਾਂਖਿਆਮਈ ਗੌਰਵ ਨੂੰ ਬਹਾਲ ਕਰਰਨ ਲਈ ਜੂਝ ਰਹੀ ਸਾਰੀ ਲੋਕਾਈ ਇਕ ਹੀ ਮਾਨਵੀ ਧਰਾਤਲ ਉਤੇ ਵਿਚਰਦੀ ਮਹਿਸੂਸ ਹੁੰਦੀ ਹੈ। ਨੂਰ-ਕਾਵਿ ਅੰਦਰ ਕਾਰਜਸ਼ੀਲ ਇਸ ਮੁਲਵਾਨ ਪ੍ਰਵਿਰਤੀ ਦਾ ਆਰੰਭ ਨੂਰ ਦਾ ਜਾਮ (ਕਾਵਿ ਸੰਗ੍ਰਿਹ), 1971) ਨਾਲ ਹੁੰਦਾ ਹੈ ਪਰ ਇਸ ਦਾ ਉਚਤਮ ਕਾਵਿ-ਅਭਿਵਿਅੰਜਨ ਹੋ ਚੀ ਮਿਨ (ਮਹਾਂ ਕਾਵਿ, 1974) ਅਤੇ 'ਹੜੱਪਾ ਤੋਂ ਹੀਰੋਸ਼ੀਮਾ ਵੱਲ' (ਲੰਮੀ ਕਵਿਤਾ, 1991) ਦੇ ਰੂਪ ਵਿਚ ਸਾਹਮਣੇ ਆਉਂਦਾ ਹੈ। 'ਨੂਰ ਦਾ ਜਾਮ' ਵਿਚ ਉਸ ਦੇ ਕਾਵਿ-ਸਰੋਕਾਰ ਸਾਮਰਾਜਵਾਦ ਦੀ ਮਾਰੂ ਕਾਰਜਸ਼ੀਲਤਾ, ਪੂੰਜੀਵਾਦ ਦੀ ਅਖੌਤੀ ਸੁਤੰਤਰਤਾ ਅਤੇ ਪਰਵਾਸ ਧਾਰਨ ਕਰਨ ਦੀ ਮਜਬੂਰੀ ਨੂੰ ਕਵਿ-ਨਿਆਇ ਵਿਚ ਢਾਲ ਕੇ ਸੰਘਣੇ ਤੇ ਤਾਜ਼ੇ ਕਾਵਿ-ਬਿੰਬ ਦੇ ਰੂਪ ਵਿਚ ਉਭਾਰਦੇ ਹਨ, 'ਸੁਤੰਤਰ ਦੁਨੀਆਂ' 'ਅੱਜ ਦੀ ਲੜਾਈ', 'ਮੁਜਰਿਮ' ਤੇ 'ਹਾਤੋ ਰਾਸ਼ੇ' ਆਦਿ ਕਵਿਤਾਵਾਂ ਦੇ ਪਾਠ ਵਿਚੋਂ ਅਜਿਹੇ ਕਾਵਿਕ ਵਤੀਰੇ ਦੇ ਉਤਕ੍ਰਿਸ਼ਟ ਪ੍ਰਮਾਣ ਹਾਸਿਲ ਹੁੰਦੇ ਹਨ। ਇਕ ਪਾਸੇ ਕਵੀ ਸਾਮਰਾਜਵਾਦ/ ਪੂੰਜੀਵਾਦੀ ਦੇ ਅਸਲੀ ਕੁਰੂਪ ਚਿਹਰੇ ਨੂੰ ਬਹੁਤ ਸਪੱਸ਼ਟ ਤੇ ਕਾਰਗਰ ਰੂਪ ਵਿਚ ਨਿਹਾਰਦਾ ਹੈ ਅਤੇ ਦੂਸਰੇ ਪਾਸੇ ਉਸ ਦੀ ਪਰਵਾਸ-ਚੇਤਨਾ ਯਥਾਰਥ ਦੀ ਇਤਿਹਾਸਕ ਸਥਿਤੀ ਵਿਚ ਪਰਵਾਸ ਧਾਰਨ ਕਰਨ ਦੀ ਅਨਿਵਾਰੀ ਚੋਣ/ਹੋਣੀ (Complusory Choice) ਦੇ ਰੂਪ ਵਿਚ ਆਪਣਾ ਰਚਨਾਤਮਿਕ ਤਰਕ ਖੜ੍ਹਾ ਕਰਦੀ ਹੈ। ਅਜਿਹੇ ਵੇਲੇ ਕਵੀ ਦੀ ਵਿਅੰਗ ਦ੍ਰਿਸ਼ਟੀ ਬਹੁਤ ਸੂਖਮ ਤੇ ਕਾਟਵੇਂ ਰੂਪ ਵਿਚ ਕਿਰਿਆਸ਼ੀਲ ਹੁੰਦੀ ਹੈ। ਵਲਾਇਤ ਆਉਣ ਤੋਂ ਬਾਅਦ ਇਹ ਨੂਰ ਦਾ ਹੱਡੀ ਹੰਢਾਇਆ ਅਨੁਭਵ ਸੀ ਅਤੇ ਇਸੇ ਕਰਕੇ ਇਸ ਦਾ ਕਾਵਿ-ਪ੍ਰਗਟਾਵਾ ਬਹੁਤ ਸਹਿਜ, ਸੁਭਾਵਿਕ, ਨਿਰਉਚੇਚ ਤੇ ਪ੍ਰਮਾਣਿਕ ਰੂਪ ਵਿਚ ਸਾਹਮਣੇ ਆਉਂਦਾ ਹੈ। ਸਾਮਰਾਜਵਾਦ/ ਬਸਤੀਵਾਦ ਦੀ ਲੋਟੂ ਤਸਵੀਰ ਦਾ ਬਿਆਨ 'ਟੇਮਜ਼ ਦੇ ਕੰਢੇ' ਕਵਿਤਾ ਵਿਚ ਉਹ ਇੰਜ ਕਰਦਾ ਹੈ-

ਪਰ ਜਦੋਂ, ਚੰਨ ਵਾਂਗ,
ਤੈਨੂੰ ਕੋਲ ਹੋ ਕੇ ਵੇਖਿਆ

ਇਹ ਪਤਾ ਲੱਗਾ-
ਕਿ ਆਪਣਾ ਕੁਝ ਵੀ ਨਹੀਂ।
ਇਹ ਮੜਕ ਪੰਜਾਬ ਦੀ,
ਜਾਦੂ ਨਿਰਾ ਬੰਗਾਲ ਦਾ
ਤੇਰੇ ਨੈਣਾਂ ਵਿਚ ਹੈ
ਕਸ਼ਮੀਰੀ ਕੇਸਰ ਦੀ ਸ਼ਰਾਬ।
ਏਸ਼ੀਆ, ਅਫਰੀਕਾ.
ਦੋਵੇਂ ਤੇਰੀ ਗੱਲ੍ਹਾਂ ਦੇ ਗੁਲਾਬ

ਪਰਵਾਸ ਧਾਰਨ ਕਰਨ ਤੋਂ ਪਹਿਲਾਂ ਹਰ ਵਿਅਕਤੀ ਦੇ ਮਨ ਵਿਚ 'ਅੰਗਰੇਜੀ ਐਸ਼' ਦੇ ਸੁਪਨਈ ਬਿੰਬ ਦਾ ਇਕ ਹੁਸੀਨ ਤਸੱਵੁਰ ਵੱਸਿਆ ਹੁੰਦਾ ਹੈ। ਜਦੋਂ ਵਾਸਤਵਿਕ ਸਥਿਤੀ ਦੇ ਕਰੂਰ ਯਥਾਰਥ ਨਾਲ ਵਾਹ ਪੈਂਦਾ ਹੈ ਤਾਂ 'ਅੰਗਰੇਜ਼ੀ ਐਸ਼' ਦੀ ਮਿਥ ਹੀ ਨਹੀਂ ਟੁੱਟਦੀ ਸਗੋਂ ਮਾਨਸਿਕਤਾ ਵਿਚ ਇਕ ਅਜੀਬ ਪ੍ਰਕਾਰ ਦੀ ਹੀਣ-ਭਾਵਨਾ ਵੀ ਘਰ ਕਰ ਜਾਂਦੀ ਹੈ-

ਅਸੀਂ ਹਾਂ ਰਾਸ਼ੇ
ਸੈ ਦੇਸ਼ਾਂ ਦੀਆਂ ਕੰਧਾਂ ਟੱਪ ਕੇ
ਕੰਧਾਂ ਕਰਨ ਲਈ ਆਏ।
ਅਸੀਂ ਹਾਂ ਹਾਤੋ,
ਸੁਰਗਾਂ ਵਿਚੋਂ
ਨਰਕ ਦੀ ਅੱਗ ਲਈ
ਲੱਕੜਾਂ ਪਾੜਨ ਆਏ।
ਹਿੱਕ ਤੇ ਮਜਬੂਰੀ ਦਾ
ਪੱਥਰ ਰੱਖ ਕੇ
ਕੂੜਾ ਹੂੰਝਣ ਆਏ
ਸਾਡੇ ਕਰਮਾਂ ਵਿਚ ਲਿਖੀ ਹੈ,
ਅੰਗਰੇਜ਼ੀ ਦੀ ਐਸ਼।

(ਕਵਿਤਾ ਤੁਰਦੀ ਹੈ, ਪੰਨਾ 148)

ਜਿਸ ਵਸਤੂ-ਧਰਾਤਲ ਉਤੇ ਨੂਰ ਦਾ ਜਾਮ ਸੰਗ੍ਰਿਹ ਦਾ ਕਾਵਿ-ਵਕਤਾ ਦੇ ਰੂਪ ਵਿਚ ਉਭਰਦਾ ਹੈ ਜਿਸ ਵਿਚ ਉਸ ਦਾ ਕਾਵਿ-ਫੋਕਸ ਵਿਸ਼ਵ ਦੇ ਰਾਜਨੀਤਕ ਸਮਾਜਿਕ ਮੰਚ ਉਤੇ ਲੜੇ ਜਾ ਰਹੇ ਲੋਕ ਮੁਕਤੀ ਦੇ ਘੋਲਾਂ ਅਤੇ ਇਸ ਨਾਲ ਜੁੜੇ ਅੰਤਰ ਰਾਸ਼ਟਰੀ ਸਰੋਕਾਰਾਂ ਨੂੰ ਬਹੁਤ ਸੂਖਮ ਰੂਪ ਵਿਚ ਆਪਣੇ ਦ੍ਰਿਸ਼ਟੀ-ਕੇਂਦਰ ਹੇਠ ਲਿਆਉਂਦਾ ਹੈ। ਸਰਮਾਏਦਾਰੀ, ਪੂੰਜੀਵਾਦੀ, ਬਸਤੀਵਾਦੀ ਅਤੇ ਸਾਮਰਾਜਵਾਦੀ ਤਾਕਤਾਂ ਵਲੋਂ ਮਨੁੱਖਤਾ ਦੇ ਕੀਤੇ ਜਾਂਦੇ ਦਮਨ ਤੇ ਜ਼ੁਲਮ ਦੇ ਵਿਕੋਲਿਤਰੇ ਵੇਰਵੇ ਤਾਂ ਪਹਿਲੀ ਕਵਿਤਾ ਵਿਚੋਂ ਵੀ ਪ੍ਰਾਪਤ ਹੁੰਦੇ ਹਨ, ਪਰ ਹੋ ਚੀ ਮਿਨ, ਵਿਚ ਕਵੀ ਦੀ ਕਾਵਿ-ਚੇਤਨਾ ਸਾਮਾਨਯ ਸਮਾਜਿਕ ਚੇਤਨਾ ਤੋਂ ਸਰਕ ਕੇ ਇਕਦਮ ਵਿਸ਼ਵ-ਚੇਤਨਾ ਅਤੇ ਸਰਬ ਸਾਂਝੀ ਵਾਲਤਾ ਦੇ ਮੂਲ ਰਚਨਾ-ਸੂਤਰਾਂ ਉੱਤੇ ਉਸਰਨੀ ਸ਼ੁਰੂ ਹੋ ਜਾਂਦੀ ਹੈ। ਇਨਾਂ ਦੋ ਬੁਨਿਆਦੀ ਮਾਨਵੀ ਸਰੋਕਾਰਾਂ ਦੀ ਇਸ ਮਹਾਂਕਵਿ ਵਿਚ ਏਨੀ ਇਕਾਗਰਚਿਤ ਸਾਧਨਾ ਦ੍ਰਿਸ਼ਟੀ ਗੋਚਰ ਹੁੰਦੀ ਹੈ ਕਿ ਹੋ ਚੀ ਮਿਨ, ਵੀਅਤਨਾਮ ਦਾ ਲੋਕ-ਨਾਇਕ ਨਾ ਰਹਿ ਕੇ ਦਮਨ ਤੇ ਜਬਰ-ਜੁਲਮ ਦਾ ਸ਼ਿਕਾਰ ਪੂਰੀ ਮਾਨਵਤਾ ਦਾ ਮਸੀਹੀ-ਚਿੰਨ ਅਖਤਿਆਰ ਕਰ ਜਾਂਦਾ ਹੈ। ਇਤਿਹਾਸ ਤੇ ਮਿਥਿਹਾਸ ਨਾਲ ਜੁੜੇ ਬਿੰਬ-ਵੇਰਵਿਆਂ ਨੂੰ ਜਿਸ ਪ੍ਰਕਾਰ ਗਤੀਸ਼ੀਲ ਚਰਿੱਤਰ ਵਿਚ ਢਾਲ ਕੇ ਸਮਾਜਵਾਦੀ/ਪ੍ਰਗਤੀਵਾਦੀ ਭਾਵਨਾ ਦੇ ਸੰਚਰਨ ਦਾ ਮਾਧਿਅਮ ਬਣਾਇਆ ਗਿਆ ਹੈ ਅਤੇ ਜਿਸ ਤਰ੍ਹਾਂ ਹੋ ਦੀ ਮਿਨ. ਦੀ ਸ਼ਖਸ਼ੀਅਤ-ਉਸਾਰੀ ਠੋਸ ਜ਼ਮੀਨੀ ਅਧਾਰਾਂ ਤੇ ਕੀਤੀ ਗਈ ਹੈ, ਉਹ ਇਸ ਰਚਨਾ ਦਾ ਵਿਸ਼ੇਸ਼ ਹਾਸਲ ਹੋ ਨਿਬੜਦਾ ਹੈ। ਨੂਰ ਨੇ ਆਮ ਪ੍ਰਗਤੀਵਾਦੀ ਕਵੀਆਂ ਵਾਂਗ ਮਿਥਿਹਾਸ ਪ੍ਰਤਿ



ਸਨਕੀ ਵਤੀਰਾ ਨਹੀਂ ਧਾਰਨ ਕੀਤਾ ਸਗੋਂ ਉਸ ਨੇ ਮਿਥਿਹਾਸ 'ਚੋਂ ਇਤਿਹਾਸ -ਚੇਤਨਾ ਸਾਕਾਰ ਕਰਕੇ ਪ੍ਰੰਪਰਾ ਤੇ ਪ੍ਰਗਤੀ ਦੇ ਆਦਰਸ਼ ਸੂਤਰਾਂ ਨੂੰ ਇਸ ਮਹਾਂਕਾਵਿ ਦੀ ਰੂਹ ਵਿਚ ਭਰ ਦਿੱਤਾ ਹੈ। ਉਸ ਦੀ ਸਪੱਸ਼ਟ ਧਾਰਨਾ ਹੈ-

ਮਿਥਿਹਾਸ ਮਹਾਂਕਾਵਿ ਦੀ ਰੂਹ ਦੇ ਸਮਾਨ ਹੈ। ਪਰ ਅੱਜ ਦਾ ਕਵੀ ਮਿਥਿਹਾਸ ਨੂੰ ਨਵੇਂ ਅਰਥ ਪ੍ਰਦਾਨ ਕਰਦਾ ਹੈ। ਮਿਥਿਹਾਸ ਨੂੰ ਸਮਾਜਵਾਦੀ ਖਿਆਲ ਤੇ ਅਮਲ ਪ੍ਰਗਟਾਉਣ ਲਈ ਵਰਤਦਾ ਹੈ। ਪ੍ਰਗਤੀਵਾਦ ਸੰਸਾਰ ਸਾਹਿਤ ਦਾ ਮਹਾਨ ਵਿਸ਼ਾ ਹੈ। ਪਰੰਪਰਾ ਅਤੇ ਪ੍ਰਗਤੀ ਜੀਵਨ ਦੇ ਸਾਂਝੇ ਪੱਖ ਹਨ।

(ਕਵਿਤਾ ਤੁਰਦੀ ਹੈ, ਪੰਨਾ 186)

ਨਿਰੰਜਨ ਸਿੰਘ ਨੂਰ ਨੇ ਹੋ ਚੀ ਮਿਨ, ਦੀ ਕ੍ਰਾਂਤੀਕਾਰੀ ਸੰਘਰਸ਼-ਭਾਵਨਾ ਅਤੇ ਉਸਦੇ ਪ੍ਰਭਾਵਸ਼ਾਲੀ ਨਾਇਕਤਵ ਦੀ ਉਸਾਰੀ ਹਿਤ ਭਾਰਤੀ ਮਿਥਿਹਾਸ, ਇਤਿਹਾਸ ਤੇ ਧਰਮ ਦੇ ਖੇਤਰ ਵਿਚੋਂ ਭਰਪੂਰ ਹਵਾਲੇ ਦੇ ਕੇ ਇਸ ਤਰ੍ਹਾਂ ਦਾ ਪ੍ਰਭਾਵ ਸਿਰਜ ਦਿੱਤਾ ਹੈ ਕਿ ਜਿਵੇਂ ਇਹ ਸੰਘਰਸ਼ ਪੰਜਾਬ ਦੀ ਧਰਤੀ ਉਤੇ ਪੰਜਾਬੀ ਲੋਕਾਂ ਦੁਆਰਾ ਹੀ ਲੜਿਆ ਜਾ ਰਿਹਾ ਹੋਵੇ। ਮਹਾਂਕਾਵਿ ਦੀ ਵਸਤੂ ਦੇ ਇਸ ਪੰਜਾਬੀਕਰਨ ਨੇ ਰਚਨਾ ਤੇ ਪਾਠਕ ਦਾ ਸੰਬੰਧ ਏਨਾ ਨਿਕਟੀ ਬਣਾ ਦਿੱਤਾ ਹੈ ਕਿ ਪੜ੍ਹਨ ਵਾਲਾ ਇਕੋ ਵੇਲੇ ਦੋ ਪਾਠਾਂ ਦਾ ਅਨੰਦ ਲੈਂਦਾ ਹੈ, ਇਕ ਵੀਅਤਨਾਮ ਦੇ ਇਤਿਹਾਸ ਦਾ ਅਤੇ ਦੂਸਰਾ ਪੰਜਾਬੀ ਇਤਿਹਾਸ ਦਾ। ਕਿਸੇ ਵਿਦੇਸ਼ੀ ਲੋਕ-ਨਾਇਕ ਨੂੰ ਕੇਂਦਰ ਵਿਚ ਰੱਖ ਕੇ ਇਸ ਪ੍ਰਕਾਰ ਦੇ ਮਹਾਂਕਾਵਿ ਦੀ ਸਿਰਜਨਾ ਕਰਨੀ ਪੰਜਾਬੀ ਕਵਿਤਾ ਵਿਚ ਆਪਣੀ ਹੀ ਤਰ੍ਹਾਂ ਦਾ ਇਕ ਤਜਰਬਾ ਸੀ, ਜਿਸ ਨੂੰ ਸ਼ਾਇਦ ਉਤਨਾ ਹੁੰਗਾਰਾ ਨਹੀਂ ਮਿਲਿਆ ਜਿਸ ਦੀ ਕਿ ਇਹ ਰਚਨਾ ਉਚਿਤ ਰੂਪ ਵਿਚ ਅਧਿਕਾਰੀ ਸੀ। ਇਸ ਦ੍ਰਿਸ਼ਟੀ ਤੋਂ ਕੁਝ ਕਾਵਿ-ਵੇਰਵਿਆਂ ਦਾ ਪਾਠ ਪ੍ਰਸੰਗਕ ਪ੍ਰਤੀਤ ਹੁੰਦਾ ਹੈ-

– 'ਹੋ' ਦੀ ਲਲਕਾਰ ਜਾਦੂਗਰੀ ਨੇ
  ਭਗਤ ਸਿੰਘ ਦੇ ਬੰਬ ਵਾਂਗੂ
  ਬੋਲਿਆਂ ਕੰਨਾ ਦੇ ਪਰਦੇ ਖੋਲ੍ਹ ਦਿੱਤੇ
— ਯਸੂ ਦਾ ਦਿਲ ਕੁਤਰਿਆ ਮਨੀ ਸਿੰਘ ਦੇ ਵਾਂਗ
— ਜਾ ਅਨੰਦਪੁਰ ਪਹੁੰਚਿਆ ਇਕ ਉਡਾਰੀ ਨਾਲ
— ਹੋ ਕੇ ਅੰਮ੍ਰਿਤ ਛਿੜਕਿਆ ਸਾਹੀਂ ਬੀਬੀ ਜਾਨ
— ਬੇਗਮਪੁਰੇ 'ਚੋਂ ਉਸਰੀ ਕੌਮੀ ਲਹਿਰ ਮਹਾਨ
— ਆਖਰ ਮੁਕਤੀ ਫੌਜ ਨੇ ਲਾਈ ਨਗਾਰੇ ਚੋਟ
— ਮਹਾਂਭਾਰਤ ਵਾਂਗਰਾ ਘਮਸਾਣ ਦਾ ਯੁੱਧ ਮਚਿਆ।
— ਜਿਉਂ ਸ਼ਿਵਜੀ ਦੇ ਮੱਥਿਓਂ ਗੰਗਾ ਵਹਿ ਤੁਰੀ
  ਪੀੜਾਂ ਮੱਲੀ ਰੂਹ 'ਚੋਂ ਕਵਿਤਾ ਫੁੱਟ ਪਈ

ਦਰਅਸਲ ਇਸ ਮਹਾਂਕਾਵਿ ਰਾਹੀਂ ਨੂਰ ਵਿਭਿੰਨ ਧਰਮਾਂ, ਇਤਿਹਾਸ ਤੇ ਮਿਥਿਹਾਸਾਂ ਦੇ ਵੇਰਵਿਆਂ ਦਾ ਪਰਸਪਰ ਡੂੰਘਾ ਆਂਤਰਿਕ ਸੰਬੰਧ ਸਥਾਪਿਤ ਕਰਕੇ ਲੋਕ-ਮੁਕਤੀ ਦੇ ਘੋਲ ਨੂੰ ਵਿਸ਼ਾਲ ਮਾਨਵੀ ਧਰਾਤਲ ਉਤੇ ਖੜ੍ਹੇ ਕਰਨ ਦਾ ਸੰਕਲਪ ਕਰਦਾ ਹੈ। ਇਸ ਘੋਲ ਵਿਚ ਗਿਆਨ, ਅਨੁਭਵ, ਅਮਲ, ਪ੍ਰੇਰਨਾ ਤੇ ਤਜੱਰਬਾ ਆਦਿ ਮਨੁੱਖ ਦੇ ਸਾਥੀ ਬਣਦੇ ਹਨ। ਇਨਾਂ, ਸੂਤਰਾਂ ਦੀ ਕਿਰਿਆਤਮਕ ਭੂਮਿਕਾ ਕਾਰਨ ਦੁੱਖ ਦਾ ਜੋ ਭਾਵਗਤ ਤੇ ਸੰਕਲਪਗਤ ਅਰਥ ਉਭਰਦਾ ਹੈ ਅਤੇ ਇਸ ਦਾ ਮਨੁੱਖੀ ਚੇਤਨਾ ਨਾਲ ਜੋ ਡੂੰਘਾ ਸੰਬੰਧ ਸਥਾਪਿਤ ਹੁੰਦਾ ਹੈ, ਉਸ ਦਾ ਇਤਿਹਾਸਕ ਸਾਰ ਤੇ ਸੱਚ ਕਿਰਤ ਵਿਚੋਂ ਬਹੁਤ ਉਤਕ੍ਰਿਸ਼ਟ ਰੂਪ ਵਿਚ ਉਜਾਗਰ ਹੁੰਦਾ ਹੈ। ਸਾਂਝੇ ਦੁੱਖਾਂ/ ਪੀੜਾਂ ਦਾ ਅਹਿਸਾਸ ਸਾਰੀ ਮਾਨਵਤਾ ਨੂੰ ਇਕ ਹੀ ਧਰਾਤਲ ਤੇ ਲਿਆ ਖੜ੍ਹਾ ਕਰਦਾ ਹੈ ਅਤੇ ਇਸ ਵਿਚੋਂ ਹੀ ਮਾਨਵੀ ਚੇਤਨਾ ਵਿਕਸਤ ਤੇ ਵਿਸਤ੍ਰਿਤ ਹੁੰਦੀ ਹੈ-

ੳ। ਸਾਮਰਾਜ ਦਾ ਕਰੂਪ ਵੇਖਿਆ
  ਅਫਰੀਕਾ ਤੇ ਏਸ਼ੀਆ
  ਇਕੋ ਛੁਰੀ ਨਾਲ ਹੀ ਹਲਾਲ ਹੁੰਦਾ ਵੇਖਿਆ

ਸਾਂਝੀਆਂ ਪੀੜਾਂ 'ਚ ਕਿੰਨੀ ਖਿੱਚ ਹੈ।
ਅਫਰੀਕਾ ਫਰਾਂਸ ਅਤੇ ਵੀਅਤਨਾਮ
ਅਜ ਨਾਲ ਨਾਲ ਹੁੰਦਾ ਵੇਖਿਆ
ਅੱਜ ਪਹਿਲੀ ਵਾਰ ਲੋਹਾ ਲਾਲ ਹੁੰਦਾ ਵੇਖਿਆ

(ਕਵਿਤਾ ਤੁਰਦੀ ਹੈ, ਪੰਨਾ 186)

ਅ) ਦੁੱਖ ਕੀ ਹੈ?
ਇਹ ਮਨੁੱਖ ਦਾ ਹੈ ਸਕੂਲ।
ਅਤੇ ਦੁੱਖ ਦੇ ਰੁੱਖ ਦਾ ਫਲ
ਚੇਤਨਾ ਦੇ ਰੂਪ ਵਿਚ ਹੁੰਦਾ ਵਸੂਲ

(ਉਹੀ, ਪੰਨਾ 223)

ਹਯਾਤੀ ਦੀ ਹੂਕ (ਕਾਵਿ ਸੰਗ੍ਰਿਹ, 1987) ਵਿਚ ਕਵੀ ਇਕ ਵਾਰ ਫੇਰ ਜ਼ਿੰਦਗੀ ਦੇ ਕਰੂਰ ਯਥਾਰਥ ਦੇ ਸਨਮੁੱਖ ਕਵਿਤਾ ਦੀ ਵਿਰਾਟ ਭੂਮਿਕਾ ਅਤੇ ਆਪਣੇ ਪ੍ਰਗਤੀਸ਼ੀਲ ਲਖਸ਼ਾਂ ਤੇ ਆਦਰਸ਼ਾ ਨੂੰ ਪੁਨਰ-ਪਰਿਭਾਸ਼ਤ ਕਰਨ ਦਾ ਕਾਰਜ ਕਰਦਾ ਹੈ, ਇਸ ਵਿਚ ਪੰਜਾਬ ਦੀ ਤੱਤਕਾਲੀਨ ਸੰਕਟ ਗ੍ਰਸਤ ਜਟਿਲ ਸਥਿਤੀ ਦਾ ਪਾਸਾਰ ਆਪਣੇ ਇਤਿਹਾਸਕ ਸਾਰ ਤੇ ਵਿਵੇਕ ਸਹਿਤ ਹਾਜ਼ਰ ਹੈ ਭਾਵੇਂ ਕਿ ਇਸ ਦਾ ਭਰਪੂਰ ਚਿਤਰ 'ਹੜੱਪਾ ਤੋਂ ਹੀਰੋਸ਼ੀਮਾ' ਵੱਲ ਵਿਚੋਂ ਹੀ ਪ੍ਰਾਪਤ ਹੁੰਦਾ ਹੈ। ਜਗੀਰਦਾਰੀ, ਸਰਮਾਏਦਾਰੀ, ਬਸਤੀਵਾਦ, ਜੰਗ ਅਤੇ ਨਸਲਵਾਦੀ ਜਾਤਪਾਤ ਉਤੇ ਆਧਾਰਿਤ ਸਮਾਜ ਦੀ ਥਾਂ ਕਿਰਤ, ਅਮਨ, ਸਾਂਝੇ, ਪਿਆਰ ਤੇ ਅਮਲ ਵਾਲੀ ਜ਼ਿੰਦਗੀ ਨੂੰ ਕਵੀ ਸਰਵਉਚ ਸਥਾਨ ਦਿੰਦਾ ਹੈ, 'ਬੇਗਮਪੁਰਾ' ਕਵਿਤਾ ਵਿਚ ਤਥਾ ਕਥਿਤ ਖਾਲਿਸਤਾਨ ਦੀ ਧਾਰਨਾ ਨੂੰ ਨਕਾਰਦਿਆਂ ਇਸ ਦੇ ਸਮਾਨੰਤਰ ਭਗਤ ਸਿੰਘ ਦੇ ਸੁਪਨੇ ਦੇ ਸਮਾਜ ਦੀ ਉਸੇ ਤਰ੍ਹਾਂ ਸੰਕਲਪਨਾ ਕੀਤੀ ਗਈ ਹੈ ਜਿਵੇਂ ਕਿ ਭਗਤ ਰਵਿਦਾਸ ਜੀ ਨੇ ਆਪਣੀ ਬਾਣੀ ਵਿਚ ਕੀਤਾ ਹੈ। ਇਸ ਕਵਿਤਾ ਵਿਚ ਸਮਕਾਲੀ ਯਥਾਰਥ ਅਤੇ ਕਵਿਤਾ ਦੀ ਇਤਿਹਾਸਕ ਭੂਮਿਕਾ ਸੰਬੰਧੀ ਕਵੀ ਦੇ ਵਿਚਾਰ ਬਹੁਤ ਵਿਹਾਰਕ ਤੇ ਤਾਰਕਿਕ ਕਿਸਮ ਦੇ ਹਨ। ਉਸ ਦਾ ਕਾਵਿ-ਸੰਕਲਪ 'ਲੋਹੇ ਦੇ ਜਾਮੇ ਵਾਲੀ ਕਵਿਤਾ' ਵਾਲਾ ਹੈ-

ਅੱਜ ਦੀ ਕਵਿਤਾ ਦਾ ਜਾਮਾ
ਲੋਹੇ ਦਾ ਚਾਹੀਦਾ ਹੈ।
ਅੱਗ ਦਾ ਦਰਿਆ, ਰਸਤਾ
ਇਸ਼ਕ ਦੇ ਰਾਹੀ ਦਾ ਹੈ

(ਕਵਿਤਾ ਤੁਰਦੀ ਹੈ, ਪੰਨਾ 333)

ਪਰ ਉਹ ਇਹ ਮੰਨਣ ਲਈ ਤਿਆਰ ਨਹੀਂ ਕਿ ਇਤਿਹਾਸ ਦੇ ਇਸ ਮੋੜ 'ਤੇ ਵਿਵਸਥਾ ਦਾ ਆਂਤਰਿਕ ਸੰਕਟ ਏਨਾ ਗਹਿਰਾ ਤੇ ਗੰਭੀਰ ਹੋ ਚੁੱਕਾ ਹੈ ਕਿ ਇਨਕਲਾਬ ਲਈ ਬਸ ਹੁਣ ਇਕ ਬਿਗਲ ਹੀ ਵਜਾਉਣ ਦੀ ਲੋੜ ਹੈ। ਉਹ ਵਿਵਸਥਾ ਪ੍ਰਤਿ ਰੋਹ, ਵਿਦਰੋਹ ਤੇ ਸੰਘਰਸ਼ ਦੀ ਭਾਵਨਾ ਨੂੰ ਇਕ ਇਤਿਹਾਸਕ ਲੋੜ ਤੇ ਮਜਬੂਰੀ ਵਜੋਂ ਸੰਚਰਿਤ ਤਾਂ ਕਰਨਾ ਚਾਹੁੰਦਾ ਹੈ ਪ੍ਰੰਤੂ ਉਹ ਵਿਹਾਰਕ ਪੱਧਰ ਤੇ ਤੁਰੰਤ ਕਿਸੇ ਹਥਿਆਰ ਬੰਦ ਸੰਘਰਸ਼ ਵਿੱਢਣ ਲਈ ਜ਼ਮੀਨ ਨੂੰ ਤਿਆਰ ਨਹੀਂ ਮੰਨਦਾ। ਸੁਭਾਵਿਕ ਹੈ ਕਿ ਇਸ ਦ੍ਰਿਸ਼ਟੀ ਤੋਂ ਉਸ ਦਾ ਕਾਵਿ- ਸਿਧਾਂਤ ਸੰਘਰਸ਼ ਜੁਝਾਰ-ਵਿਦਰੋਹੀ ਕਵਿਤਾ ਦੇ ਕਾਵਿ-ਸਿਧਾਂਤ ਦੇ ਵਿਰੋਧ ਵਿਚ ਜਾ ਖੜ੍ਹਦਾ ਹੈ-

ਕੌਣ ਕਹਿੰਦਾ ਹੈ ਕਿ ਲੋਹਾ ਗਰਮ ਹੈ?
ਇਹ ਕਿਸੇ ਦਾ ਬਚਗਾਨਾ ਭਰਮ ਹੈ
ਲੋਹੇ ਦੀ ਬਰਫ ਤੋਂ ਅਜੇ
ਧਰੁਵਾਂ ਦਾ ਤਾਪਮਾਨ ਸ਼ਰਮਸਾਰ ਹੈ
ਕਿਆ ਖੂਬ ਇਨਕਲਾਬ ਦੀ ਬਹਾਰ ਹੈ।



(ਉਹੀ, ਪੰਨਾ 360)

ਏਹੀ ਕਾਵਿ-ਸਿਧਾਂਤ ਮਹਾਂਕਾਵਿਕ ਪਾਸਾਰ ਵਾਲੀ ਲੰਮੀ ਕਵਿਤਾ ਹੜੱਪਾ ਤੋਂ ਹੀਰੋਸ਼ੀਮਾ ਵੱਲ (ਕਾਵਿਨਾਦ, 1991) ਵਿਚ ਡੂੰਘੇ ਮਾਨਵੀ ਚਿੰਤਨ ਰਾਹੀਂ ਪੰਜਾਬੀ ਸਭਿਅਤਾ ਦੇ ਨਿਕਾਸ ਵਿਕਾਸ ਤੇ ਵਿਨਾਸ਼ ਦੀਆਂ ਜੜ੍ਹਾਂ ਨੂੰ ਵਰਤਮਾਨ ਪੰਜਾਬ ਸੰਕਟ ਦੇ ਸੰਦਰਭ ਵਿਚ ਤਲਾਸ਼ਣ ਦਾ ਆਵਾਹਣ ਕਰਦਾ ਹੈ ਕਿਉਂਕਿ ਇਨਸਾਨੀ ਦੁੱਖ, ਪੀੜਾ ਤੇ ਸੰਤਾਪ ਦੇ ਤਵਾਰੀਖੀ ਆਧਾਰਾਂ ਦੀ ਨਿਸ਼ਾਨਦੇਹੀ ਤੋਂ ਬਿਨਾਂ ਕਿਸੇ ਪ੍ਰਗਤੀਸ਼ੀਲ ਭਵਿੱਖ ਮੁੱਖੀ ਆਦਰਸ਼ ਤੇ ਸੁਪਨੇ ਠੋਸ ਰੂਪ ਵਿਚ ਚਿਤਰਿਆ ਨਹੀਂ ਜਾ ਸਕਦਾ। ਇਸ ਕਵਿਤਾ ਦਾ ਮੂਲ ਪ੍ਰੇਰਨਾ ਸ੍ਰੋਤ ਤਾਂ ਭਾਵੇਂ ਵਰਤਮਾਨ ਪੰਜਾਬ ਸੰਕਟ ਦਾ ਤਤਕਾਲੀ ਸਰੂਪ ਹੀ ਬਣਦਾ ਹੈ ਪਰ ਇਸ ਦੇ ਪਿਛੋਕੜ ਵਿਚੋਂ ਉਨ੍ਹਾਂ ਅਨੇਕ ਸਮਕਾਲੀ ਸੰਕਟਾਂ ਤੇ ਸੰਤਾਪਾਂ ਦਾ ਤਸੱਵੁਰ ਉਭਰਦਾ ਹੈ ਜਿਨ੍ਹਾਂ ਦਾ ਸਮੇਂ-ਸਮੇਂ ਪੰਜਾਬ ਦੀ ਸਭਿਅਤਾ ਨੂੰ ਸ਼ਿਕਾਰ ਹੋਣਾ ਪਿਆ। ਇਸ ਤਰ੍ਹਾਂ ਇਸ ਸਭਿਅਤਾ ਦੇ ਚਾਰ-ਪੰਜ ਹਜਾਰ ਸਾਲਾਂ ਦੇ ਇਤਿਹਾਸ ਵਿਚ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਸੰਕਲਪ ਨੂੰ ਵਾਰ ਵਾਰ ਢਾਹ ਲੱਗਦੀ ਰਹੀ। ਭਾਵੇਂ ਕਿ ਆਪਣੇ ਮੁੱਢਲੇ ਸਮੇਂ ਵਿਚ ਇਹ ਬਹੁਤ ਵਿਕਸਤ 'ਤੇ ਗੌਰਵ ਦੀ ਪ੍ਰਤੀਕ ਸਭਿਅਤਾ ਸੀ। ਸਾਡੇ ਆਪਣੇ ਸਮੇਂ ਦੇ ਨਿਕਟ ਇਤਿਹਾਸ ਵਿਚ 1947 ਦੀ ਦੇਸ਼-ਵੰਡ, 1966 ਦਾ ਪੰਜਾਬ ਪੁਨਰ ਗਠਨ ਅਤੇ 1984 ਦੇ ਸਾਕਾਂ ਨੀਲਾ ਤਾਰਾ ਦੀਆਂ ਘਟਨਾਵਾਂ ਨੇ ਸਾਂਝ, ਭਰੱਪਣ, ਸਹਿਨਸ਼ੀਲਤਾ, ਖੁੱਲ੍ਹ ਦਿਲੀ, ਸ੍ਵੈ ਮਾਣ ਤੇ ਸਰਬੱਤ ਦਾ ਭਲਾ ਆਦਿ ਪੰਜਾਬੀਅਤ ਦੀਆਂ ਪ੍ਰਤੀਕ ਕਦਰਾਂ ਨੂੰ ਬੁਰੀ ਤਰ੍ਹਾਂ, ਜ਼ਖ਼ਮੀਂ ਕੀਤਾ ਗਿਆ ਹੈ। ਨੂਰ ਦੇ ਆਪਣੇ ਕਥਨ ਅਨੁਸਾਰ ਇਸ ਕਵਿਤਾ ਵਿਚ ਵਿਸ਼ਾਲ ਪੰਜਾਬ ਦੀ ਸਾਂਝੀ ਪੀੜ, ਇਹਦੇ ਗੌਰਵਮਈ ਇਤਿਹਾਸ, ਭਾਵੁਕ ਲਹਿਰਾਂ ਦੀ ਦਿਸ਼ਾਹੀਨਤਾ, ਅੰਨ੍ਹੇ ਤਸ਼ੱਦਦ, ਪੰਜਾਬ ਪੰਜਾਬੀ ਤੇ ਪੰਜਾਬੀਅਤ ਦੇ ਨਾਂ ਤੇ ਤਰਕਹੀਨ ਮਾਰੂ ਰੁਝਾਨਾਂ ਦੀ ਭਰਮਾਰ ਤੇ ਕੁਟਲ ਨੀਤੀ ਦਾ ਕਿਰਦਾਰ ਆਦਿ ਪਾਠਕਾਂ ਨਾਲ ਸਾਂਝਾ ਕਰਨ ਦਾ ਯਤਨ ਕੀਤਾ ਹੈ। ਪੰਜ ਆਬਾਂ ਦੇ ਰੂਪ ਵਿਚ ਪੰਜ ਭਾਗਾਂ ਵਿਚ ਵੰਡੀ ਇਸ ਕਵਿਤਾ ਦਾ ਹਰ ਭਾਗ (ਹਰ ਆਬ) ਪੰਜਾਬ ਸਭਿਅਤਾ ਦੇ ਇਕ ਵਿਸ਼ੇਸ਼ ਵਿਕਾਸ-ਪੜਾਅ ਨੂੰ ਡੂੰਘੇ ਪ੍ਰਤੀਕ-ਅਰਥਾਂ ਵਿਚ ਚਿਹਨਿਤ ਕਰਦਾ ਹੈ ਜਿਵੇਂ-

ਪਹਿਲਾ ਆਬ - ਰਾਵੀ ਸਦਾ ਰੋਂਦੀ ਰਹੀ
ਦੂਜਾ ਆਬ - ਸਤਲੁਜ
ਤੀਜਾ ਆਬ - ਜਿਹਲਮ ਦਾ ਦਿਲ ਜਲਦਾ ਰਿਹਾ
ਚੌਥਾ ਆਬ - ਦਿਲ ਬਿਆਸ ਦਾ ਲਹੂ ਲੁਹਾਨ ਹੁੰਦਾ ਦੇਖਿਆ
ਪੰਜਵਾਂ ਆਬ - ਝਨਾਂ ਅੰਨ੍ਹਾਂ ਤੇ ਗੂੰਗਾ ਹੋ ਗਿਆ।

ਕਾਵਿ-ਦ੍ਰਿਸ਼ਟੀ ਅਤੇ ਮਾਨਵੀ-ਚਿੰਤਨ ਦੀ ਦ੍ਰਿਸ਼ਟੀ ਤੋਂ ਇਸ ਕਾਵਿ-ਨਾਟ ਦਾ ਪੰਜਵਾਂ ਭਾਗ 'ਝਨਾਂ ਅੰਨ੍ਹਾਂ ਤੇ ਗੂੰਗਾ ਹੋ ਗਿਆ' ਬਹੁਤ ਮਹੱਤਵਪੂਰਨ ਹੈ ਕਿਉਂਕਿ ਇਹ ਸਾਡੇ ਆਪਣੇ ਸਮੇਂ ਦੇ ਸਮਕਾਲੀ ਇਤਿਹਾਸ ਦੇ ਤੱਤ-ਸਾਰ ਅਤੇ ਯਥਾਰਥ ਦੀ ਬਹੁ ਵਿਧ ਤਨਾਉਸ਼ੀਲ ਹੋਂਦ ਨੂੰ ਸੰਵੇਦਨਾਤਮਕ ਕਾਵਿ-ਪ੍ਰਤੱਖਣ ਪ੍ਰਦਾਨ ਕਰਦਾ ਹੈ। ਕਵਿਤਾ ਦੇ ਬੋਲ ਪਾਠਕ ਦੇ ਧੁਰ ਅੰਦਰ ਲਹਿ ਜਾਂਦੇ ਹਨ ਅਤੇ ਉਹ ਵਰਤਮਾਨ ਸੰਕਟ ਦੇ ਪ੍ਰਸੰਗ ਵਿਚ ਇਤਿਹਾਸ-ਮਿਥਿਹਾਸ ਵਿਚੋਂ ਨਵੇਂ ਅਰਥਾਂ ਦੀ ਤਲਾਸ਼ ਕਰਨੀ ਆਰੰਭ ਕਰਦਾ ਹੈ-

ਕੌਣ ਕਹਿੰਦਾ ਹੈ ਦੁਸਹਿਰਾ ਫੂਕਿਆ ਹੈ?
ਅਜੇ ਦਹਿਸਰ ਕੜਕਦਾ ਹੈ, ਬੜ੍ਹਕਦਾ ਹੈ

ੳ) ਦੈਂਤ ਸੀਤਾ-ਆਤਮਾ ਨੂੰ ਚੂੰਡਦਾ ਹੈ
ਅਤੇ ਹੱਡੀਆਂ ਮੜਕਦਾ ਹੈ
ਕੁਟਿਲ ਕੈਕਈ ਅਜੇ ਮੁਸਕਾ ਰਹੀ ਹੈ,
ਮੋਏ, ਬੁੱਢੇ ਵਚਨ ਦਾ ਡੋਰੂ ਵਜਾ ਰਹੀ ਹੈ।

(ਕਵਿਤਾ ਤੁਰਦੀ ਹੈ, ਪੰਨਾ 467)

ਅ) ਕੁਝ ਮਨੁੱਖੀ ਬੈਟਰੀਆਂ ਦੀ
ਯਾਦ ਲਟ ਲਟ ਮਚ ਰਹੀ ਹੈ

ਮਹਾਂਨਗਰੀ ਦੀ ਬੇਸ਼ਰਮੀ ਦੀ ਮਿਸਾਲ ਜਲ ਰਹੀ ਹੈ।
ਕੁਝ ਜਨੂਨੀ ਦੀਵੇ
ਨਰਕੀ ਅੱਗ ਵਾਂਗ ਮਚ ਰਹੇ ਨੇ।
ਪਤਾ ਨਹੀਂ ਅਯੁੱਧਿਆ ਦੇ
ਹੱਡ ਕੀਕਣ ਬਚ ਰਹੇ ਨੇ।

(ਉਹੀ, ਪੰਨਾ 46

ਸੁਭਾਵਿਕ ਹੈ ਕਿ ਇਤਿਹਾਸ-ਮਿਥਿਹਾਸ ਵਿਚ ਦੀ ਲੰਘਦੀ ਹੋਈ ਕਵੀ ਦੀ ਕਾਵਿ-ਦ੍ਰਿਸ਼ ਮਾਨਵੀ-ਅਮਾਨਵੀ ਤਾਕਤਾ ਦੇ ਸੰਘਰਸ਼ ਨੂੰ ਨੇਕੀ ਤੇ ਬਦੀ ਦੀ ਸਦੀਵੀ ਟੱਕਰ ਦੇ ਰੂਪ ਵਿਚ ਸੰਕਲਪ ਹੈ ਅਤੇ ਇਸ ਟੱਕਰ ਵਿਚੋਂ ਹੀ ਨਾਇਕ ਤੇ ਅਨਾਇਕ ਪਾਤਰਾਂ ਦੇ ਸੁਜਿੰਦ ਕਿਰਦਾਰ ਉਭਰਦੇ ਹਨ। ਗੁ ਤੇਗ ਬਹਾਦਰ, ਗੁਰੂ ਗੋਬਿੰਦ ਸਿੰਘ, ਮਹਾਰਾਜਾ ਰਣਜੀਤ ਸਿੰਘ, ਸ਼ਹੀਦ ਭਗਤ ਸਿੰਘ, ਸਿਕੰਦਰ, ਪੋਰ ਅਸ਼ੋਕ, ਨਾਦਰਸ਼ਾਹ, ਬਾਬਰ, ਜ਼ਕਰੀਆ ਖਾਨ, ਅਹਿਮਦ ਸ਼ਾਹ ਅਬਦਾਲੀ, ਭਰਤ, ਕੌਸ਼ਲਿਆ, ਮਹਾਂਦੇ ਆਦਿ ਅਜਿਹੇ ਹੀ ਨਾਇਕ-ਅਨਾਇਕ ਪਾਤਰ ਹਨ ਜਿਹੜੇ ਮਨੁੱਖੀ ਸਭਿਅਤਾ ਦੇ ਹੜੱਪਾ ਤੋਂ ਲੈ ਹੀਰੋਸ਼ੀਮਾ ਦੇ ਸਫਰ ਤੱਕ ਦੇ ਸਫਰ ਦੌਰਾਨ ਵਿਕਾਸ ਤੇ ਵਿਨਾਸ਼ ਪੱਖੀ ਤਾਕਤਾਂ ਦੇ ਰੂਪ ਵਿਚ ਉਭਰ ਲੋਕ-ਜੀਵਨ ਦੀ ਰਉਂ ਤੇ ਤੋਰ ਨੂੰ ਪ੍ਰਭਾਵਿਤ ਕਰਦੇ ਰਹੇ ਹਨ। ਕਵੀ ਨੇ ਇਨ੍ਹਾਂ ਸਭ ਪਾਤਰਾਂ ਸ਼ਖਸ਼ੀਅਤ-ਉਸਾਰੀ, ਉਨ੍ਹਾਂ ਦੇ ਅਮਲਾਂ ਤੇ ਸੁਭਾਅ ਅਨੁਸਾਰ ਬਹੁਤ ਸੰਤੁਲਿਤ ਰੂਪ ਵਿਚ ਕੀਤੀ ਹੈ। ਉ ਦੀ ਦ੍ਰਿਸ਼ਟੀ ਤਾਰਕਿਕ, ਲੌਕਿਕ ਅਤੇ ਅੰਧ ਵਿਸ਼ਵਾਸ਼ੀ ਭਾਵਨਾ ਤੋਂ ਪੂਰੀ ਤਰ੍ਹਾਂ ਮੁਕਤ ਹੈ। ਗੁਰੂ ਨਾਨਕ ਮਹਾਰਾਜਾ ਰਣਜੀਤ ਸਿੰਘ ਦੇ ਸ਼ਖਸੀ-ਬਿੰਬ ਨੂੰ ਉਘਾੜਨ ਵਾਲੀਆਂ ਨਿਮਨ-ਲਿਖਿਤ ਟਿੱਪਣੀਆਂ ਇ ਗੱਲ ਦੇ ਹੀ ਪ੍ਰਮਾਣ ਹਨ-

| | |
|---|---|
| ਗੁਰੂ ਨਾਨਕ- | ਮਰਦ-ਇ-ਕਾਮਲ ਉਠਿਆ,<br>ਰੋਹ-ਰੱਤੜਾ ਲਲਕਾਰ ਦਾ<br>ਲੈ ਸਹਾਰਾ ਗਿਆਨ ਦਾ<br>ਤੇ ਤਰਕ ਦੇ ਹਥਿਆਰ ਦਾ |

(ਕਵਿਤਾ ਤੁਰਦੀ ਹੈ, ਪੰਨਾ 40

| | |
|---|---|
| ਮਹਾਰਾਜਾ ਰਣਜੀਤ ਸਿੰਘ- | ਹਰ ਐਬ ਸੀ ਹੰਢਾਉਂਦਾ ਰਾਜੇ ਵਾਲਾ<br>ਪਰ ਫਿਰ ਵੀ ਸੀ ਰਣਜੀਤ ਸਿੰਘ ਦਾ ਰਾਜ ਨਿਰਾਲਾ |

(ਉਹੀ, ਪੰਨਾ 42

ਉਸ ਦੀ ਅਜਿਹੀ ਦ੍ਰਿਸ਼ਟੀ ਦਾ ਹੀ ਫਲ ਹੈ ਕਿ ਧਰਮ ਦੇ ਸੰਕਲਪ ਨੂੰ ਵੀ ਕਿਸੇ ਆਂਤਰਿਕ ਰਹੱਸ ਭਾਵਨਾ ਨਾਲ ਜੋੜਨ ਦੀ ਥਾਂ ਮਨੁੱਖੀ ਅਮਲਾਂ ਅਤੇ ਹੱਕ-ਇਨਸਾਫ ਦੀ ਸਮੂਹਕ-ਭਾਵਨਾ ਨਾਲ ਸੰਬੰਧਿ ਕੀਤਾ ਗਿਆ ਹੈ ਜਿਸ ਕਾਰਨ ਧਰਮ ਲੋਕ-ਮੁਕਤੀ ਦੇ ਸੰਘਰਸ਼ਾਂ ਵਿਚ ਇਕ ਮਹੱਤਵਪੂਰਨ ਪ੍ਰੇਰਿਕ ਸ਼ਕਤ ਦੇ ਰੂਪ ਵਿਚ ਉਭਰਦਾ ਹੈ। ਉਹ ਧਰਮ ਦੀ ਹੋਂਦ ਤੋਂ ਮੁਨਕਰ ਨਹੀਂ ਪ੍ਰੰਤੂ ਇਸ ਦੇ ਲੋਕ-ਪੱਖੀ ਖਾਸੇ ਨੂੰ ਪੁਨਰ ਸਥਾਪਿਤ ਕਰਨ ਪ੍ਰਤਿ ਚਿੰਤਾਪੁਰ ਹੈ-

ਜੋ ਭਾਗੋ ਤੇ ਲਾਲੋ ਦੇ ਵਿਚ ਲੀਕ ਨਾ ਖਿੱਚੇ
ਧਰਮ ਨਹੀਂ ਹੈ।
ਚੰਡਾਲਾਂ ਨੂੰ ਇਕੋ ਸਾਹੇ
ਜੋ ਫਿਟਕਾਰੇ ਤੇ ਸਤਿਕਾਰੇ
ਧਰਮ ਨਹੀਂ ਹੈ
ਮੇਰਾ ਧਰਮ ਅਮਲ ਦੀ ਪੂਜਾ
ਸਾਬਤ ਕਦਮੀ ਨਾਲੋਂ ਸੁੱਚਾ ਸਿਜਦਾ ਕਿ?

ਕਵਿਤਾ ਤੁਰਦੀ ਹੈ, ਪੰਨਾ 440-41



ਓਜ਼ੋਨ ਦੀ ਅੱਖ (ਕਾਵਿ ਸੰਗ੍ਰਿਹ, 1993) ਵਿਚ ਨੂਰ ਦੀ ਕਾਵਿ- ਦ੍ਰਿਸ਼ਟੀ ਹੋਰ ਵਸੀਹ ਤੇ ਵਿਸਤ੍ਰਿਤ ਹੋ ਜਾਂਦੀ ਹੈ ਜਿਸ ਵਿਚ ਉਹ ਗ਼ਜ਼ਲ ਸਿਨਫ ਰਾਹੀਂ ਰਿਵਾਇਤੀ ਤੇ ਸਦੀਵੀ ਮਾਨਵੀ ਸਰੋਕਾਰਾਂ ਦੇ ਨਾਲ-ਨਾਲ ਆਧੁਨਿਕ ਉਪਭੋਗੀ ਸਭਿਆਚਾਰ ਦੇ ਅੰਤਰਗਤ ਖੁੱਲ੍ਹੀ ਮੰਡੀ ਵਾਲੇ ਅਰਥਚਾਰੇ ਕਾਰਨ ਪੈਦਾ ਹੋ ਰਹੇ ਨਵੇਂ-ਨਵੇਂ ਵਿਗਾੜਾਂ ਨੂੰ ਆਪਣੀ ਰਚਨਾ ਦੀ ਵਸਤੂ-ਸਾਮਗਰੀ ਬਨਾਉਣ ਦੀ ਕੋਸ਼ਿਸ਼ ਕਰਦਾ ਹੈ। ਉਸ ਦੀ ਵਿਸ਼ਵ-ਵਿਆਪੀ ਚੇਤਨਾ ਵਿਚ ਓਜ਼ੋਨ ਦੀ ਅੱਖ ਦੇ ਪ੍ਰਤੀਕ ਰਾਹੀਂ, ਵਾਤਾਵਰਣ ਦੇ ਦੂਸ਼ਿਤ ਹੋਣ ਕਾਰਨ ਸਮੁੱਚੀ ਕਾਇਨਾਤ ਨੂੰ ਪੈਦਾ ਹੋਇਆ ਖ਼ਤਰਾ ਇਕ ਨਵੀਂ ਚਿੰਤਨੀ-ਸੁਰ ਦੇ ਰੂਪ ਵਿਚ ਉਭਰਦੀ ਹੈ। ਇਸ ਵਿਸ਼ੇ ਉਤੇ ਨੂਰ ਨੇ ਨਿੱਠਕੇ ਕਾਵਿ-ਚਿੰਤਨ ਕੀਤਾ ਹੈ।

ਨਿਰੰਜਨ ਸਿੰਘ ਨੂਰ ਦਾ ਸਮੁੱਚਾ ਕਾਵਿ-ਅਮਲ ਇਸ ਗੱਲ ਦਾ ਸੂਚਕ ਹੈ ਕਿ ਉਸ ਦੀ ਕਵਿਤਾ ਨਿਰੰਤਰ ਵਿਕਾਸ ਅਤੇ ਪ੍ਰਗਤੀ ਦੇ ਪੱਖ ਉਤੇ ਪਈ ਰਹੀ ਹੈ। ਉਸ ਨੇ ਪ੍ਰਗਤੀਵਾਦੀ ਆਦਰਸ਼ਾਂ ਤੇ ਸੂਤਰਾਂ ਨੂੰ ਨਿਰਪੇਖ ਰੂਪ ਵਿਚ ਗ੍ਰਹਿਣ ਕਰਕੇ ਕੁਝ ਇਕ ਘਸੇ-ਪਿੱਟੇ ਵਿਸ਼ਿਆਂ ਅਤੇ ਸੀਮਤ ਕਲਾ-ਜੁਗਤਾਂ ਨੂੰ ਹੀ ਵਾਰ-ਵਾਰ ਦੁਹਰਾਉਣ ਦੀ ਥਾਂ ਵਸਤੂ-ਵਿਭਿੰਨਤਾ ਤੇ ਕਲਾ-ਕੌਸ਼ਲਤਾ ਵਾਲੇ ਪੱਖ ਉੱਤੇ ਵਿਸ਼ੇਸ਼ ਧਿਆਨ ਦਿੱਤਾ ਹੈ। ਨੂਰ ਪ੍ਰਗਤੀਸ਼ੀਲ ਤੱਤਾਂ ਤੇ ਵਿਚਾਰਾਂ ਨੂੰ ਵਿਹਾਰਕ ਜੀਵਨ-ਅਨੁਭਵ ਨਾਲ ਜੋੜ ਕੇ ਕਾਵਿ-ਉਸਾਰੀ ਕਰਦਾ ਹੈ। ਇਸ ਕਰਕੇ ਉਸ ਦੀ ਦ੍ਰਿਸ਼ਟੀ ਵਧੇਰੇ ਸੰਤੁਲਿਤ, ਤਾਰਕਿਕ, ਲੌਕਿਕ ਤੇ ਵਿਵੇਕਪੂਰਨ ਹੋਣ ਦਾ ਪ੍ਰਭਾਵ ਸਿਰਜਦੀ ਹੈ। ਨੂਰ ਦੇ ਆਪਣੇ ਸਿਰਜਣ ਕਾਲ ਦੌਰਾਨ ਸਾਹਿਤਕ ਤੇ ਸਮਾਜਿਕ ਖੇਤਰ ਵਿਚ ਅਨੇਕਾਂ ਵਕਤੀ ਲਹਿਰਾਂ/ਪ੍ਰਵਿਰਤੀਆਂ ਉਭਰਦੀਆਂ ਤੇ ਪਤਨਸ਼ੀਲ ਹੁੰਦੀਆਂ ਰਹੀਆਂ ਹਨ ਪਰ ਇਸ ਨੇ ਦ੍ਰਿੜਤਾ ਪੂਰਵਕ ਆਪਣੇ ਰਸਤੇ 'ਤੇ ਚੱਲਦਿਆਂ ਹੋਇਆਂ ਪੰਜਾਬੀ ਦੀ ਪ੍ਰਗਤੀਵਾਦੀ ਕਵਿਤਾ ਨੂੰ ਨਵੇਂ ਅਰਥ ਤੇ ਵਿਸਥਾਰ ਦਿੱਤੇ। ਇਸ ਦ੍ਰਿਸ਼ਟੀ ਤੋਂ ਪਿਆਰਾ ਸਿੰਘ ਸਹਿਰਾਈ, ਸੰਤੋਖ ਸਿੰਘ ਧੀਰ ਤੇ ਸੁਰਭਜਨ ਸਿੰਘ ਹੁੰਦਲ ਵਰਗੇ ਕੁਝ ਇਕ ਹੋਰ ਪ੍ਰਗਤੀਵਾਦੀ ਕਵੀਆਂ ਦਾ ਯੋਗਦਾਨ ਵੀ ਮਹੱਤਵਪੂਰਨ ਹੈ। ਇਹ ਕਵਿਤਾ ਮੂਲ ਮਾਨਵੀ ਸੁਪਨੇ ਦੇ ਅਕਾਂਖਿਆਮਈ ਗੌਰਵ ਨੂੰ ਬਹਾਲ ਕਰਨ ਦੇ ਇਤਿਹਾਸਕ ਦਾਇਤਵ ਨਾਲ ਪਰਨਾਈ ਹੋਈ ਹੈ। ਇਸ ਕਰਕੇ ਨੂਰ-ਕਾਵਿ ਦੀ ਵਿਸ਼ਾਲ ਮਾਨਵੀ ਧਰਾਤਲ ਉਤੇ ਇਕ ਵਿਸ਼ੇਸ਼ ਪ੍ਰਕਾਰ ਦੀ ਅਰਥਸ਼ੀਲਤਾ ਸਥਾਪਿਤ ਹੁੰਦੀ ਹੈ।

**(ਗੁਰੂ ਨਾਨਕ ਨੈਸ਼ਨਲ ਕਾਲਜ, ਨਕੋਦਰ-144040)**

## ਪੁਸਤਕ ਪ੍ਰਾਪਤੀ

ਦਾਰਸ਼ਨਿਕ ਯੋਧਾ ਗੁਰੂ ਗੋਬਿੰਦ ਸਿੰਘ (ਆਲੋਚਨਾ) ਡਾ. ਅਨੂਪ ਸਿੰਘ ਪ੍ਰੇਰਨਾ ਪ੍ਰਕਾਸ਼ਕ ਪਟਿਆਲਾ
ਕਾ. ਚੰਨਣ ਸਿੰਘ ਤੁਗਲਵਾਲ ਸਿਰੜੀ ਸੰਗਰਾਮੀਆਂ (ਜੀਵਨੀ) ਡਾ. ਅਨੂਪ ਸਿੰਘ ਪ੍ਰੇਰਨਾ ਪ੍ਰਕਾਸ਼ਨ ਪਟਿਆਲਾ
ਸੰਗਰਾਂਦ (ਨਿਬੰਧ-ਮਿਡਲ) ਸੁਰਿੰਦਰਜੀਤ ਕੌਰ। ਪ੍ਰੇਰਨਾ- ਪ੍ਰਕਾਸ਼ਨ ਪਟਿਆਲਾ
ਕੋਰੇ ਖ਼ਤ, ਤੇਰੇ ਬੈਂਲ (ਕਵਿਤਾ) ਡਾ. ਗੁਰਚਰਨ ਸਿੰਘ ਔਲਖ, ਅਮਨ ਪ੍ਰਕਾਸ਼ਨ ਜ਼ੀਰਾ
ਘਰ, ਸੜਕਾਂ ਤੇ ਚੌਂਕ (ਕਵਿਤਾ) ਭੁਪਿੰਦਰ, ਪੰਨੇ 89 ਮੁੱਲ 80 ਚੇਤਨਾ ਪ੍ਰਕਾਸ਼ਨ ਲੁਧਿਆਣਾ
ਜੁਆਲਾ ਮੁਖੀ (ਨਾਵਲ) ਸ਼ਾਹ ਚਮਨ, ਪੰਨਾ-174, ਮੁੱਲ 100/ ਚੇਤਨਾ ਪ੍ਰਕਾਸ਼ਨ ਲੁਧਿਆਣਾ
ਅਗਨ ਫੁੱਲ (ਕਵਿਤਾ, ਪ੍ਰੀਤਮ ਸਿੰਘ ਪੰਧੇਰ-ਪੰਨੇ 90 ਮੁੱਲ 22/50 ਏਸ਼ੀਆ ਵਿਜ਼ਨਜ਼ ਲੁਧਿਆਣਾ
ਮੋਹ-ਮਿੱਟੀ (ਕਹਾਣੀਆਂ) ਸੁਖਵੰਤ ਕੌਰ ਮਾਨ-ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ ਲੁਧਿਆਣਾ
ਧਰਮ-ਗੁਰੂ (ਨਾਟਕ) ਸਵਰਜਾਬੀਰ-ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ ਲੁਧਿਆਣਾ
ਸ਼ਿਲਾਲੇਖ (ਕਵਿਤਾ) ਅਜੀਤ ਸਿੰਘ ਰਾਹੀ -ਚੇਤਨਾ ਪ੍ਰਕਾਸ਼ਨ ਲੁਧਿਆਣਾ
ਉਨੀਂਦਰੇ ਖਾਬ (ਕਵਿਤਾ ਸੰਗ੍ਰਿਹ) ਧਰਮਪਾਲ ਸਾਹਿਲ, ਸਾਹਿਲ ਪ੍ਰਕਾਸ਼ਨ, ਤਲਵਾੜਾ
ਸੁਲਘਦੀ ਅੱਗ (ਕਵਿਤਾ) ਪ੍ਰੀਤਮ ਪੰਧੇਰ. ਪੰਨੇ 96, ਮੁੱਲ 30/- ਪੰਧੇਰ ਪ੍ਰਕਾਸ਼ਨ, ਲੁਧਿਆਣਾ

# ਲਿੰਗ-ਤ੍ਰਿਸ਼ਨਾ/ਪਾਬਲੋ ਨੇਰੂਦਾ

ਗਰਮੀਆਂ ਦੀ ਰੁੱਤੇ
ਸ਼ਾਮ ਦੇ ਘੁਸਮੁਸੇ ਵਿਚ
ਜਦੋਂ ਇੰਡੀਅਨਾਂ ਦੇ ਆਖਰੀ ਗੱਡੇ ਲੰਘ ਰਹੇ ਸਨ
ਕੰਬਦੀਆਂ ਰੌਸ਼ਨੀਆਂ
ਤੇ ਜੰਗਲ ਦੀਆਂ ਅੱਗਾਂ ਦੇ ਧੂੰਏ ਵਿਚ,
ਧੂੰਆਂ ਜਿਹੜਾ ਵੱਲ ਖਾਂਦਾ ਗਲੀਆਂ ਤੀਕ ਆ ਪਹੁੰਚਦਾ ਹੈ।
ਦੂਰ ਬਲਦੀ ਅੱਗ ਦੀ ਸੁਰਖ਼ ਸੁਆਹ ਵਿਚ
ਮੈਂ ਮਾਤਮੀ ਸਥਿਤੀ ਵਿਚ ਲੇਟਿਆ ਪਿਆ ਸੀ।

ਨਿੱਕਰ ਪਾਈ, ਪਤਲੀਆਂ ਲੱਤਾਂ ਤੇ ਨੰਗੇ ਗੋਡੇ ਕੱਢੀ
ਅਚਾਨਕ ਮਿਲੇ ਖਜ਼ਾਨਿਆਂ ਤੇ ਨਜ਼ਰਾਂ ਟਿਕਾਈ
ਅਲਸਾ ਰਿਹਾ ਸਾਂ ਜਦੋਂ, ਤਾਂ ਗਲੀ ਦੇ ਦੂਸਰੇ ਪਾਸੇ
'ਰੋਸੀਟਾ' ਤੇ 'ਜੋਸੀ ਫਾਈਨਾ'
ਜਿਨ੍ਹਾਂ ਦੇ ਦੰਦ ਤੇ ਅੱਖਾਂ
ਰੌਸ਼ਨੀ ਵਿਚ ਚਮਕਦੇ ਸਨ
ਮੈਨੂੰ ਬੁਲਾ ਰਹੀਆਂ ਸਨ।

ਮੈਂ ਦੁਚਿੱਤੀ ਵਿਚ, ਡਰੇ ਹੋਏ ਨੇ ਗਲੀ ਪਾਰ ਕੀਤੀ
ਤੇ ਹਾਲੀ ਮੈਂ ਸੰਭਲਿਆ ਵੀ ਨਹੀਂ ਸੀ
ਕਿ ਉਨਾਂ ਮੇਰੇ ਕੰਨ ਵਿਚ ਫੂਕ ਮਾਰੀ
ਘੁਸਰ ਮੁਸਰ ਕੀਤੀ।
ਮੇਰੇ ਹੱਥ ਫੜ ਲਏ
ਅੱਖਾਂ ਢੱਕ ਦਿੱਤੀਆਂ
ਤੇ ਨਾਨਬਾਈ ਦੀ ਦੁਕਾਨ
ਵੱਲ ਖਿੱਚਦੀਆਂ ਨੱਸ ਤੁਰੀਆਂ
ਮੇਰੀ ਨਿਰਛਲਤਾ ਸਮੇਤ।

ਮੇਜ਼ਾਂ ਦੀ ਚੁੱਪ
ਬਰੈੱਡ ਲਈ ਗੰਭੀਰ ਥਾਂ
ਲੋਕਾਂ ਤੋਂ ਸੱਖਣੀ
ਤੇ ਉਹ ਦੋਵੇਂ
ਪਹਿਲਾਂ 'ਰੋਸੀਟਾ'
ਤੇ ਅਖੀਰ 'ਜੋਸੀਫਾਈਨਾ' ਦਾ ਕੈਦੀ ਬਣਿਆ

ਉਹ ਮੈਨੂੰ ਨਿਰਬਸਤਰ ਕਰਨਾ ਚਾਹੁੰਦੀਆਂ
ਮੈਂ ਭੱਜਿਆ, ਕੰਬਦਾ ਹੋਇਆ
ਪਰ ਮੈਂ ਭੱਜ ਨਾ ਸਕਿਆ
ਮੇਰੀਆਂ ਲੱਤਾ ਜਵਾਬ ਦੇ ਗਈਆਂ



ਉਹਨਾਂ ਦੋ ਜਾਦੂਗਰਨੀਆਂ ਨੇ
ਇੱਕ ਕਰਾਮਾਤ ਵਿਖਾਈ।
ਨਿੱਕੇ ਜਹੇ ਜੰਗਲੀ ਪੰਛੀ ਦਾ
ਨਿੱਕ ਮੁਨਿੱਕਾ ਆਹਲਣਾ
ਚਿੱਟੇ ਅੰਗੂਰਾਂ ਵਰਗੇ ਵਿਚ ਪੰਜ ਆਂਡੇ
ਜੰਗਲੀ ਜੀਵਨ ਦੀ ਨਿੱਕੀ ਜੇਹੀ ਰਚਨਾ
ਮੈਂ ਫੜਨ ਲਈ ਹੱਥ ਵਧਾਏ
ਤੇ ਉਹ ਮੇਰੇ ਕੱਪੜੇ ਟਟੋਲਦੀਆਂ
ਮੈਨੂੰ ਛੂਹਦੀਆਂ
ਅੱਡੀਆਂ ਅੱਖਾਂ ਨਾਲ ਉਹਨਾਂ ਵੇਖਿਆ
ਆਪਣੇ ਪਹਿਲੇ [redacted]ਕ ਜੇਹੇ ਮਰਦ ਨੂੰ

ਭਾਰੇ ਪੈਰਾਂ ਦੀ ਚਾਪ
ਮੇਰਾ ਪਿਤਾ ਆਇਆ।
ਖੰਘਦਾ, ਨਾਲ ਕੁਝ ਅਜਨਬੀ ਬੰਦੇ
ਤੇ ਅਸੀਂ ਸਭ ਗੂੜੇ ਹਨੇਰੇ ਵਿਚ
ਦੌੜਦੇ ਛਿਪਨ ਹੋ ਗਏ।
ਦੋਵੇ ਡਾਕੂ ਤੇ ਮੈਂ ਉਹਨਾਂ ਦਾ ਕੈਦੀ
ਮਕੜੀ ਦੇ ਜਾਲਿਆਂ ਵਿਚਕਾਰ
ਘੜਮੱਸ ਪਾਉਂਦੇ

ਇਕ ਮੇਜ਼ ਥੱਲੇ ਲੁਕੇ, ਕੰਬਦੇ
ਜਦੋਂ ਕਿ ਕਰਾਮਾਤ
ਹਲਕੇ ਨਾਲੇ ਰੰਗ ਦੇ ਅੰਡਿਆਂ ਵਾਲਾ ਆਹਲਣਾ
ਸਾਡੇ ਹੱਥੋਂ ਡਿੱਗ ਪਿਆ
ਤੇ ਵਿਘਨ ਪਾਉਣ ਵਾਲੀਆਂ ਘੁਸ-ਬੈਠੀਆਂ
ਦੇ ਪੈਰਾਂ ਹੇਠ ਆ ਕੇ ਕੁਚਲਿਆ ਗਿਆ
ਆਪਣੀ ਸ਼ਕਲ ਤੇ ਸੁਗੰਧੀ ਸਮੇਤ

ਹਨੇਰੇ ਵਿਚ ਦੋਵੇਂ ਕੁੜੀਆਂ ਆਟੇ ਦੀ ਗੰਧ ਨਾਲ ਰਲਿਆ ਖ਼ੌਫ
ਤੇ ਪ੍ਰੇਤਾਂ ਦੀ ਪੈਰ-ਚਾਪ
ਹੌਲੀ ਹੌਲੀ ਸੰਧਿਆ ਹੋਰ ਗੂੜੀ ਹੁੰਦੀ ਗਈ।
ਤੇ ਮੈਂ ਪਹਿਲੀ ਵਾਰ ਅਨੁਭਵ ਕੀਤਾ
ਕਿ ਮੇਰੇ ਲਹੂ ਵਿਚ
ਕੋਈ ਤਬਦੀਲੀ ਆ ਰਹੀ ਸੀ
ਤੇ ਮੇਰੇ ਹੱਥਾਂ ਵਿਚ, ਤੇ ਮੂੰਹ ਤੇ
ਬਿਜਲੀ ਦਾ ਕੋਈ ਫੁੱਲ ਉਦੈ ਹੋ ਰਿਹਾ ਸੀ
ਭੁੱਖਾ ਤੇ ਚਮਕਦਾ
ਤ੍ਰਿਸ਼ਨਾਂ ਦਾ ਸੂਹਾ ਫੁੱਲ।

## ਗਿਰ ਰਿਹਾ ਗਰਾਫ/(ਨਿੰਦਰ ਗਿੱਲ)

'ਗਿਰ ਰਿਹਾ ਗਰਾਫ' ਪਰਵਾਸੀ, ਪੰਜਾਬੀ ਲੇਖਕ ਨਿੰਦਰ ਗਿੱਲ ਦਾ 'ਨਵਾਂ ਨਾਵਲ ਹੈ। ਜਿਹੜਾ ਉਹਨੇ ਪਿਛਲੇ ਸਾਲਾਂ ਵਿਚ ਸਵੀਡਨ ਦੇ ਸਮਾਜਿਕ, ਆਰਥਿਕ, ਰਾਜਸੀ ਤੇ ਸਭਿਆਚਾਰਕ ਜੀਵਨ ਨੂੰ ਡੂੰਘੀ ਤਰ੍ਹਾਂ ਘੋਖਕੇ ਤੇ ਸਮਝ ਕੇ ਲਿਖਿਆ ਹੈ। ਜਿਸ ਵਿਚ ਨਿੰਦਰ ਨੇ ਆਪਣੀ ਸਮਾਜਿਕ ਸੂਝ ਦਾ ਡੂੰਘਾ ਪਰਗਟਾਵਾ ਕੀਤਾ ਹੈ।

ਪੰਜਾਬੀ ਨਾਵਲਕਾਰੀ ਵਿਚ ਨਿੰਦਰ ਗਿੱਲ ਦਾ ਆਪਣਾ ਵਿਸ਼ੇਸ਼ ਤੇ ਵਿਲੱਖਣ ਸਥਾਨ ਹੈ। ਅਤਿਵਾਦ ਦੇ ਦਿਨਾਂ ਬਾਰੇ ਲਿਖੇ ਉਹਦੇ ਦੋ ਵੱਡ ਆਕਾਰੀ ਨਾਵਲ "ਪੰਜਾਬ-84 ਤੇ 'ਦਹਿਸ਼ਤ ਦੇ ਦਿਨਾਂ' ਵਿਚ ਉਸ ਸਮੇਂ ਦੇ ਸਮੁੱਚੇ ਪੰਜਾਬੀ ਸਮਾਜ ਦੀ ਮਾਨਸਿਕਤਾ ਨੂੰ ਪੇਸ਼ ਕਰਦੇ ਹਨ। ਉਹਦੇ ਦੂਜੇ ਨਾਵਲ ਵੀ ਉਸ ਦੀ ਸਮਾਜਿਕ ਤੇ ਰਾਜਸੀ ਚੇਤਨਾ ਦਾ ਪਰਗਟਾਵਾ ਤੇ ਤਲਖ ਯਥਾਰਥ ਨੂੰ ਬੇਲਾਗ ਹੋ ਕੇ ਪੇਸ਼ ਕਰਦਾ ਹੈ। ਉਹਦਾ ਆਪਣਾ ਇੱਕ ਵਿਸ਼ੇਸ਼ ਰਾਜਸੀ ਤੇ ਸਮਾਜਿਕ ਦ੍ਰਿਸ਼ਟੀਕੋਣ ਹੈ। ਉਹ ਆਪਦੇ ਪੱਖ ਨੂੰ ਸਹਿਜ ਰੂਪ ਵਿਚ ਪੇਸ਼ ਕਰਦਾ ਹੈ। ਉਹਨੂੰ ਪੇਸ਼ ਕਰਨ ਲਈ ਡੰਡੀ ਨਹੀਂ ਮਾਰਦਾ। ਉਹ ਹਰ ਕਿਸਮ ਦੇ ਰੁਮਾਂਸਵਾਦ ਤੋਂ ਮੁਕਤ ਹੈ। ਉਹ ਵੱਡੇ ਤੋਂ ਵੱਡੇ ਮਸਲੇ ਨੂੰ ਸਹਿਜ ਰੂਪ ਵਿਚ ਪੇਸ਼ ਕਰਦਾ ਹੈ। ਉਸਦੇ ਨਾਵਲਾਂ ਵਿਚ ਕਰੂਰ ਯਥਾਰਥ ਦੀ ਪੇਸ਼ਕਾਰੀ ਦੇ ਬਾਵਜੂਦ ਸਧਾਰਨ ਪਾਠਕ ਵੀ ਬੋਰ ਨਹੀਂ ਹੁੰਦਾ।

ਹਥਲੇ ਨਾਵਲ 'ਗਿਰ ਰਿਹਾ ਗਰਾਫ' ਉਪਰੋਕਤ ਕਥਨਾਂ ਦੀ ਪਰੋੜ੍ਹਤਾ ਕਰਦਾ ਹੈ। ਨਾਵਲ ਵਿਚ ਇਕ ਸਵੀਡਸ਼ ਕੁੜੀ ਕੈਰੀਨ ਦੀ ਕਹਾਣੀ ਹੈ। ਜਿਹੜੀ ਗੈਰ ਕਾਨੂੰਨੀ ਢੰਗ ਨਾਲ ਆਪਣਾ ਜਿਸਮ ਵੇਚਣ ਦਾ ਧੰਦਾ ਕਰਦੀ ਹੈ ਅਤੇ ਆਪਣੇ ਬੱਚੇ ਪਾਲਦੀ ਹੈ। ਨਾਵਲ ਦੀ ਸਾਰੀ ਕਹਾਣੀ ਉਸਦੇ ਇਕ ਦਿਨ ਦੇ ਜੀਵਨ ਦਾ ਵਰਨਣ ਹੈ। ਪ੍ਰੰਤੂ ਐਨੇ ਸਮੇਂ ਵਿਚ ਹੀ ਲੇਖਕ ਸਮੁੱਚੇ ਸਵੀਡਸ਼ ਸਮਾਜ ਦੇ ਸਾਰੇ ਪੱਖਾਂ ਨੂੰ ਪੇਸ਼ ਕਰ ਜਾਂਦਾ ਹੈ। ਇਹ ਕੁਝ ਲੇਖਕ ਨੇ ਉਵੇਂ ਕੀਤਾ ਹੈ ਜਿਵੇਂ ਅਤਿਵਾਦ ਦੇ ਦੌਰ ਬਾਰੇ ਲਿਖੇ ਨਾਵਲਾਂ ਵਿਚ ਉਹਨੇ ਪੰਜਾਬੀ ਸਮਾਜ ਬਾਰੇ ਕੀਤਾ ਹੈ। ਕਿਸੇ ਪਰਵਾਸੀ ਲੇਖਕ ਲਈ ਓਪਰੇ ਸਮਾਜ ਬਾਰੇ ਕਲਚਰ ਦੇ ਭਾਰੀ ਅੰਤਰ ਦੇ ਬਾਵਜੂਦ ਲੇਖਕ ਅਜਿਹਾ ਕਰਨ ਵਿਚ ਸਫਲ ਹੋਇਆ ਹੈ। ਨਾਵਲ ਵਿਚ ਪੇਸ਼ ਮਸਲੇ ਕੇਵਲ ਸਵੀਡਨ ਦੇ ਨਹੀਂ ਹਨ, ਬਲਕਿ ਸਮੁੱਚੇ ਸੰਸਾਰ ਦੇ ਹਨ। ਅੱਜ ਸਾਰੇ ਦੇਸ਼ ਕਿਸੇ ਨਾ ਕਿਸੇ ਪੱਖ ਤੋਂ ਸੰਕਟ ਗਰਸਤ ਹਨ। ਸੋਵੀਅਤ ਰੂਸ ਤੇ ਹੋਰਨਾਂ ਪੂਰਬੀ ਯੋਰਪ ਦੇ ਦੇਸ਼ਾਂ ਵਿਚ ਸਮਾਜਵਾਦੀ ਦੀ ਅਸਫਲਤਾ ਨੇ ਇਹ ਸੰਕਟ ਨੂੰ ਹੋਰ ਡੂੰਘਾ ਕੀਤਾ ਹੈ। ਇਹ ਸੰਕਟ ਵਿਚਾਰ ਧਾਰਾ ਦਾ ਸੰਕਟ ਹੈ। ਨਾਵਲ ਦੀ ਨਾਇਕਾ ਇਹਨਾਂ ਸਾਰੇ ਸੰਕਟਾਂ ਨੂੰ ਆਪ ਭੋਗਦੀ ਹੈ। ਪ੍ਰੰਤੂ ਉਸ ਦੀ ਜਿਉਣ ਦੀ ਲਾਲਸਾ ਉਸਨੂੰ ਸੰਘਰਸ਼ ਕਰਨ ਲਈ ਪ੍ਰੇਰਦੀ ਹੈ। ਉਹ ਇਕ ਸਤਿਕਾਰਯੋਗ ਤੇ ਮਾਣਮੱਤੇ ਜੀਵਨ ਦੀ ਲਾਲਸਾ ਕਰਦੀ ਹੈ। ਪ੍ਰੰਤੂ ਪਰਸਥਿਤੀਆਂ ਉਹਨੂੰ ਸਰੀਰ ਵੇਚਕੇ ਜਿਊਣ ਲਈ ਮਜਬੂਰ ਕਰ ਦਿੰਦੀਆਂ ਹਨ। ਲੇਖਕ ਵੱਖ ਵੱਖਰੇ ਪਾਤਰਾਂ ਰਾਹੀਂ ਪਰਸਥਿਤੀਆਂ ਨੂੰ ਬਿਆਨ ਕਰਦਾ ਹੈ ਤੇ ਜਿਸਮ ਵੇਚਣ ਲਈ ਮਜਬੂਰੀ ਨੂੰ ਦਲੀਲਾਂ ਸਾਹਿਤ ਪੇਸ਼ ਕਰਦਾ ਹੈ।

ਨਾਵਲ ਵਿਚ ਕੈਰੀਨ ਤੋਂ ਬਿਨਾਂ ਹੋਰ ਵੀ ਪਾਤਰ ਹਨ। ਜਿਹੜੇ ਆਪਦੇ ਜਾਤੀ ਤੇ ਜਮਾਤੀ ਸੰਸਕਾਰਾਂ ਤੋਂ ਮੁਕਤ ਨਹੀਂ ਹੋ ਸਕੇ। ਭਾਰਤੀ ਪਰਵਾਸੀ ਪ੍ਰੇਮ ਪਾਠਕ ਇਸ ਦਾ ਇਕ ਨਮੂਨਾ ਹੈ। ਉਹ ਖੱਬੇ ਪੱਖੀ ਵਿਚਾਰਧਾਰਾ ਦੀ ਗੱਲ ਕਰਦਾ ਹੋਇਆ ਵੀ ਆਪਦੇ ਪੰਡਤਾਊ ਸੰਸਕਾਰਾਂ ਤੋਂ ਛੁਟਕਾਰਾ ਨਹੀਂ ਪਾ ਸਕਿਆ। ਨਾਵਲ ਦਾ ਬਿਆਨ ਬਹੁਤ ਸੰਘਣਾ ਹੈ, ਜਿਸ ਨਾਲ ਥੋਹੜੇ ਸ਼ਬਦ ਵਰਤ ਕੇ ਵੱਧ ਤੋਂ ਵੱਧ ਗੱਲ ਕਹਿੰਦਾ ਹੈ। ਸੰਸਾਰ ਵਿਆਪੀ ਆਰਥਕ ਸੰਕਟ ਦੇ ਮਾਰੇ ਲੋਕ ਆਪਣੇ ਦੇਸ਼ ਛੱਡ ਕੇ ਦੂਜੇ ਦੇਸ਼ਾਂ ਨੂੰ ਭੱਜਦੇ ਹਨ। ਦੂਜੇ ਦੇਸ਼ ਜਾ ਕੇ ਉਥੋਂ ਦੇ ਸੰਕਟ ਨੂੰ ਹੋਰ ਡੂੰਘਾ ਕਰਦੇ ਹਨ। ਸਰਮਾਏਦਾਰ ਇਸ ਤਰ੍ਹਾਂ ਆਪਦੀ ਲੁੱਟ ਨੂੰ ਕਾਇਮ ਹੀ ਨਹੀਂ ਰਖਦੇ ਬਲਕਿ ਉਹਨੂੰ ਹੋਰ ਤਿੱਖਾ ਕਰਦੇ ਹਨ ਤੇ ਆਪਣੇ ਮੁਨਾਫੇ ਵਿਚ ਢੇਰ ਵਾਧਾ ਕਰਦੇ ਹਨ। ਅਖੌਤੀ ਮਜ਼ਦੂਰ ਤੇ ਕਮਿਊਨਿਸਟ ਪਾਰਟੀਆਂ ਕੇਵਲ ਛੋਟੇ ਮੋਟੇ ਲਾਭਾਂ ਲਈ ਹੀ ਸੰਘਰਸ਼ ਕਰਦੀਆਂ ਹਨ। ਕਿਸੇ ਵੱਡੀ ਸਮਾਜਿਕ ਤਬਦੀਲੀ ਲਈ ਨਹੀਂ। ਖੱਬੇ ਪੱਖੀ ਧਿਰਾਂ ਸਥਾਪਤੀ ਦੇ ਵਿਰੁਧ ਸੰਘਰਸ਼ ਕਰਨ



ਦੀ ਥਾਂ ਇਕ ਦੂਜੇ ਵਿਰੁੱਧ ਲੜਨ ਉਤੇ ਵਧ ਜ਼ੋਰ ਲਾਉਂਦੀਆ ਹਨ। ਸਵੀਅਤ ਤਰਜ ਦੇ ਸਮਾਜਵਾਦ ਦੀ ਅਸਫਲਤਾ ਨੂੰ ਸਮਾਜਵਾਦ ਦੀ ਵਿਚਾਰਧਾਰਾ ਦੀ ਹਾਰ ਵਜੋਂ ਪੇਸ਼ ਕਰਦੀਆ ਹਨ। ਬਹੁਤੀਆਂ ਪਾਰਟੀਆ ਨੇ ਆਪਦੇ ਨਾਵਾਂ ਨਾਲੋਂ ਕਮਿਊਨਿਸਟ ਹੋਂਦ ਦਾ ਲੇਬਲ ਹੀ ਲਾਹ ਦਿੱਤਾ ਹੈ।

ਨਾਵਲ ਵਿਚ ਲੇਖਕ ਸੰਸਾਰ ਵਿਆਪੀ ਸੰਕਟ ਨਾ ਜਾਇਜ਼ਾ ਪੇਸ਼ ਕਰਦਾ ਹੈ। ਕੰਮਪਿਊਟਰ ਜਿਹੜਾ ਮਨੁੱਖੀ ਦਿਮਾਗ ਦੀ ਉਤਮ ਕਾਢ ਹੈ। ਉਹ ਵੀ ਇਸ ਸੰਕਟ ਨੂੰ ਡੂੰਘਾ ਕਰਨ ਦਾਂ ਕਾਰਨ ਬਣ ਗਿਆ ਹੈ। ਇਸ ਨਾਲ ਬੇਰੁਜ਼ਗਾਰੀ ਵਿਚ ਵਾਧਾ ਹੋਇਆ ਹੈ।

ਇਤਿਹਾਸ ਗਵਾਹ ਹੈ ਕਿ ਆਰਥਿਕ ਸੰਕਟ ਦੇ ਨਾਲ ਦੂਜੇ ਰਾਜਸੀ ਤੇ ਸਮਾਜਿਕ ਸੰਕਟ ਹੋਰ ਡੂੰਘੇ ਹੋਏ ਹਨ। ਅਜਿਹੇ ਸਮੇਂ ਇਤਿਹਾਸ ਨੂੰ ਪੁਠਾ ਗੇੜਾ ਦੇਣ ਵਾਲੀਆਂ ਸ਼ਕਤੀਆਂ ਤੇ ਵਿਚਾਰਧਾਰਾਵਾਂ ਉਪਜਦੀਆਂ ਹਨ। ਸਰਮਾਏਦਾਰੀ ਇਹਨਾਂ ਰਾਹੀਂ ਆਪਦੀ ਉਮਰ ਨੂੰ ਹੋਰ ਲੰਮੇਰੀ ਕਰਨ ਦੇ ਯਤਨ ਵਜੋਂ ਇਹਨਾਂ ਨੂੰ ਸ਼ਹਿ ਦਿੰਦੀ ਹੈ। ਜਿਵੇਂ ਸਵੀਡਨ ਦੇ ਸਕਿਨ ਹੈਡ ਹਨ। ਜਿਹੜੇ ਪਰਵਾਸੀਆਂ ਨੂੰ ਹੀ ਸਾਰੇ ਸੰਕਟ ਦੇ ਮੂਲ ਵਜੋਂ ਪੇਸ਼ ਕਰਦੇ ਹਨ।

ਬਹੁਕੌਮੀ ਕੰਪਨੀਆਂ ਆਪਦੇ ਮੁਨਾਫੇ ਕਾਇਮ ਰੱਖਣ ਲਈ ਨਵੇਂ ਨਵੇਂ ਹੱਥ ਕੰਡੇ ਵਰਤਦੀਆਂ ਹਨ। ਵਿਕਸਤ ਦੇਸ਼ਾਂ ਵਿਚੋਂ ਸਨਅਤ ਕੱਢ ਕੇ ਪੱਛੜੇ ਦੇਸ਼ਾਂ ਵੱਲ ਲੈ ਜਾਂਦੀਆਂ ਹਨ। ਜਿਥੇ ਮਜਦੂਰ ਸਸਤਾ ਤੇ ਗੈਰ ਸੰਘਠਤ ਹੈ। ਸਰਮਾਏਦਾਰੀ ਦੇ ਵਿਕਾਸ ਨੇ ਮਨੁੱਖ ਹਿਤੂ ਹੋਣ ਦੀ ਥਾਂ ਇਸ ਧਰਤੀ ਉਤੇ ਹੀ ਨਰਕ ਸਿਰਜ ਦਿਤਾ ਹੈ। ਮਨੁੱਖ ਵਲੋਂ ਹਜ਼ਾਰਾਂ ਸਾਲਾਂ ਦੀ ਮਿਹਨਤ ਉਪਰੰਤ ਸਿਰਜੀ ਤਹਿਜ਼ੀਬ ਦੇ ਪਰਖਚੇ ਉਡ ਰਹੇ ਹਨ। ਜੀਵਨ ਦੇ ਕਿਸੇ ਅੰਗ ਵਿਚ ਕੋਈ ਜ਼ਾਬਤਾ, ਕੋਈ ਅਸੂਲ ਨਹੀਂ ਰਹਿ ਗਿਆ। ਸਭ ਕੁਝ ਵਿਚ ਉਲਟ ਪਲਟ ਤੇ ਤੋੜ ਭੰਨ ਹੋ ਰਹੀ ਹੈ। ਸਭ ਕੁਝ ਬੰਧਨ ਮੁਕਤ ਹੋ ਰਿਹਾ ਹੈ। ਇਸ ਵਿਚ ਸਭ ਤੋਂ ਵੱਧ ਬੇਲਗਾਮਾ ਸੈਕਸ ਹੋਇਆ ਹੈ।

ਨਾਵਲ ਦੇ ਸਮੁਚੇ ਪਾਠ ਉਪਰੰਤ ਦੋ ਗੱਲਾਂ ਸਾਹਮਣੇ ਪੇਸ਼ ਹੁੰਦੀਆਂ ਹਨ। ਪਹਿਲੀ ਇਹ ਕਿ ਮਨੁੱਖ ਦੀ ਜੀਵਨ ਲਾਲਸਾ ਸਭ ਤੋਂ ਪਰਬਲ ਹੈ। ਇਹ ਇਸ ਲਈ ਸੰਘਰਸ਼ ਵੀ ਕਰਦਾ ਹੈ ਤੇ ਅਤਿ ਦੇ ਭੈੜੇ ਹਾਲਾਤ ਵਿਚ ਇਸ ਨੂੰ ਕਾਇਮ ਰੱਖਦਾ ਹੈ। ਦੂਜੇ ਅਜ ਸਭ ਕੁਝ ਸੰਕਟ ਗ੍ਰਸਤ ਹੈ। ਇਸ ਨੂੰ ਮੁੜ ਨਵੇਂ ਸਿਰਿਉਂ ਵਿਉਤਣ ਤੇ ਮੁੜ ਸਿਰਜਣ ਦੀ ਲੋੜ ਹੈ। ਮਨੁੱਖਤਾ ਵਿਰੋਧੀ ਸ਼ਕਤੀਆਂ, ਸੰਸਥਾਵਾਂ ਤੇ ਪਰਬੰਧਾਂ ਨੂੰ ਢਾਹ ਕੇ ਨਵਾਂ ਮਨੁੱਖਵਾਦੀ ਸਮਾਜ ਸਿਰਜਣ ਦੀ ਲੋੜ ਹੈ। ਅਜੋਕੇ ਖੋਖਲੇ ਹੋ ਚੁੱਕੇ ਸਮਾਜਿਕ, ਧਾਰਮਿਕ, ਨੈਤਿਕ, ਰਾਜਸੀ ਤੇ ਆਰਥਿਕ ਢਾਂਚੇ ਨੂੰ ਥੰਮੀਆਂ ਤੇ ਠੁੰਮਣੇ ਦੇ ਕੇ ਕਾਇਮ ਨਹੀਂ ਰੱਖਿਆ ਜਾ ਸਕਦਾ। ਇਹ ਕੁਝ ਜਿੰਨੀ ਛੇਤੀ ਹੋ ਜਾਵੇ, ਉਨੀ ਹੀ ਮਨੁੱਖਤਾ ਦੀ ਭਲਾਈ ਹੈ।

ਨਿੰਦਰ ਗਿੱਲ ਹਥਲੇ ਨਾਵਲ ਵਿਚ ਇਸ ਸਭ ਕੁਝ ਨੂੰ ਕਲਾਮਈ ਢੰਗ ਨਾਲ ਪੇਸ਼ ਕਰਨ ਵਿਚ ਸਫਲ ਰਿਹਾ ਹੈ। —**ਸੁਰਜੀਤ ਗਿੱਲ**

## ਕੰਧ ਉਹਲੇ ਪਰਦੇਸ (ਹਰਭਜਨ ਸਿੰਘ ਹੁੰਦਲ)

ਉੱਘੇ ਕਵੀ ਹਰਭਜਨ ਸਿੰਘ ਹੁੰਦਲ ਨੇ ਕੁਝ ਵਾਰਤਕ ਪੁਸਤਕਾਂ ਲਿਖ ਕੇ ਅਤੇ ਅਨੁਵਾਦ ਕਰਕੇ ਆਪਣੇ ਆਪ ਨੂੰ ਬਹੁ-ਪੱਖੀ ਲੇਖਕ ਵਜੋਂ ਸਥਾਪਤ ਕਰ ਲਿਆ ਹੈ। ਵਾਰਤਕ ਪੁਸਤਕਾਂ ਵਿਚ ਉਸ ਦੇ ਤਿੰਨ ਸਫਰਨਾਮੇ 'ਯਾਤਰੀ ਦੀ ਅੱਖ,' 'ਪਾਕਿਸਤਾਨ ਵਿਚ ਦਸ ਦਿਨ' ਤੇ 'ਕੰਧ ਉਹਲੇ ਪਰਦੇਸ' ਸ਼ਾਮਲ ਹਨ।

'ਕੰਧ ਉਹਲੇ ਪਰਦੇਸ' ਉਸ ਦੀ ਤਿੰਨ ਦੇਸ਼ਾਂ ਅਮਰੀਕਾ, ਕੈਨੇਡਾ ਤੇ ਇੰਗਲੈਂਡ ਦੀ ਯਾਤਰਾ ਨਾਲ ਜੁੜੇ ਅਨੁਭਵ ਅੰਕਿਤ ਕੀਤੇ ਗਏ ਹਨ। ਮਿਲਵਾਕੀ (ਅਮਰੀਕਾ) ਵਿਖੇ ਹੋਣ ਵਾਲੀ ਵਿਸ਼ਵ ਪੰਜਾਬੀ ਕਾਨਫਰੰਸ ਉਸ ਦੀ ਯਾਤਰਾ ਦਾ ਆਧਾਰ ਬਣੀ। ਇਸ ਯਾਤਰਾ ਪੁਸਤਕ ਦੀ ਵੱਡੀ ਸਿਫਤ ਇਸ ਵਿਚਲੇ ਵਰਨਣ ਦਾ ਅਨੁਭਵ ਦੀ ਸੱਚਾਈ ਦੇ ਨਾਲ ਨਾਲ ਤੁਰਨਾ ਹੈ ਜੋ ਆਰੰਭ ਤੋਂ ਪ੍ਰਗਟ ਹੋਣ ਲਗਦੀ ਹੈ। ਜਦੋਂ

ਇਸ ਦੇ ਪਹਿਲੇ ਅਧਿਆਏ 'ਤਿਆਗੀ ਤੇ ਤੰਖਲੇ' ਵਿਚ ਲੇਖਕ ਇਹ ਬਿਆਨ ਕਰਦਾ ਹੈ ਕਿ ਸੀਮਤ ਆਰਥਿਕ ਸਾਧਨਾਂ ਵਾਲੇ ਵਿਅਕਤੀ ਲਈ ਵਿਦੇਸ਼ ਯਾਤਰਾ ਦਾ ਪ੍ਰਬੰਧ ਕਰਨਾ ਕਿੰਨਾ ਮੁਸ਼ਕਲ ਤੇ ਖਰਚੀਲਾ ਕਾਰਜ ਹੈ ਹਾਲਾਂਕਿ ਵਿਦੇਸ਼ਾਂ ਵਿਚ ਉਸ ਨੂੰ ਆਪਣੇ ਸੱਜਣਾਂ ਸਨੇਹੀਆਂ ਦੇ ਹੁੰਦਿਆਂ ਰਿਹਾਇਸ਼ ਤੇ ਖਾਣ-ਪੀਣ ਜਾਂ ਘੁੰਮਣ-ਫਿਰਨ 'ਤੇ ਕੋਈ ਖਰਚ ਨਹੀਂ ਸੀ ਕਰਨਾ ਪੈਣਾ।

ਅਮਰੀਕਾ, ਕੈਨੇਡਾ ਤੇ ਇੰਗਲੈਂਡ ਵਿਚ ਵਿਚਰਦਿਆਂ ਹੁੰਦਲ ਨੇ ਜਿੱਥੇ ਇਨ੍ਹਾਂ ਮੁਲਕਾਂ ਦੀ ਤਰਜ਼ੇ-ਜ਼ਿੰਦਗੀ ਦੀਆਂ ਕੁਝ ਝਲਕਾਂ ਪੇਸ਼ ਕੀਤੀਆਂ ਹਨ, ਉਥੇ ਉਸ ਨੇ ਆਪਣਾ ਬਹੁਤਾ ਧਿਆਨ ਪਰਵਾਸੀ ਪੰਜਾਬੀਆਂ ਅਤੇ ਲੇਖਕਾਂ, ਕਲਾਕਾਰਾਂ ਉੱਤੇ ਹੀ ਕੇਂਦਰਤ ਰੱਖਿਆ ਹੈ। ਇਹ ਹੈ ਵੀ ਠੀਕ ਕਿਉਂਕਿ ਇਧਰੋਂ ਗਏ ਬਹੁਤੇ ਯਾਤਰੀਆਂ ਦਾ ਵਾਹ ਇਨ੍ਹਾਂ ਤਕ ਹੀ ਸੀਮਤ ਰਹਿੰਦਾ ਹੈ। ਪੱਛਮੀ ਜੀਵਨ-ਸ਼ੈਲੀ ਦਾ ਸਾਡੀ ਰਹਿਤਲ ਨਾਲੋਂ ਫਰਕ ਹੀ ਏਨਾ ਜ਼ਿਆਦਾ ਹੈ ਕਿ ਸੀਮਤ ਸਮੇਂ ਲਈ ਗਿਆ ਯਾਤਰੀ ਤਾਂ ਕੀ, ਲੰਮੇ ਲੰਮੇ ਸਮੇਂ ਤੋਂ ਉਥੇ ਟਿਕੇ ਪਰਵਾਸੀਆਂ ਵਿਚੋਂ ਵੀ ਬਹੁਤ ਹੀ ਘੱਟ ਉਨ੍ਹਾਂ ਸਮਾਜਾਂ ਵਿਚ ਸ਼ਾਮਲ ਹੋ ਸਕੇ ਹਨ।

ਹਰ ਯਾਤਰੀ ਨੇ ਆਪਣੇ ਸਫਰ ਦੇ ਅਨੁਭਵਾਂ ਨੂੰ ਆਪਣੇ ਸੁਭਾਅ, ਸੋਚ ਅਤੇ ਸਥਿਤੀਆਂ ਅਨੁਸਾਰ ਗ੍ਰਹਿਣ ਕਰਨਾ ਅਤੇ ਜੇ ਉਹ ਯਾਤਰੀ ਲੇਖਕ ਵੀ ਹੋਵੇ ਤਾਂ ਉਸ ਨੇ ਇਨ੍ਹਾਂ ਅਨੁਭਵਾਂ ਨੂੰ ਆਪਣੇ ਹੀ ਅੰਦਾਜ਼ ਵਿਚ ਪ੍ਰਗਟ ਕਰਨਾ ਹੁੰਦਾ ਹੈ। ਉਸ ਵੱਲੋਂ ਦੇਖੀਆਂ ਥਾਂਵਾਂ ਵੀ ਉਹੀ ਹੁੰਦੀਆਂ ਹਨ ਜਿਥੇ ਉਸ ਦੇ ਸੱਜਣ ਸਨੇਹੀ ਉਸ ਨੂੰ ਲਿਜਾ ਤੇ ਦਿਖਾ ਸਕਦੇ ਹਨ। ਕਿਉਂਕਿ ਆਪ ਇਹ ਸਾਰੇ ਪ੍ਰਬੰਧ ਤੇ ਖਰਚ ਕਰਨ ਦੀ ਉਸ ਵਿਚ ਤੌਫੀਕ ਹੀ ਨਹੀਂ ਹੁੰਦੀ। ਫਿਰ ਵੀ ਪ੍ਰਭਾਵ ਗ੍ਰਹਿਣ ਕਰਦਿਆਂ ਉ[illegible] ਮਨ ਦੇ ਉਦਗਾਰ ਤੇ ਪ੍ਰਗਟਾਓ ਸ਼ੈਲੀ ਦੂਜਿਆਂ ਨਾਲੋਂ ਵੱਖਰੇ ਹੁੰਦੇ ਹਨ।

ਇਸ ਪੱਖੋਂ ਸਫਰਨਾਮਾ 'ਕੰਧ ਉਹਲੇ ਪਰਦੇਸ' ਪਹਿਲੇ ਸਫਰਨਾਮਿਆਂ ਵਿਚ ਵਰਣਿਤ ਕੀਤੇ ਗਏ ਕੁਝ ਸਥਾਨਾਂ ਜਿਵੇਂ ਨਿਆਗਰਾ ਫਾਲਜ਼ ਤੇ ਸੀ.ਐਨ.ਟਾਵਰ ਆਦਿ ਦੇ ਜ਼ਿਕਰ ਦੇ ਬਾਵਜੂਦ ਬਹੁਤ ਸਾਰੇ ਪੱਖਾਂ ਤੋਂ ਨਿਵੇਕਲਾ ਹੈ।

ਅਮਰੀਕਾ ਵਿਚ ਹੁੰਦਲ ਦੀ ਠਹਿਰ ਕੇਵਲ ਮਿਲਵਾਕੀ ਵਾਲੀ ਕਾਨਫਰੰਸ ਤਕ ਹੀ ਸੀਮਤ ਰਹੀ। ਇਸ ਦਾ ਉਸ ਨੇ ਬੜਾ ਵੇਰਵੇ ਸਹਿਤ ਬਿਆਨ ਤੇ ਵਿਸ਼ਲੇਸ਼ਣ ਪੇਸ਼ ਕੀਤਾ ਹੈ। ਇਥੇ ਹੀ ਉਹ ਪ੍ਰਸਿੱਧ ਪੰਜਾਬੀ ਚਿੱਤਰਕਾਰ ਜਰਨੈਲ ਸਿੰਘ ਤੇ ਪਾਕਿਸਤਾਨੀ ਪੰਜਾਬੀ ਸ਼ਾਇਰਾ ਸਰਵੱਤ ਮਹੱਈਉਦੀਨ ਨਾਲ ਗੁਫਤਗੂ ਕਰਦਾ ਹੈ ਜਿਨ੍ਹਾਂ ਬਾਰੇ ਉਸ ਦੇ ਬੜੇ ਅਹਿਸਾਸ ਭਰੇ ਅਨੁਭਵ ਪੁਸਤਕ ਵਿਚ ਦਰਜ ਹਨ।

ਕੈਨੇਡਾ ਵਿਚ ਉਸ ਦੀ ਫੇਰੀ ਟੋਰਾਂਟੋ ਤੇ ਐਡਮਿੰਟਨ ਤਕ ਹੀ ਸੀਮਤ ਰਹਿੰਦੀ ਹੈ। ਇਨ੍ਹਾਂ ਸ਼ਹਿਰਾਂ ਵਿਚ ਉਹ ਕਈ ਪੰਜਾਬੀ ਲੇਖਕਾਂ ਨੂੰ ਮਿਲਦਾ ਹੈ ਜਿਨ੍ਹਾਂ ਵਿਚ ਸੁਰਜਨ ਜ਼ੀਰਵੀ, ਦਰਸ਼ਨ ਬਾਗੀ ਤੇ ਬਲਰਾਜ ਚੀਮਾ ਦਾ ਉਹ ਵਿਸ਼ੇਸ਼ ਜ਼ਿਕਰ ਕਰਦਾ ਹੈ। ਐਡਮਿੰਟਨ ਵਿਚ ਪ੍ਰਕਾਸ਼ ਕੌਰ ਨਾਂ ਦੀ ਇਕ ਪਰਵਾਸੀ 'ਅਧਿਆਪਕਾ ਨਾਲ ਵਾਰਤਾਲਾਪ' ਸਿਰਲੇਖ ਵਾਲੇ ਅਧਿਆਏ ਵਿਚ ਹੁੰਦਲ ਨੇ ਭਾਰਤ ਤੇ ਕੈਨੇਡਾ ਦੀਆਂ ਵਿਦਿਅਕ ਪ੍ਰਣਾਲੀਆਂ ਦਾ ਤੁਲਨਾਤਮਕ ਅਧਿਐਨ ਪੇਸ਼ ਕਰਦਿਆਂ ਆਪਣੇ ...ਸਾਂ ਤੇ ਉਨ੍ਹਾਂ ਦੇ ਗੁਣਾਂ ਨੂੰ ਇਕ ਦੂਜੇ ਦੇ ਆਹਮੋ-ਸਾਹਮਣੇ ਰੱਖ ਕੇ ਦੇਖਿਆ ਹੈ। ਇਸ ਤਰ੍ਹਾਂ ਦੋਹਾਂ ਸਮਾ... ਦੇ ਕੁਝ ਗੁਣਾਂ ਔਗੁਣਾਂ ਬਾਰੇ ਵੀ ਸੰਖੇਪ ਚਰਚਾ ਕੀਤੀ ਹੈ ਕਿ ਕਿਵੇਂ ਪੱਛਮੀ ਸਮਾਜਾਂ ਵਿਚ ਵੀ ਸਭ ਅੱਛਾ ਨਹੀਂ ਸਗੋਂ ਕਈ ਗੰਭੀਰ ਘਾਟਾਂ ਵੀ ਹਨ।

ਕੈਨੇਡਾ ਤੋਂ ਲੇਖਕ ਇੰਗਲੈਂਡ ਪਹੁੰਚਦਾ ਹੈ ਜਿਥੇ ਉਹ ਪਹਿਲਾਂ ਵੀ ਚੱਕਰ ਲਾ ਆਇਆ ਸੀ। ਇਸ ਫੇਰੀ ਸਮੇਂ ਉਹ ਇਕ ਪੰਜਾਬੀ ਲੜਕੀ ਦੇ ਵਿਆਹ ਵਿਚ ਸ਼ਾਮਲ ਹੋ ਕੇ ...ਖਰੇ ਅਨੁਭਵਾਂ ਨਾਲ ਦੋ-ਚਾਰ ਹੁੰਦਾ ਹੈ। ਉਸ ਦੀਆਂ ਮੁਲਾਕਾਤਾਂ ਪਰਵਾਸੀ ਪੰਜਾਬੀ ਚਿੱਤਰਕਾਰ ਤੇ ਬੁ...ਘਾੜੇ ਅਵਤਾ...ਜੀਤ ਧੰਜਲ ਅਤੇ ਨੈਰੋਬੀ ਤੋਂ ਇੰਗਲੈਂਡ ਆਏ ਪਰਵਾਸੀ ਪੰਜਾਬੀ ਲੇਖਕ ਮਹਿਰਮਯਾਰ ਨਾਲ ਹੁੰਦੀ... ਨ। ਉਸ ਨੂੰ ਇੰਗਲੈਂਡ ਦੇ 'ਤਿਤਲੀ ਘਰ', ਨੈਸ਼ਨਲ ਮਿਊਜ਼ੀਅਮ ਤੇ ਨੈਸ਼ਨਲ ਗੈਲਰੀ ਆਫ ਅ... ਦੇਖਣ ਦੇ ਮੌਕੇ ਮਿਲਦੇ ਹਨ। ਲੰਡਨ ਦੀ ਠਹਿਰ ਦੌਰਾਨ ਸ਼ਹਿਜ਼ਾਦੀ ਡਿਆਨਾ ਦੀ ਪੈਰਿਸ ਵਿਚ ਹੋਏ ... ਹਾਦਸੇ ਵਿਚ ਮੌਤ ਦੀ ਖਬਰ ਆਉਂਦੀ ਹੈ ਅਤੇ ਇਸ ਪ੍ਰਤੀ ਅੰਗਰੇਜ਼ਾਂ ਤੇ ਅਤਿ ਡੂੰਘੇ ਸਨੇਹ ਭਰੇ ਸ਼ੋਕ ਪ੍ਰਤੀਕਰਮ ਨੂੰ



ਦੇਖਦਿਆਂ ਲੇਖਕ ਡਿਆਨਾ ਨੂੰ 'ਆਮ ਲੋਕਾਂ ਦੀ ਸ਼ਹਿਜ਼ਾਦੀ' ਕਹਿ ਕੇ ਵਡਿਆਉਂਦਾ ਹੈ।

ਲੰਡਨ ਤੋਂ ਉਹ ਆਪਣੇ ਲੇਖਕ ਮਿੱਤਰ ਗੁਰਨਾਮ ਢਿੱਲੋਂ ਕੋਲ ਪੋਰਟਸਮਥ ਨਾਂ ਦੇ ਸਮੁੰਦਰ ਕੰਢੇ ਵੱਸੇ ਸ਼ਹਿਰ ਵਿਚ ਪਹੁੰਚਦਾ ਹੈ। ਇਥੇ ਫਿਰ ਉਸ ਨੂੰ ਪੱਛਮ ਦੀ ਸਮਾਜਕ ਜ਼ਿੰਦਗੀ ਦੇ ਕੁਝ ਨਿਵੇਕਲੇ ਅਨੁਭਵ ਹੁੰਦੇ ਹਨ। ਜਿਨ੍ਹਾਂ ਦਾ ਜ਼ਿਕਰ ਉਹ 'ਢੋਇਆ ਹੋਇਆ ਬੂਹਾ' ਅਤੇ 'ਇਕ ਪੱਖ ਇਹ ਵੀ ਹੈ' ਵਿਚ ਕਰਦਾ ਹੈ।

ਹੁੰਦਲ ਕਿਉਂਕਿ ਮੂਲ ਰੂਪ ਵਿਚ ਕਵੀ ਹੈ, ਇਸ ਲਈ ਸਫਰਨਾਮੇ ਵਿਚ ਉਹ ਦੇ ਵਿਦੇਸ਼ ਯਾਤਰਾ ਨਾਲ ਸਬੰਧਤ ਕੁਝ ਅਨੁਭਵ ਕਾਵਿ ਰਚਨਾਵਾਂ ਦੇ ਰੂਪ ਵਿਚ ਵੀ ਅੰਕਿਤ ਹਨ।

ਸਮੁੱਚੇ ਤੌਰ 'ਤੇ ਹੁੰਦਲ ਦੀ ਇਹ ਪੁਸਤਕ ਪੰਜਾਬੀ ਸਫਰਨਾਮਾ ਸਾਹਿਤ ਦੀ ਨਵੀਂ ਤੇ ਵਿਲੱਖਣ ਵੰਨਗੀ ਹੈ ਜੋ ਪੜ੍ਹਨ ਯੋਗ ਵੀ ਹੈ ਤੇ ਮਾਨਣ ਯੋਗ ਵੀ। ਡੇਢ ਸੌ ਸਫੇ ਦੀ ਇਸ ਪੁਸਤਕ ਨੂੰ ਮਨਪ੍ਰੀਤ ਪ੍ਰਕਾਸ਼ਨ, ਦਿੱਲੀ ਵੱਲੋਂ ਖੂਬਸੂਰਤੀ ਨਾਲ ਛਾਪਿਆ ਗਿਆ ਹੈ। ਪਰ ਇਸ ਦੀ 140 ਰੁਪਏ ਕੀਮਤ ਕੁਝ ਰੜਕਦੀ ਹੈ। **(ਹਰਭਜਨ ਹਲਵਾਰਵੀ)**

## ਉਹਲੇ ਵਿਚ ਉਜਿਆਰਾ (ਮੋਹਨਜੀਤ)

"ਉਹਲੇ ਵਿਚ ਉਜਿਆਰਾ" ਮੋਹਨਜੀਤ ਦਾ ਸੱਜਰਾ ਕਾਵਿ ਸੰਗ੍ਰਹਿ ਹੈ, ਜੋ ਚੇਤਨਾ ਪ੍ਰਕਾਸ਼ਨ ਲੁਧਿਆਣਾ ਵੱਲੋਂ ਪ੍ਰਕਾਸ਼ਤ ਹੋਇਆ ਹੈ। ਮੋਹਨਜੀਤ ਸਾਡੀ ਪੀੜ੍ਹੀ ਦਾ ਸਮਰੱਥ ਸ਼ਾਇਰ ਹੈ। ਆਪਣੇ ਕਾਵਿ-ਸਫਰ ਦੇ ਆਰੰਭ ਤੋਂ ਹੀ ਉਹ ਇਕ ਵੱਖਰੀ ਕਾਵਿ ਸ਼ੈਲੀ ਸਿਰਜਣ ਪ੍ਰਤੀ ਸਵੈ-ਚੇਤੰਨ ਸੀ ਅਤੇ ਇਸ ਕਾਰਜ ਲਈ ਉਸਨੇ ਲੋੜੀਂਦਾ ਅਭਿਆਸ ਤੇ ਮਿਹਨਤ ਕੀਤੀ ਹੈ। ਅੱਜ ਉਹ ਇਸ ਮੁਕਾਮ ਤੇ ਪਹੁੰਚ ਗਿਆ ਹੈ, ਜਿਥੇ ਉਸ ਨੇ ਪੰਜਾਬੀ ਕਾਵਿ ਖੇਤਰ ਵਿਚ ਵੱਖਰੀ ਪਛਾਣ, ਅਲੱਗ ਕਾਵਿ-ਮੁਹਾਵਰਾ, ਮੌਲਿਕ ਬਿੰਬ-ਵਿਧਾਨ ਤੇ ਵਿਕੋਲਿਤਰੀ ਕਾਵਿ-ਸ਼ੈਲੀ ਸਿਰਜ ਲਈ ਹੈ। ਉਸ ਨੂੰ ਵਿਸ਼ੇਸ਼ ਕਾਵਿ-ਸ਼ੈਲੀਕਾਰ ਕਹਿਣ ਵਿਚ ਕੋਈ ਅਤਿ-ਕਥਨੀ ਨਹੀਂ ਹੈ।

ਪਿਛਲੇ ਦੋ ਦਹਾਕਿਆਂ ਦੇ ਸਮੇਂ ਦੌਰਾਨ ਉਸ ਨੇ 'ਤੁਰਦੇ ਫਿਰਦੇ ਮਸਖਰੇ' ਅਤੇ 'ਗੂੜ੍ਹੀ ਲਿਖਤ ਵਾਲਾ ਵਰਕਾ' ਕਾਵਿ-ਸੰਗ੍ਰਹਿਆਂ ਰਾਹੀਂ ਕਾਵਿ-ਰੇਖਾ ਚਿਤਰ ਲਿਖ ਕੇ ਪੰਜਾਬੀ ਦੇ ਗੰਭੀਰ ਪਾਠਕਾਂ ਨੂੰ ਅਚੰਭਤ ਤੇ ਆਕਰਸ਼ਤ ਤੇ ਪ੍ਰਭਾਵਤ ਕੀਤਾ ਸੀ। ਇਹਨਾਂ ਕਾਵਿ-ਚਿਤਰਾਂ ਨੂੰ ਲਿਖਦੇ ਸਮੇਂ ਉਸ ਨੇ ਕਾਵਿ-ਸ਼ਿਲਪ ਦੀਆਂ ਕਈ ਜੁਗਤਾਂ ਵਰਤੀਆਂ ਤੇ ਵਿਕਸਿਤ ਕੀਤੀਆਂ ਸਨ। ਅੱਜ ਜਦੋਂ ਉਹ ਕੋਈ ਕਵਿਤਾ ਲਿਖ ਰਿਹਾ ਹੁੰਦਾ ਹੈ, ਤਾਂ ਆਪ ਮੁਹਾਰੇ ਅਤੇ ਅਚੇਤ ਹੀ ਉਹ ਐਸੀਆਂ ਕਲਾਤਮਿਕ ਵਿਧੀਆਂ ਦੀ ਵਰਤੋਂ ਕਰਦਾ ਹੈ, ਜਿਹੜੀਆਂ ਸ਼ਾਇਦ ਹੋਰ ਕਿਸੇ ਕਵੀ ਲਈ ਸੰਭਵ ਨਹੀਂ ਹਨ।

ਉਸ ਦੇ ਹਥਲੇ ਕਾਵਿ-ਸੰਗ੍ਰਹਿ ਦੇ ਅਧਿਐਨ ਤੋਂ ਇਕ ਹੋਰ ਤੱਥ ਵੀ ਉਜਾਗਰ ਹੁੰਦਾ ਹੈ ਕਿ ਉਹ ਹੁਣ ਅਜੋਕੇ ਦੌਰ ਦੇ ਸਮਾਜਕ ਸਰੋਕਾਰਾਂ ਤੇ ਚਣੌਤੀਆਂ ਦੇ ਪਹਿਲਾਂ ਵਾਂਗ ਸਨਮੁੱਖ ਹੋਣ ਦੀ ਥਾਂ ਪ੍ਰਕਿਰਤੀ ਦੇ ਚਿਤਰਨ ਵੱਲ ਵਧੇਰੇ ਧਿਆਨ ਦਿੰਦਾ ਹੈ। ਨਾਲ ਹੀ ਨਾਲ ਉਹ ਕਵਿਤਾ ਨੂੰ ਇਕ ਚਿਤਰਕਾਰ ਵਾਂਗ ਸਜਾਉਂਦਾ ਹੈ। ਉਸ ਦੀ ਕਵਿਤਾ ਪੜ੍ਹ ਕੇ ਇੰਝ ਪ੍ਰਤੀਤ ਹੁੰਦਾ ਹੈ। ਜਿਵੇਂ ਅਸੀ ਕਿਸੇ ਆਰਟ-ਗੈਲਰੀ ਵਿਚ ਘੁੰਮ ਫਿਰ ਰਹੇ ਹੋਈਏ। ਨਾਲ ਦੀ ਨਾਲ ਮੋਹਨਜੀਤ ਦੀ ਕਾਵਿ-ਭਾਸ਼ਾ ਵਿਚ ਵੀ ਵੱਡਾ ਪ੍ਰੀਵਰਤਨ ਆਇਆ ਹੈ।

ਸਿਰ ਤੇ ਬਰਸਾਤ ਦੀ ਛਤਰੀ ਤਣੀ ਸੀ
ਮਟਿਆਲੇ ਸਾਵੇ ਪੱਤੇ ਤੇ ਝਾੜੀਆਂ
ਮੈਂ ਤੇ ਸਖੀ ਸੰਘਣੇ ਜੰਗਲ 'ਚ ਸਾਂ ਤੁਰਦੇ ਪਏ
ਜ਼ਰਾ ਕਿਤੇ ਪੈਰ ਥਿੜਕਦਾ
ਤਾਂ ਸਖੀ ਦੀ ਹਿੱਕ 'ਚੋਂ ਦੁੱਧ ਛਲਕਣ ਦੀ ਆਵਾਜ਼ ਆਉਂਦੀ।

(ਉਹਲੇ ਵਿਚ ਉਜਿਆਰਾ ਪੰਨਾ 55

ਸੰਸਕ੍ਰਿਤੀ ਤੋਂ ਪਰਕਿਰਤੀ ਵੱਲ ਪਰਤਣ ਦੇ ਸੰਕੇਤ ਉਸ ਦੇ ਕਾਵਿ ਸੰਗ੍ਰਹਿ 'ਕੀ ਨਾਰੀ ਕੀ ਨਦੀ' ਵਿਚੋਂ ਵੀ ਲੱਭ ਜਾ ਸਕਦੇ ਹਨ। ਜਦੋਂ ਉਹ ਕਵਿਤਾ ਨਾਲ ਸੰਵਾਦ ਰਚਾਉਂਦਾ ਆਪਣੇ ਕਾਵਿ ਸ਼ਾਸ਼ਤਰ ਵਿਚ ਆਏ ਇਸ ਪ੍ਰੀਵਰਤਨ ਨੂੰ ਖ਼ੁਦ ਹੀ ਪਛਾਣ ਰਿਹਾ ਸੀ। ਕਵਿਤਾ ਕਵੀ ਨੂੰ ਕਹਿੰਦੀ ਹੈ-

"ਮੈਂ ਤਾਂ ਸਾਰੇ ਸੁਹਾਵਣੇ ਪਲਾਂ ਵਿਚ,
ਤੇਰੇ ਨਾਲ ਨਾਲ ਹਾਂ
ਵੇਖ, ਜਦ ਬੱਦਲ ਉਮਡਦੇ ਨੇ,
ਹਵਾ ਰੁਮਕਦੀ ਹੈ
ਨਿੱਕੀ ਨਿੱਕੀ ਕਣੀ ਪੈਂਦੀ ਹੈ।
ਉਦੋਂ ਜੋ ਹੱਥ,ਤੇਰੀ ਪਿੱਠ ਪਿਛੋਂ ਤੇਰੀਆਂ ਅੱਖਾਂ ਸੁਭਾਉਕੀ ਮੀਟ ਲੈਂਦੇ ਨੇ
ਉਹ ਹੱਥ ਮੇਰੇ ਹੀ ਨੇ

(ਕੀ ਨਾਰੀ ਕੀ ਨਦੀ ਪੰਨਾ 23)

ਹਥਲੇ ਸੰਗ੍ਰਹਿ ਵਿਚ ਵੀ ਇਕ ਵਾਰ ਫੇਰ ਉਹ ਏਸੇ ਹੀ ਵਿਸ਼ੇ ਵੱਲ ਪਰਤਦਾ ਇਹ ਦੱਸਣ ਦਾ ਯਤਨ ਕਰਦਾ ਹੈ ਕਿ ਕਵਿਤਾ ਹੁਣ ਮਹਾਂਨਗਰ ਦੀਆਂ ਭੀੜਾਂ ਤੇ ਸ਼ੋਰ ਵਿਚ ਨਹੀਂ, ਸਗੋਂ ਪ੍ਰਕਿਰਤੀ ਦੀ ਗੋਦੀ ਵਿਚ ਹੈ।

"ਉਹ ਜਿਹਨੇ ਸਖੀ ਬਣਨਾ ਸੀ, ਮੇਰੇ ਕੋਲ ਆਈ ਤੇ ਕਹਿਣ ਲੱਗੀ, "ਕੀ ਵੇਖ ਰਿਹੈ?"

'ਕਵਿਤਾ' ਮੈਂ ਕਿਹਾ,

'ਕਵਿਤਾ ਕਿੱਥੇ ਹੈ?' ਉਸ ਨੇ ਅਸਚਰਜਤਾ ਨਾਲ ਪੁੱਛਿਆ। ਔਹ ਵੇਖ-ਸਫੇਦ ਪੰਛੀ, ਕਾਗਜ਼ ਦਾ ਟੁਕੜਾ।

ਜਲਕਣਾਂ ਦੇ ਅੱਖਰ, ਬਲਦੀ ਅੱਗ, ਮਲਾਹ ਨੂੰ ਉਡੀਕਦੀ ਔਰਤ, ਬੰਸਰੀ ਤੇ ਬੋਲ, ਸਰਕਦੀ ਹਵਾ ਕਵਿਤਾ ਈ ਤਾਂ ਹੈ। (ਪੰਨਾ 68)

'ਜੋਗਣ-2 ਤੇ 'ਸੰਵਾਦ' ਕਵਿਤਾਵਾਂ 'ਕੀ ਨਾਰੀ, ਕੀ ਨਦੀ' ਕਾਵਿ-ਸੰਗ੍ਰਹਿ ਵਿਚ ਵੀ ਛਪ ਚੁੱਕੀਆਂ ਹਨ।

'ਮੰਜੀਆਂ', 'ਚਾਨਣ ਉਦੈ, ਬੰਦੇ ਦੀ ਇਬਾਰਤ', ਸੰਵਾਦ ਤੇ ਦਾਗ਼, ਨਜ਼ਮਾਂ ਸਿੱਖ-ਗੁਰੂਆਂ ਬਾਰੇ ਪੰਜਾਬੀ ਵਿਚ ਵੱਖਰੇ ਲਹਿਜੇ ਤੇ ਅੰਦਾਜ਼ ਵਾਲੀਆਂ ਕਾਵਿ ਰਚਨਾਵਾਂ ਹਨ। ਰਵਾਇਤੀ ਭਾਂਤ ਦੀਆਂ ਕਵਿਤਾਵਾਂ ਤੋਂ ਵੱਖਰੀਆਂ।

ਉਸ ਥਾਂ ਦਾ ਪਤਾ ਦੱਸਣਾ
ਜਿਥੇ ਮੱਥਿਆਂ ਨੂੰ ਮੋਹਰਾਂ ਨਹੀਂ
ਪਹਿਚਾਣ ਦੀ ਉਡੀਕ ਹੈ,

ਗੁਰੂ ਨਾਨਕ ਦੇਵ ਦੇ ਜੀਵਨ ਮਨੋਰਥ ਤੇ ਪ੍ਰੀਵਾਰਕ ਜੀਵਨ ਨੂੰ ਮਹੱਤਵ ਦੇਣ ਬਾਰੇ ਕਵੀ ਦੀ ਟਿੱਪਣੀ ਮਹੱਤਵ-ਪੂਰਨ ਹੈ।

ਘਰ ਤਾਂ ਹੋਰਨਾਂ ਵੀ ਛੱਡੇ,
ਪਰ ਵਾਪਸ ਨਹੀਂ ਪਰਤੇ

ਉਹਨੇ ਘਰ ਵੀ ਛੱਡਿਆ ਤੇ ਪਰਤ ਕੇ ਵੀ ਆਇਆ ਕਿ ਮੂਲ ਤੋਂ ਮੂਲ ਤੱਕ ਆਉਣਾ ਹੀ ਪਹਿਚਾਣ ਸੀ।

ਰਵਾਇਤੀ ਧਾਰਮਿਕ ਵਿਸ਼ਵਾਸ਼ਾਂ ਦਾ ਖੰਡਨ ਕਰਦਾ ਉਹ ਲਿਖਦਾ ਹੈ,

ਜੇ ਇੱਟਾ ਪੱਥਰਾਂ ਦੀ ਵਿਸ਼ੇਸ਼ ਬਣਤਰ ਵਾਲਾ ਭਵਨ
ਰੱਬ ਦਾ ਘਰ ਹੈ



ਤਾਂ ਉਹ ਰੱਬ ਮੇਰਾ ਨਹੀਂ। (ਪੰਨਾ 91)

ਪੁਸਤਕ ਦੇ ਅਖੀਰ ਉਤੇ ਦਰਜ ਸੱਤੇ ਗੀਤ ਆਪਣੀ ਕੋਮਲਤਾ, ਮੌਲਿਕਤਾ ਤੇ ਸੰਵੇਦਨਸ਼ੀਲਤਾ ਪੱਖੋਂ ਕਵੀ ਦੇ ਕਾਵਿ-ਸੰਸਾਰ ਦਾ ਨਵਾਂ ਝਰੋਖਾ ਵਿਖਾਉਂਦੇ ਹਨ।

ਆ ਨੀ ਸਖੀਏ
ਵੇਖ ਨੀ ਸਖੀਏ
ਕੌਣ ਪਰਾਹੁਣਾ ਆਇਆ
ਨਾਲੇ ਸਾਡਾ ਚਿੱਤ ਲੈ ਗਿਆ
ਨਾਲੇ ਲੈ ਗਿਆ ਕਾਇਆ (ਪੰਨਾ 110)

ਮੋਹਨਜੀਤ ਦੀਆਂ ਇਹ ਕਵਿਤਾਵਾਂ ਸੋਵੀਅਤ ਸਮਾਜਵਾਦੀ ਪ੍ਰਬੰਧ ਦੇ ਵਿਗਠਨ ਤੋਂ ਬਾਅਦ ਦੀ ਉਪਜ ਹਨ। ਭੂਮਿਕਾ ਵਿਚ ਕਵੀ ਇਸ ਸਥਿਤੀ ਵੱਲ ਸੰਕੇਤ ਕਰਦਾ ਲਿਖਦਾ ਹੈ, "ਸਮਾਜਵਾਦੀ ਪ੍ਰਬੰਧ ਵਿਚ ਸੋਵੀਅਤ ਸੰਘ ਦੇ ਟੁੱਟਣ ਦੀ ਕਹਾਣੀ ਇਤਿਹਾਸ ਦੀ ਅਹਿਮ ਘਟਨਾ ਹੈ। ਇਸ ਟੁੱਟ ਤੋਂ ਪਹਿਲਾਂ ਅਤੇ ਬਾਅਦ ਦੀ ਸੋਚ ਇਕ ਨਹੀਂ ਹੋ ਸਕਦੀ। ਜ਼ਰੂਰੀ ਨਹੀਂ ਕਿ ਹਰ ਰਚਨਾਕਾਰ ਬਾਹਰੀ ਰੂਪ ਵਿਚ ਐਕਟਵਿਸਟ (ਸਰਗਰਮ ਰਾਜਸੀ ਵਰਕਰ) ਵੀ ਹੋਏ। ਹੋਵੇ ਤਾਂ ਕਿਆ ਬਾਤ ਹੈ। ਹਰ ਕੰਮ ਦਾ ਆਪਣਾ ਘੇਰਾ ਹੈ। ਹਰ ਕੰਮ ਵਕਤ ਮੰਗਦਾ ਹੈ।"

ਸਮਾਜਵਾਦੀ ਪ੍ਰਬੰਧ ਦੇ ਵਿਗਠਨ ਤੋਂ ਬਾਅਦ ਦੀ ਸਥਿਤੀ ਨਿਸ਼ਚੇ ਹੀ ਵੱਖਰੀ ਹੈ ਅਤੇ ਪ੍ਰਗਤੀਸ਼ੀਲ ਤੇ ਜਨ-ਵਾਦੀ ਲੇਖਕਾਂ ਦੇ ਸਾਹਮਣੇ ਇੱਕ ਗੰਭੀਰ ਚੁਣੌਤੀ ਹੈ। ਲੇਖਕਾਂ, ਕਲਾਕਾਰਾਂ, ਚਿੰਤਕਾਂ ਅਤੇ ਹੋਰ ਬੁਧੀਜੀਵੀਆਂ ਲਈ ਰਾਹਾਂ ਦਾ ਨਿਖੇੜਾ ਵੀ ਮੁੱਖ ਤੌਰ ਤੇ ਏਸੇ ਘਟਨਾ ਨਾਲ ਆਰੰਭ ਹੋਇਆ ਹੈ, ਇਕ ਰਾਹ 'ਮਨੁੱਖ ਦਾ ਅੰਤ', 'ਸਮਾਜਵਾਦ ਦਾ ਅੰਤ', 'ਮਾਰਕਸਵਾਦ ਦਾ ਅੰਤ' ਵੱਲ ਤੁਰਦਾ ਹੈ ਤੇ ਦੂਸਰਾ ਰਾਹ ਉਹੀ ਪਹਿਲਾਂ ਵਾਲਾ, ਜਿਸ ਵਿਚ ਕਲਾਕਾਰ, ਲੇਖਕ ਤੇ ਚਿੰਤਕ ਲਈ ਅਮਨ, ਆਜ਼ਾਦੀ, ਸਮਾਜਕ ਇਨਸਾਫ ਰੰਗ, ਨਸਲ ਤੇ ਜਾਤ ਤੋਂ ਮੁਕਤ ਇਨਸਾਨੀ ਬਰਾਬਰੀ ਤੇ ਸਾਂਝੀਵਾਲਤਾ ਦੇ ਸਰੋਕਾਰ ਤੇ ਮੁੱਦੇ ਹਨ। ਏਥੇ ਆ ਕੇ ਮੋਹਨਜੀਤ ਸਮਾਜਕ, ਇਨਸਾਫ, ਅਮਨ, ਆਜ਼ਾਦੀ ਦੇ ਮੁੱਦਿਆਂ ਵੱਲੋਂ ਨਿਰਲੇਪ ਹੋ ਕੇ ਪ੍ਰਕਿਰਤੀ ਚਿਤਰਨ, ਪਿਆਰ ਕਾਵਿ, ਤੇ ਸੁਹਜ-ਵਾਦ ਅਥਵਾ ਰੂਪਵਾਦ ਵੱਲ ਤੁਰਦਾ ਹੈ, ਪਰ ਆਪਣੇ ਕਾਵਿ-ਸਫਰ ਦੇ ਮੁਢਲੇ ਦੌਰ ਦੀ ਸਮਾਜਕ ਜ਼ੁੰਮੇਵਾਰੀ ਦੇ ਮੁੱਦਿਆਂ ਪ੍ਰਤੀ ਨੇੜਤਾ ਕਾਰਨ ਆਖਦਾ ਹੈ।

"ਜ਼ਰੂਰੀ ਨਹੀਂ ਕਿ ਹਰ ਰਚਨਾਕਾਰ ਬਾਹਰੀ ਰੂਪ ਵਿਚ ਐਕਟ ਵਿਸਟ ਵੀ ਹੋਵੇ। ਹੋਵੇ ਤਾਂ ਕਿਆ ਬਾਤ ਹੈ।"

ਐਕਟਵਿਸਟ ਲਈ "ਕਿਆ ਬਾਤ ਹੈ" ਦਾ ਸੰਕੇਤ ਦੱਸਦਾ ਹੈ ਕਿ ਮੋਹਨਜੀਤ ਦੇ ਸਮਾਜਕ ਇਨਸਾਫ ਦੇ ਮੁੱਦਿਆਂ ਵੱਲ ਪਰਤ ਆਉਣ ਦੀ ਸੰਭਾਵਨਾ ਅਜੇ ਖਤਮ ਨਹੀਂ ਹੋਈ। ਉਹ ਲਿਖਦਾ ਹੈ

"ਤਲਾਸ਼ ਦਾ ਸਦਾ ਵਰਤ ਹੀ ਮੇਰੀ ਕਾਇਆ ਹੈ।" ਸੋ ਆਓ ਆਸ ਕਰੀਏ ਕਿ ਉਹ ਸਦੀਵੀ ਤਲਾਸ਼ ਕਵੀ ਨੂੰ ਫਿਰ ਉਹਨਾਂ ਮੁੱਦਿਆਂ ਵੱਲ ਲੈ ਆਵੇਗੀ, ਜਿਹੜੇ ਅੱਜ ਮਨੁੱਖ-ਜਾਤੀ ਲਈ ਚਿੰਤਾ ਤੇ ਚਿੰਤਨ ਦਾ ਵਿਸ਼ਾ ਬਣੇ ਹੋਏ ਨੇ। ਅੱਜ ਵੀ ਸਮਾਜਕ ਇਨਸਾਫ, ਅਮਨ, ਆਜ਼ਾਦੀ ਤੇ ਸਾਂਝੀ ਵਾਲਤਾ ਦੇ ਮੁੱਦੇ ਕਲਾਕਾਰ ਤੇ ਸੰਵੇਦਨਸ਼ੀਲ ਕਵੀ ਲਈ ਅਪ੍ਰਸੰਗਕ ਨਹੀਂ ਹੋਏ ਤੇ ਨਰੋਈ, ਸੁਜਿੰਦ ਸੱਚੀ ਸੁੱਚੀ, ਜਨਵਾਦੀ, ਕ੍ਰਾਂਤੀਕਾਰੀ ਕਵਿਤਾ ਦਾ ਵਿਕਾਸ ਇਹਨਾਂ ਚਿੰਤਾਵਾਂ ਪ੍ਰਤੀ ਲਾਪ੍ਰਵਾਹ ਜਾਂ ਨਿਰਪੱਖ ਹੋ ਕੇ ਕਦਾਚਿਤ ਹੀ ਸੰਭਵ ਨਹੀਂ ਹੈ ਅਤੇ ਲੋਕਾਈ ਦੇ ਸ਼ੋਰ ਵਿਚ ਵੀ ਕਵਿਤਾ ਹੈ, ਪਰ ਜ਼ਰਾ ਵੱਖਰੀ। ਇਹ ਲੱਭਣੀ ਪੈਂਦੀ ਹੈ।

ਮੋਹਨਜੀਤ ਪ੍ਰਕਿਰਤੀ ਤੋਂ ਫਿਰ ਸੰਸਕ੍ਰਿਤੀ ਵੱਲ ਵਾਪਸ ਪਰਤੇਗਾ, ਇਹ ਮੇਰਾ ਵਿਸ਼ਵਾਸ਼ ਹੈ।

**(ਹਰਭਜਨ ਸਿੰਘ ਹੁੰਦਲ)**

## ਵਰ੍ਹੇ ਵਾਰ ਸਾਹਿਤ 1998 (ਸੰਪਾਦਕ ਇਲਿਆਸ ਘੁੰਮਣ)

ਇਲਿਆਸ ਘੁੰਮਣ ਲਹਿੰਦੇ ਪੰਜਾਬ ਦਾ ਹੋਣਹਾਰ ਗਲਪਕਾਰ ਤੋਂ ਵਧ ਕੇ ਇਕ ਅਕਾਦਮਿਕ ਸੰਸਥਾ ਦਾ ਚਿੰਨ ਬਣ ਚੁੱਕਾ ਹੈ। ਉਹ ਕਾਫੀ ਸਾਲਾਂ ਤੋਂ ਮਹੀਨੇ ਵਾਰ ਅਖਬਾਰ 'ਰਵੇਲ' ਕੱਢਦਾ ਆ ਰਿਹਾ ਸੀ। ਜਿਹੜਾ ਇਕ ਤਰ੍ਹਾਂ ਨਾਲ ਲਹਿੰਦੇ ਪੰਜਾਬ ਦੀ ਪੰਜਾਬੀ ਲਹਿਰ ਦੀਆਂ ਲੋੜਾਂ ਦੀ ਪੂਰਤੀ ਦੇ ਨਾਲ ਨਾਲ ਨਵਾਂ ਅਦਬ ਪਾਠਕਾਂ ਤੀਕ ਪਹੁੰਚਾ ਰਿਹਾ ਸੀ। ਇਸ ਪਤ੍ਰਿਕਾ ਦੀ ਛਪਾਈ ਤੋਂ ਪ੍ਰਾਪਤ ਕੀਤੇ ਤਜਰਬੇ ਨੂੰ ਉਸ ਨੇ ਇਕ ਨਵੇਂ ਤੇ ਬਹੁਤ ਵੱਡੇ ਕਾਰਜ ਲਈ ਵਰਤਣ ਦਾ ਉਚੇਰਾ ਤੇ ਦ੍ਰਿੜ ਸੰਕਲਪ ਲਿਆ ਹੈ ਤੇ ਪਿਛਲੇ ਚਾਰ ਸਾਲਾਂ ਤੋਂ ਸਾਰੀ ਦੁਨੀਆਂ ਵਿਚ ਖਿਲਰੇ ਤੇ ਪ੍ਰਵਾਸ ਹੰਢਾਉਂਦੇ ਦੋਹਾਂ ਪੰਜਾਬਾਂ ਦੇ ਪੰਜਾਬੀ ਲਿਖਾਰੀਆਂ ਦੇ ਪਿਛਲੇ ਵਰਿਆਂ ਦੇ ਛਪੇ ਤੇ ਰਚੇ ਚੋਣਵੇਂ ਪੰਜਾਬੀ ਸਾਹਿਤ ਨੂੰ ਵੱਡ-ਆਕਾਰੇ ਗ੍ਰੰਥ 'ਵਰ੍ਹੇ ਵਾਰ ਸਾਹਿਤ' ਵਿਚ ਸੰਕਲਿਤ ਕਰਨ ਦਾ ਬੀੜਾ ਚੁੱਕਿਆ ਹੈ। ਇਹ ਕਾਰਜ ਕਿਸੇ ਇਕੱਲੇਕਾਰੇ ਬੰਦੇ ਦਾ ਨਹੀਂ ਸੀ। ਪਰ ਘੁੰਮਣ ਨੇ ਇਹ ਕਾਰਜ ਇਕੱਲੇ ਨੇ ਹੀ ਕਰ ਵਿਖਾਇਆ ਹੈ। ਹੁਣ ਉਸ ਦੇ ਇਸ ਗ੍ਰੰਥ ਨੂੰ ਹਰ ਸਾਲ ਬੜੀ ਤੀਬਰਤਾ ਨਾਲ ਉਡੀਕਿਆ ਜਾਂਦਾ ਹੈ। ਪਰ ਰਚਨਾਵਾਂ ਇਕੱਠੀਆਂ ਕਰਨ ਤੇ ਭੇਜਣ ਵਿਚ ਕੁਝ ਪੰਜਾਬੀ ਪ੍ਰੇਮੀ ਕਾਫੀ ਸਾਰਿਆ ਚੰਗੇਰੀਆਂ ਤੇ ਮਿਆਰੀ ਰਚਨਾਵਾਂ ਦੇ ਨਾਲ ਨਾਲ ਆਪਣੇ ਬਹੁਤ ਸਾਰੇ ਸਿਖਾਂਦਰੂ ਯਾਰਾਂ ਤੇ ਚੇਲਿਆਂ ਦੀਆਂ ਰਚਨਾਵਾਂ ਹੀ ਭੇਜ ਦਿੰਦੇ ਹਨ। ਜਿਹਨਾਂ ਬਾਰੇ ਘੁੰਮਣ ਵੱਲੋਂ ਅਪ੍ਰਵਾਨ ਕਰਨਾ ਔਖਾ ਹੋ ਜਾਂਦਾ ਹੋਵੇਗਾ।

ਫੇਰ ਵੀ ਇਸ ਗ੍ਰੰਥ ਦਾ ਮਹੱਤਵ ਦਿਨੋ ਦਿਨ ਵਧੇਰੇ ਉਜਾਗਰ ਹੁੰਦਾ ਜਾ ਰਿਹਾ ਹੈ ਤੇ ਹਰ ਸਾਲ ਵਧੇਰੇ ਤੋਂ ਵਧੇਰੇ ਪੰਜਾਬੀ ਲੇਖਕਾਂ ਦੀਆਂ ਰਚਨਾਵਾਂ ਇਸ ਗ੍ਰੰਥ ਵਿਚ ਸ਼ਾਮਿਲ ਹੋਣ ਦਾ ਮਾਣ ਪ੍ਰਾਪਤ ਕਰ ਰਹੀਆਂ ਹਨ।

ਐਤਕੀਂ ਦਾ ਗ੍ਰੰਥ ਪਹਿਲਾਂ ਨਾਲੋਂ ਵੀ ਵਡੇਰਾ ਹੈ। ਇਸ ਦੇ 952 ਸਫ਼ੇ ਹਨ ਤੇ ਮੁਲ ਸੱਤ ਸੌ ਰੁਪਏ ਹੈ। ਐਤਕੀ ਹਰ ਲਿਖਤ ਨੂੰ ਫਾਰਸੀ ਅੱਖਰਾਂ ਦੇ ਨਾਲ ਨਾਲ ਗੁਰਮੁਖੀ ਅੱਖਰਾਂ ਵਿਚ ਵੀ ਲਿਖ ਦਿੱਤਾ ਗਿਆ ਹੈ। ਤਾਂਕਿ ਉਹ ਪੰਜਾਬੀ ਲੇਖਕ ਜਿਹੜੇ ਦੋਵੇਂ ਲਿਪੀਆਂ ਵਿਚੋਂ ਕਿਸੇ ਇੱਕ ਨੂੰ ਨਹੀਂ ਜਾਣਦੇ, ਆਪਣੀ ਛਪੀ ਲਿਖਤ ਨੂੰ ਪਛਾਣ ਕੇ ਪੜ੍ਹ ਸਕਣ।

ਇਹ ਗ੍ਰੰਥ ਇਕ ਸੰਦਰਭ ਕੋਸ਼ ਦਾ ਮਹੱਤਵ ਤੇ ਆਕਾਰ ਗ੍ਰਹਿਣ ਕਰ ਚੁੱਕਾ ਹੈ ਤੇ ਕੌਮਾਂਤਰੀ ਪੱਧਰ ਤੇ Refence Book ਬਣ ਚੁੱਕਾ ਹੈ। ਇਸ ਵਿਚ ਦੋਹਾਂ ਪੰਜਾਬਾਂ ਤੋਂ ਇਲਾਵਾ, ਬਾਹਰਲੇ ਦੇਸ਼ਾਂ ਦੇ ਪੰਜਾਬੀ ਲੇਖਕਾਂ ਦੀਆਂ ਦਰਜਣਾਂ ਕਹਾਣੀਆਂ, ਚੋਣਵੇਂ ਲੇਖ, ਸੈਂਕੜੇ ਹੀ ਨਜ਼ਮਾਂ, ਗ਼ਜ਼ਲਾਂ ਤੇ ਹੋਰ ਲਿਖਤਾਂ ਸ਼ਾਮਿਲ ਨੇ। ਸਾਡੇ ਵਰਗੇ ਉਹ ਲੇਖਕ ਤੇ ਸੰਪਾਦਕ ਜਿਹੜੇ ਵਾਘ੍ਹੇ ਪਾਰ ਦੇ ਸਾਹਿਤ ਨੂੰ ਗੁਰਮੁਖੀ ਅੱਖਰਾਂ ਵਿਚ ਛਾਪਣ ਦੀ ਕੋਸ਼ਿਸ਼ ਕਰਦੇ ਨੇ, ਉਹਨਾਂ ਦਾ ਕੰਮ ਆਸਾਨ ਹੋ ਗਿਆ ਹੈ। ਐਤਕੀਂ ਦੇ ਗ੍ਰੰਥ ਵਿਚ ਆਲੋਚਨਾ ਤੇ ਖੋਜ ਵਾਲੇ ਭਾਗ ਵਿਚ ਵਾਰਸ ਸ਼ਾਹ ਦੇ ਕਲਾਮ ਬਾਰੇ ਅੱਠ ਬੜੇ ਵੱਡਮੁੱਲੇ ਲੇਖ ਛਾਪੇ ਗਏ ਨੇ ਅਤੇ ਦੋ ਨਾਂਵਲਿਟ ਤੇ ਸਵੈ-ਜੀਵਨੀਆਂ ਵੀ ਪੇਸ਼ ਨੇ। ਦੁੱਲੇ ਭੱਟੀ ਬਾਰੇ ਜਨਾਬ ਰਾਜਾ ਰਸਾਲੂ ਦਾ ਲੇਖ ਕੀਮਤੀ ਇਤਿਹਾਸਕ ਸਮੱਗਰੀ ਨੂੰ ਪਹਿਲੀ ਵਾਰ ਪੇਸ਼ ਕਰਦਾ ਹੈ। ਗੱਲ ਕੀ ਇਸ ਗ੍ਰੰਥ ਵਿਚ ਏਨਾ ਕੁਝ ਸ਼ਾਮਿਲ ਕਰ ਦਿੱਤਾ ਗਿਆ ਹੈ ਕਿ ਜੇ ਉਸ ਸਾਰੇ ਕੁਝ ਦਾ ਸਾਧਾਰਨ ਜ਼ਿਕਰ ਵੀ ਕਰਨਾ ਹੋਵੇ ਤਾਂ ਕਈ ਸਫ਼ੇ ਭਰ ਜਾਣਗੇ।

ਅੰਤ ਵਿਚ ਅਸੀਂ ਇਲਿਆਸ ਘੁੰਮਣ ਦੇ ਉਸ ਉਦਮ ਦੀ ਭਰਪੂਰ ਸ਼ਲਾਘਾ ਕਰਦੇ ਹੋਏ, ਇਸ ਗੱਲ ਵੱਲ ਵੀ ਧਿਆਨ ਦਿਵਾਉਣਾ ਚਾਹੁੰਦੇ ਹਾਂ ਕਿ ਸ਼ਾਮਿਲ ਰਚਨਾਵਾਂ ਦਾ ਕਾਫੀ ਵੱਡਾ ਭਾਗ ਉਚ-ਪਾਏ ਦਾ ਤੇ ਚੋਣਵਾ ਨਹੀਂ ਹੈ। ਭਰਤੀ ਬਹੁਤ ਹੈ। ਚੰਗਾ ਹਵੇ ਜੇ ਆਕਾਰ ਨਾਲੋਂ ਮਿਆਰ ਦਾ ਖਿਆਲ ਵਧੇਰੇ ਰੱਖਿਆ ਜਾਵੇ। ਸਫ਼ੇ ਬਸ਼ੱਕ ਘੱਟ ਹੋਣ, ਪਰ ਹਰ ਲਿਖਤ ਕੌਮਾਂਤਰੀ ਪੱਧਰ ਦੀ ਹੋਵੇ। ਅਗਲੇਰੇ ਗ੍ਰੰਥਾਂ ਵਿਚ ਸਿਰਫ ਉਚ ਪਾਏ ਦੀਆਂ ਸ਼ਾਹਕਾਰ ਰਚਨਾਵਾਂ ਹੀ ਸ਼ਾਮਿਲ ਕਰਨ ਦੀ ਕੋਸ਼ਿਸ਼ ਕੀਤੀ ਜਾਵੇ।



ਇਹ ਯਤਨ ਜਾਰੀ ਰਹਿਣਾ ਚਾਹੀਦਾ ਹੈ। ਚੰਗਾ ਹੋਵੇ ਜੇ ਰਚਨਾਵਾਂ ਦੀ ਚੋਣ ਕਰਨ ਲਈ ਤਜਰਬੇਕਾਰ ਲੇਖਕਾਂ ਦਾ ਇਕ ਸੰਪਾਦਕੀ ਮੰਡਲ ਬਣਾ ਲਿਆ ਜਾਵੇ। *—ਹ.ਸ.ਹ.*

**ਪੁਸਤਕ ਪਰੀਚੈ**

## ਚਿਰਾਗ਼ਾਂ ਦੀ ਡਾਰ/ਸੁਖਵਿੰਦਰ ਅੰਮ੍ਰਿਤ

'ਚਿਰਾਗਾਂ ਦੀ ਡਾਰ' ਸੁਖਵਿੰਦਰ ਅੰਮ੍ਰਿਤ ਦਾ, ਸੂਰਜ ਦੀ ਦਹਿਲੀਜ਼ ਤੋਂ ਬਾਅਦ ਦੂਸਰਾ ਗ਼ਜ਼ਲ ਸੰਗ੍ਰਹਿ ਹੈ। ਮੇਰੀ ਜਾਣਕਾਰੀ ਅਨੁਸਾਰ ਉਹ ਪਹਿਲੀ ਕਵਿੱਤਰੀ ਹੈ, ਜਿਸ ਨੇ ਨਿਰੋਲ ਗ਼ਜ਼ਲ ਦੇ ਬਲ ਬੋਤੇ ਉਤੇ ਆਪਣੇ ਕਾਵਿ-ਬਿੰਬ, ਨੂੰ ਉਜਾਗਰ ਕੀਤਾ ਹੈ। ਗ਼ਜ਼ਲ ਲਿਖਣੀ ਤੇ ਸਫਲ, ਬੇਐਬ ਗ਼ਜ਼ਲ ਲਿਖਣੀ। ਔਖੀ ਘਾਟੀ ਸਰ ਕਰਨ ਵਰਗਾ ਕੰਮ ਹੁੰਦਾ ਹੈ। ਤੇ ਸੁਖਵਿੰਦਰ ਨੇ ਇਹ ਸਫਲਤਾ ਸਹਿਤ ਕਰ ਵਿਖਾਇਆ ਹੈ। ਇੰਝ ਪ੍ਰਤੀਤ ਹੁੰਦਾ ਹੈ ਕਿ ਜਿਵੇਂ ਉਸ ਨੇ ਕਿਸੇ ਪ੍ਰਪੱਕ ਗ਼ਜ਼ਲ ਉਸਤਾਦ ਤੋਂ ਸਿਖਿਆ ਪ੍ਰਾਪਤ ਕੀਤੀ ਹੋਵੇ। ਇਸ ਵਿਚ ਕੋਈ ਸ਼ੱਕ ਨਹੀਂ ਕਿ ਉਸ ਨੇ ਆਪਣੀ ਕਾਵਿ-ਪ੍ਰਤਿਭਾ ਸਦਕਾ, ਆਪਣੀ ਸਤਿਕਾਰ-ਯੋਗ ਥਾਂ ਬਣਾਈ ਹੈ, ਕਾਵਿ ਮੁਹਾਵਰੇ ਦੀ ਮੌਲਿਕਤਾ, ਉਚੇਰੀ ਕਲਪਨਾ ਤੇ ਸਿਰਜਣ ਸ਼ਕਤੀ ਤੇ ਆਪਣਾ ਵੱਖਰਾ ਵਿਕੋਲਿਤਰਾ, ਕਾਵਿ-ਰੰਗ ਉਸ ਦੀ ਗ਼ਜ਼ਲ ਨੂੰ ਬਾਕੀਆਂ ਨਾਲੋਂ ਵਖਰਿਆਉਂਦੇ ਹਨ। ਕਿਤਿਓਂ ਵੀ ਕੋਈ ਸਫਾ ਪਲਟ ਲਵੋ, ਇਕ ਨਵਾਂ ਹੀ ਰੰਗ ਹਰ ਸਫ਼ੇ ਤੋਂ ਉਦੈ ਹੁੰਦਾ ਹੈ। ਅੰਮ੍ਰਿਤ ਸਾਡੀ ਨਵੀਂ ਪੰਜਾਬੀ ਕਵਿਤਾ ਦਾ ਮਾਣ ਤੇ ਪ੍ਰਾਪਤੀ ਹੈ। ਉਸ ਦੀ ਸ਼ਾਇਰੀ ਵਿਚ ਹੋਰ ਕਵਿੱਤਰੀਆਂ ਨਾਲੋਂ ਅੰਤਰ ਇਸ ਕਾਰਨ ਵੀ ਹੈ ਕਿ ਉਹ ਆਪਣੀ ਕਵਿਤਾ ਵਿਚ ਮਰਦ ਨੂੰ ਮੰਦਾ ਨਹੀਂ ਬੋਲਦੀ, ਸਗੋਂ ਉਸ ਦੇ ਸਾਥ ਲਈ ਤਾਂਘਦੀ ਤੜਪਦੀ, ਲੁਛਦੀ ਹੈ। ਉਸਦੇ ਆਗਮਨ ਨਾਲ ਪੰਜਾਬੀ ਗ਼ਜ਼ਲ ਹੋਰ ਅਮੀਰ ਹੋਈ ਹੈ। ਉਸਨੇ ਕੋਈ ਅਖੌਤੀ ਗ਼ਜ਼ਲ ਉਸਤਾਦਾਂ ਦੇ ਪੈਰ ਉਖਾੜ ਦਿੱਤੇ ਹਨ। *ਹ.ਸ.*

***ਯਾਦਾਂ***

## ਮੇਰੀ ਪਹਿਲੀ ਕਵਿਤਾ

*—ਪਾਬਲੋ ਨੇਰੂਦਾ*

ਮੈਨੂੰ ਅਕਸਰ ਪੁੱਛਿਆ ਜਾਂਦਾ ਹੈ ਕਿ ਮੈਂ ਆਪਣੀ ਪਹਿਲੀ ਕਵਿਤਾ ਕਦੋਂ ਲਿਖੀ ਸੀ, ਅਰਥਾਤ ਕਵਿਤਾ ਮੇਰੇ ਵਿਚੋਂ ਕਦੋਂ ਜਨਮੀ?

ਮੈਂ ਯਾਦ ਕਰਨ ਦੀ ਕੋਸ਼ਿਸ਼ ਕਰਦਾ ਹਾਂ। ਇਕ ਵਾਰ, ਦੂਰ ਆਪਣੇ ਬਚਪਨ ਵਿਚ ਜਦੋਂ ਮੈਂ ਅਜੇ ਮੁਸ਼ਕਿਲ ਨਾਲ, ਪੜ੍ਹਨਾ ਸਿਖਿਆ ਹੀ ਸੀ। ਮੈਂ ਇਕ ਬਹੁਤ ਤਿੱਖਾ ਭਾਵ ਅਨੁਭਵ ਕੀਤਾ ਤੇ ਕੁਝ ਸ਼ਬਦ ਜੋੜ ਦਿੱਤੇ, ਜਿਹੜੇ ਅੱਧੇ-ਤੁਕਬੰਦੀ ਵਾਲੇ, ਪਰ ਮੇਰੇ ਲਈ ਅਜੀਬ ਸਨ। ਇਹ ਰੋਜ਼ ਦੀ ਆਮ ਭਾਸ਼ਾ ਨਾਲੋਂ ਵੱਖਰੇ ਸਨ। ਡੂੰਘੀ ਚਿੰਤਾਂ ਵਿੱਚ ਡੁੱਬੇ, ਜੋ ਮੈਂ ਪਹਿਲਾਂ ਅਨੁਭਵ ਨਹੀਂ ਸੀ ਕੀਤੀ, ਇਸੇ ਭਾਂਤ ਦੀ ਵੇਦਨਾ ਤੇ ਉਦਾਸੀ ਜਿਹੀ ਸੀ। ਮੈਂ ਇਹ ਪੰਗਤੀਆਂ ਸਾਫ ਕਰਕੇ ਇਸ ਕਾਗਜ਼ ਤੇ ਲਿਖ ਦਿੱਤੀਆਂ। ਇਹ ਕਵਿਤਾ ਮੇਰੀ ਮਾਂ ਬਾਰੇ ਸੀ ਅਥਵਾ ਜਿਸਨੂੰ ਮੈਂ ਜਾਣਦਾ ਸੀ। ਕਵਿਤਾ ਸਰੂਪ ਮਤਰੇਈ ਮਾਂ, ਜਿਸ ਦਾ ਕੂਲਾ ਪਰਛਾਵਾਂ ਮੇਰੇ ਬਚਪਨ ਦਾ ਧਿਆਨ ਰੱਖਦਾ ਸੀ। ਆਪਣੀ ਪਹਿਲੀ ਕਵਿਤਾ ਨੂੰ ਪਰਖਣ ਦਾ ਮੇਰੇ ਕੋਲ, ਕੋਈ ਢੰਗ ਤਰੀਕਾ ਨਹੀਂ ਸੀ। ਇਸਨੂੰ ਮੈਂ ਆਪਣੇ ਮਾਤਾ ਪਿਤਾ ਕੋਲ ਲੈ ਗਿਆ। ਉਹ ਭੋਜਨ ਵਾਲੇ ਕਮਰੇ ਵਿਚ ਬੈਠੇ ਸਨ ਅਤੇ ਖਾਮੋਸ਼ੀ ਭਰੀ ਵਾਰਤਾਲਾਪ ਵਿਚ ਰੁੱਝੇ ਹੋਏ ਸਨ। ਜਿਹੜੀ ਗੁਫ਼ਤਗੂ ਇਕ ਦਰਿਆ ਵਾਂਗ ਬਚਪਨ ਤੇ ਵੱਡੇ ਹੋ ਚੁੱਕਿਆਂ ਦੇ ਸੰਸਾਰ ਨੂੰ ਅੱਡੋ-ਅੱਡ ਕਰਦੀ ਹੈ। ਕਵਿਤਾ ਦੇਵੀ ਦੀ ਇਸ ਪਹਿਲੀ ਆਮਦ ਕਾਰਨ ਮੈਂ ਹਾਲੀ ਵੀ ਕੰਬ ਰਿਹਾ ਸੀ। ਮੈਂ ਉਹਨਾਂ ਨੂੰ ਆਪਣਾ ਕਾਗਜ਼ ਫੜਾਇਆ, ਜਿਸ ਤੇ ਕਵਿਤਾ ਦੀਆਂ ਪੰਗਤੀਆਂ ਸਨ। ਮੇਰੇ ਪਿਤਾ ਨੇ ਇਹ ਕਾਗਜ਼ ਬੇਧਿਆਨੀ ਵਿਚ ਫੜਿਆ, ਬੇਧਿਆਨੀ ਵਿਚ ਪੜ੍ਹਿਆ ਤੇ ਬੇਧਿਆਨੀ ਵਿਚ ਹੀ ਇਹ ਕਹਿੰਦੇ ਹੋਏ ਵਾਪਸ ਕਰ ਦਿੱਤਾ। "ਤੂੰ ਕਿੱਥੋਂ ਨਕਲ ਕੀਤੀ ਹੈ?" ਫਿਰ ਉਹ ਮੇਰੀ ਮਾਂ ਨਾਲ, ਹੌਲੀ ਆਵਾਜ਼ ਵਿਚ, ਜ਼ਰੂਰੀ ਤੇ ਦੂਰ ਦੀਆਂ ਗੱਲਾਂ ਵਿਚ ਰੁੱਝ ਰਿਹਾ।

ਮੈਨੂੰ ਯਾਦ ਆਉਂਦਾ ਪ੍ਰਤੀਤ ਹੁੰਦਾ ਹੈ ਕਿ ਕਿਵੇਂ ਇਹ ਮੇਰੀ ਪਹਿਲੀ ਕਵਿਤਾ ਜਨਮੀ ਤੇ ਕਿਵੇਂ ਪਹਿਲੀ ਵਾਰ ਮੇਰਾ ਵਾਹ ਲਾਪ੍ਰਵਾਹ ਸਾਹਿਤਕ ਆਲੋਚਨਾ ਦੀ ਪਹਿਲੀ ਉਦਾਹਰਨ ਨਾਲ ਪਿਆ।

### ਖਿਆਲ ਆਪੋ ਆਪਣਾ

ਮੇਰੇ ਕੋਲ ਕਈ ਮਾਸਿਕ ਤੇ ਤ੍ਰੈਮਾਸਿਕ ਪਰਚੇ ਆਉਂਦੇ ਹਨ। ਗ਼ਜ਼ਲ ਤਕਰੀਬਨ ਸਾਰਿਆਂ ਵਿਚ ਹੀ ਛਪਦੀ ਹੈ। ਪਰ ਚਿਰਾਗ਼ ਵਿਚ ਛਪਦੀ ਗਜ਼ਲ ਦੂਜੇ ਪਰਚਿਆਂ ਵਿਚ ਕੁਝ ਚੰਗੀਆਂ ਗਜ਼ਲਾਂ ਛਾਪਣ ਦੇ ਨਾਲ ਨਾਲ ਸੰਪਾਦਕਾ ਨੂੰ ਕਈ ਵਾਰ ਗ਼ਜ਼ਲ ਗੋਆਂ ਨਾਲ ਨਿਜੀ ਵਾਕਫ਼ੀਅਤ ਅਤੇ ਲਿਹਾਜ਼ ਦੇ ਆਧਾਰ ਤੇ ਵੀ ਕੁਝ ਗਜ਼ਲਾਂ ਛਾਪਣੀਆਂ ਪੈਂਦੀਆਂ ਹਨ। ਜੋ ਖ਼ਿਆਲ ਪੱਖੋਂ ਕੱਚੀਆਂ, ਬੇ-ਵਜ਼ਨੀ ਤੇ ਬੇ-ਬਹਿਰ ਵੀ ਹੁੰਦੀਆਂ ਹਨ। ਚਿਰਾਗ਼ ਦੀ ਇਸ ਗੱਲੋਂ ਖੁਸ਼ਕਿਸਮਤੀ ਹੈ ਕਿ ਇਸ ਵਿਚ ਬਿਨਾਂ ਕਿਸੇ ਲਿਹਾਜ਼ਖੋਰੀ ਦੇ, ਸਿਰਫ਼ ਗ਼ਜ਼ਲ ਦੇ ਮਿਆਰ ਦੇ ਆਧਾਰ ਤੇ ਹੀ ਗ਼ਜ਼ਲ ਛਪਦੀ ਹੈ। 'ਵਾਘਿਉ ਪਾਰ' ਦੀਆਂ ਗ਼ਜ਼ਲਾ ਵੀ ਇਸੇ ਅਸੂਲ ਮੁਤਾਬਿਕ ਛਪਣ ਕਰਕੇ ਵਧੀਆ ਹੁੰਦੀਆਂ ਹਨ। ਮੇਰੀ ਗੁਜ਼ਾਰਿਸ਼ ਹੈ ਕਿ ਤੁਸੀਂ ਚਿਰਾਗ਼ ਲਈ ਹਮੇਸ਼ਾ ਇਹੋ ਨਿਯਮ ਅਤੇ ਪੈਮਾਨਾ-ਕਾਇਮ ਰੱਖੋਗੇ। ਇਸੇ ਵਿਚ ਹੀ ਪੰਜਾਬੀ ਗ਼ਜ਼ਲ ਦਾ ਭਵਿੱਖ ਤੇ ਵਿਕਾਸ ਹੈ ਤੇ ਗ਼ਜ਼ਲ ਗੋਆਂ ਦਾ ਭਲਾ ਵੀ ਹੈ।

**(ਕਸ਼ਮੀਰ ਨੀਰ, ਨੇੜੇ ਗੁਰਦੁਆਰਾ, ਅਫ਼ਜ਼ਲ ਗੜ੍ਹ, ਬਿਜਨੌਰ, ਯੂ.ਪੀ.)**

### ਮੇਰੀ ਕਵਿਤਾ ਦੇ ਪ੍ਰਸੰਗ ਵਿਚ

ਮੇਰੀ ਸੋਚ ਵਿਚ ਹਮੇਸ਼ਾ ਇਹੋ ਸ਼ਾਮਿਲ ਰਿਹਾ ਹੈ ਕਿ ਅਸੀਂ ਕਿਓ ਕਿੱਥੇ ਤੇ ਕਿੰਨ੍ਹੇ ਕੁ ਹਾਂ ਤੇ ਫਿਰ ਜੇ ਅਸੀਂ ਆਪਣੇ ਆਪ ਨੂੰ ਬੁੱਧੀ ਜੀਵੀਆਂ 'ਚ ਸ਼ਾਮਿਲ ਸਮਝਦੇ ਹਾਂ ਤੇ ਜੇ ਸਾਡਾ ਲੇਖਣੀ ਨਾਲ ਸਬੰਧ ਹੈ ਤਾਂ ਫਿਰ ਅਸੀਂ ਲਿਖਦੇ ਕਿਓ ਹਾਂ? ਜੇ ਲਿਖਦੇ ਹਾਂ ਤੇ ਉਹ ਕਿਸ ਪੱਧਰ ਦਾ ਹੈ। ਸਾਡਾ ਮਕਸਦ ਕੀ ਹੈ, ਇਸ ਸਾਰੇ ਕਾਜ਼ ਲਈ। ਇਹ ਸਾਰੇ "ਪ੍ਰਸ਼ਨ" ਮੇਰੀ ਸੋਚ 'ਤੇ ਪ੍ਰਸ਼ਨ ਚਿੰਨ੍ਹ ਲਗਾਉਂਦੇ ਹਨ। ਕਈ ਜੁਆਬ ਮਿਲਦੇ ਹਨ, ਕੁਝ ਹਾਂ ਪੱਖੀ, ਕੁਝ ਨਾ ਪੱਖੀ। ਮੇਰੀ ਖ਼ੁਦ ਦੀ ਖੁਸ਼ਕਿਸਮਤੀ ਹੈ ਕਿ ਮੈਂ ਕਵਿਤਾ ਲਿਖਦਾ ਹਾਂ ਕਿਉਂਕਿ ਸਿਰਜਣਾ ਸ਼ਕਤੀ ਬੰਦੇ ਨੂੰ ਜ਼ਿੰਦਗੀ ਵੱਲ ਤੋਰਦੀ ਹੈ ਤੇ ਉਸ ਤੋਂ ਵੀ ਵੱਧ ਖੁਸ਼ਕਿਸਮਤੀ ਕਿ ਮੇਰਾ ਸੰਗ ਉਨ੍ਹਾਂ ਲੇਖਕਾਂ ਨਾਲ ਹੈ ਜਿਨ੍ਹਾਂ ਦੀ ਪੰਜਾਬੀ ਸਾਹਿਤ ਵਿਚ ਆਪਣੀ ਵਿਲੱਖਣ ਪਹਿਚਾਣ ਹੈ।

ਮੈਂ ਜਿੰਨਾ ਵੀ ਵਿਕਾਸ ਕੀਤਾ ਹੈ, ਉਹ ਵਿਰੋਧ ਵਿਚੋਂ ਹੀ ਉਪਜਿਆ ਹੈ ਤੇ ਦੂਜਾ ਚੰਗੀ ਸੋਚ ਤੇ ਚੰਗੀ ਪ੍ਰਤਿਭਾ ਵਾਲਿਆਂ ਮੇਰੀ ਉਂਗਲੀ ਫੜ੍ਹੀ। ਮੈਂ ਹਮੇਸ਼ਾਂ ਕੁਝ ਕਰ ਸਕਣ ਲਈ ਯਤਨਸ਼ੀਲ ਰਿਹਾ ਹਾਂ। ਸੁਆਲ ਇਹ ਵੀ ਹੈ ਕਿ ਇਨ੍ਹਾਂ ਯਤਨਾਂ 'ਚ ਕੌਣ-ਕੌਣ ਤੇ ਕਿਸ ਸੋਚ ਵਾਲੇ ਸ਼ਾਮਿਲ ਹਨ ਜੋ ਤੁਹਾਡੇ ਲਈ ਮਾਰਗ ਦਰਸ਼ਨ ਬਣੇ। ਕੋਈ 'ਕਵਿਤਾ' ਵਲ ਕਿਵੇਂ ਆਉਂਦਾ ਹੈ, ਇਹ ਵੱਖਰਾ ਵਿਸ਼ਾ ਹੈ ਕਿ ਅਸੀਂ ਕੀ ਤੇ ਕਿੰਨਾ ਕੁ ਸਾਰਥਿਕ ਕਰ ਰਹੇ ਹਾਂ ਤੇ ਫਿਰ ਤੁਹਾਨੂੰ ਕਿੰਨਾ ਕੁ ਕਬੂਲਿਆ ਜਾ ਰਿਹਾ ਹੈ।

"ਲੋਅ" ਅਦਾਰਾ ਮੇਰੇ ਲਈ ਮਾਰਗ ਦਰਸ਼ਨ ਬਣਿਆ। "ਨਾਗਮਣੀ" ਨੇ ਹੌਸਲਾ ਵਧਾਇਆ ਤੇ ਹੋਰ ਪੰਜਾਬੀ ਪਰਚਿਆਂ 'ਚੋਂ ਲੰਘਦਿਆ ਮੈਂ 'ਚਿਰਾਗ਼' ਤੱਕ ਪਹੁੰਚਿਆ। 'ਚਿਰਾਗ਼' ਨੇ ਮੇਰੀ ਸੋਚ ਦੇ ਘੇਰੇ ਦੇ ਨਾਲ ਨਾਲ ਪਾਠਕਾਂ ਦੇ ਘੇਰੇ ਨੂੰ ਵੀ ਵੱਡਾ ਕੀਤਾ। ਜਿੰਨੀ ਦੇਰ ਸਧਾਰਨ ਲੋਕ ਤੁਹਾਡੀ ਰਚਨਾ ਦੇ ਨਾਇਕ ਨਹੀਂ ਬਣਦੇ, ਜ਼ਰੂਰ ਕਿਤੇ ਨਾ ਕਿਤੇ ਕੁਝ ਠੀਕ ਨਹੀਂ ਹੈ। ਅਜਿਹੇ ਬੋਲ ਬੋਲਣ ਵਾਲੀਆਂ ਸਖਸ਼ੀਅਤਾਂ ਮੇਰਾ ਸੋਚ ਨੂੰ ਨਿਖਾਰਦੀਆਂ ਗਈਆਂ।

ਅਕਤੂਬਰ ਦਸੰਬਰ 1999 'ਚ ਉਸ ਤੋਂ ਪਹਿਲੇ ਛਪੇ ਅੰਕ 'ਚ ਮੇਰੀ ਛਪੀ ਕਵਿਤਾ ਬਾਰੇ ਕੁਝ ਸਾਥੀਆਂ ਟਿੱਪਣੀ ਕੀਤੀ ਕਿ ਕਵਿਤਾ "ਨਾਜ਼ਿਮ ਹਿਕਮਤ ਤੇ ਪਾਬਲੋ ਨਰੂਦਾ ਦੇ ਸੁਰ ਵਾਲੀ ਕਵਿਤਾ ਹੈ। ਇਸ ਕਵਿਤਾ ਨੂੰ ਉਨ੍ਹਾਂ ਦੇ ਬਰਾਬਰ ਖੜ੍ਹਿਆ ਰੱਖ ਕੇ ਵੇਖਿਆ ਜਾ ਸਕਦਾ ਹੈ। ਇਸ ਗੱਲ ਨੇ ਮੈਨੂੰ ਹਰ ਹੁਲਾਰਾ ਦਿੱਤਾ ਹੈ। ਗੱਲ ਇਹ ਨਹੀਂ ਹੈ ਕਿ ਮੈਂ ਆਪਣੇ ਆਪ ਨੂੰ ਉਨ੍ਹਾਂ ਦੇ ਬਰਾਬਰ ਖੜ੍ਹਾ ਮਹਿਸੂਸ ਕਰ ਰਿਹਾ ਹਾਂ। ਗੱਲ ਦਰਅਸਲ ਇਹ ਹੈ ਕਿ ਉਹ ਸਾਡੇ 'ਯੁੱਗ ਕਵੀ' ਹਨ ਤੇ ਅਸੀਂ ਉਨ੍ਹਾਂ ਨੂੰ ਪੜ੍ਹਿਆ ਹੈ ਤੇ ਉਹ ਵੀ ਅਦਾਰਾ ਚਿਰਾਗ਼ ਰਾਹੀਂ (ਪੰਜਾਬੀ ਵਿਚ)।

ਮੇਰੀ ਕਵਿਤਾ "ਜੇਲ ਦਾ ਕਥਾ ਵਾਚਕ" ਜੋ ਚਿਰਾਗ਼ ਦੇ ਜੁਲਾਈ-ਸਤੰਬਰ 1999 ਦੇ ਅੰਕ 'ਚ ਛਪੀ ਸੀ ਉਸ ਕਵਿਤਾ ਦੀ ਸਿਰਜਣਾ ਮੇਰੇ ਆਪਣੇ ਬੜੇ ਕੌੜੇ ਅਨੁਭਵ 'ਚੋਂ ਹੋਈ ਸੀ। ਸੁਆਲ ਫਿਰ ਇਹ ਉਠਦਾ ਹੈ ਕਿ "ਅਸੀਂ ਕਿਓ ਲਿਖਦੇ ਹਾਂ।" ਜੁਆਬ ਸਾਹਮਣੇ ਆਉਂਦਾ ਹੈ ਕਿ ਜਦੋਂ ਦਰਦ ਤੁਹਾਡੀ ਚੇਤਨਤਾ ਦਾ ਹਿੱਸਾ ਹੋ ਨਿਬੜਦਾ ਹੈ। — **ਵਿਸ਼ਾਲ, (ਬਿਆਸ)**



*ਨੀਗਰੋ ਕਵਿਤਾ*

## "ਬਰੋਂਜ਼ੇਵਿਲੇ" ਦੇ ਲੜਕੇ ਦੀ ਡਾਇਰੀ

*—ਈਓਜੀਨੀ ਪਰਕਿਨਜ਼*
*(ਈਲੀਨਾਸ)*

ਨਿੱਕੇ ਹੁੰਦਿਆਂ ਜਦੋਂ ਮੈਂ ਛੋਟਾ ਮੁੰਡਾ ਸੀ
ਮੈਂ ਬਰੋਂਜ਼ੇਵਿਲੇ ਦੇ ਜੰਗਲ ਵਿਚ ਘੁੰਮਦਾ ਸੀ।
ਮੇਰੇ ਕੋਲ ਦੁਸ਼ਮਣਾਂ ਤੇ ਜਿੱਤ ਪ੍ਰਾਪਤ ਕਰਨ ਲਈ,
ਇਕ ਦੰਦੇ ਦਾਰ ਚਾਕੂ ਸੀ।
ਜਵਾਨੀ ਚੜ੍ਹਨ ਤੋਂ ਪਹਿਲਾਂ ਹੀ
ਮੈਂ ਸਿਪਾਹੀ ਬਣ ਗਿਆ।

ਬਰੋਂਜ਼ੇਵਿਲੇ ਵਿਚ ਜੰਮਣ ਦਾ ਅਰਥ ਸੀ
ਬਿਨਾਂ ਇਨਸਾਫ਼ ਦੇ ਜੰਮਣਾ

ਬਾਰਾਂ ਸਾਲ ਦੀ ਉਮਰ ਤੀਕ ਮੈਂ
ਮਨੁੱਖ ਦੀ ਹਿੰਸਾ ਜਾਣ ਗਿਆ ਸੀ
ਇਕ ਵਾਰ ਮੈਂ ਲੂਲੇ ਬੁੱਢੇ ਆਦਮੀ ਨੂੰ ਕੁੱਚਲ ਦਿੱਤਾ
ਜੋ ਕੋਨੇ ਵਾਲੇ ਦਵਾਈਆਂ ਦੇ ਸਟੋਰ ਲਾਗੇ
ਪੈਨਸਿਲਾਂ ਵੇਚਦਾ ਹੁੰਦਾ ਸੀ।

ਜਦ ਮੈਂ ਪੰਦਰਾ ਸਾਲ ਦਾ ਹੋਇਆ
ਤਾਂ ਮੇਰਾ ਪਿਤਾ ਮਰ ਗਿਆ।
ਉਸ ਨੂੰ ਇਕ ਜਨੂੰਨ ਕਾਰਨ ਅੰਨ੍ਹੇ ਹੋਏ
ਸਿਪਾਹੀ ਨੇ ਗੋਲੀ ਮਾਰੀ ਸੀ।

ਮਾਂ ਵੇਸਵਾ ਬਣ ਗਈ
ਤੇ ਮੈਂ ਅਖਬਾਰਾਂ ਵੇਚਣ ਲੱਗਾ
ਅਸੀਂ ਸਹਾਇਤਾ ਤੇ ਗੁਜ਼ਾਰਾ ਕਰਨ ਲੱਗੇ
ਤੇ ਅਹਾਤੇ ਦਾ ਕਪਤਾਨ
ਈਸਾ ਦੇ ਜਨਮ ਦਿਨ ਤੇ ਖ਼ੁਰਾਕ ਦੇ ਟੋਕਰੇ ਦਿੰਦਾ ਸੀ
ਮੈਂ ਕਦੇ ਵੀ ਕਾਲਾ ਸ਼ਾਂਤਾ ਕਲਾਜ਼ ਨਹੀਂ ਤੱਕਿਆ

ਸਕੂਲ ਨਿਰਾ ਅਕੇਵਾਂ ਸੀ
ਮੈਂ ਨਹੀਂ ਸਮਝ ਸਕਿਆ
ਕਿ 'ਹੈਮਲਿਟ' ਕਿਹੜੀ ਗੱਲੋਂ ਪਾਗ਼ਲ ਹੋਇਆ ਸੀ
ਜਾਂ ਜਾਰਜ ਵਾਸ਼ਿੰਗਟਨ ਨੇ ਕਿਉਂ ਸੱਚ ਬੋਲਿਆ
ਜਦੋਂ ਉਸ ਉਹ ਚੈਰੀ ਦਾ ਰੁੱਖ ਵੱਢ ਸੁਟਿਆ ਸੀ।
ਜੰਗ ਆਈ।
ਪੀਰਲ ਹ਼ਾਰਬਰ ਦੇ ਉੱਤੇ ਪਵਿੱਤਰ ਸਹਿਯੋਗ ਦੇ ਦਿਨ
ਹਮਲਾ ਕੀਤਾ ਗਿਆ

ਮੈਂ ਸੋਚਦਾ ਸੀ ਸਾਰੇ ਲੋਕ
ਰੱਬ ਦਾ ਸਤਿਕਾਰ ਕਰਦੇ ਸੀ।
ਯੂਰਪ ਵਿਚ ਯਹੂਦੀਆਂ ਤੇ ਜ਼ੁਲਮ ਹੋ ਰਿਹਾ ਸੀ
ਜਦ ਕਿ ਬਰੋਂਜ਼ੇਵਿਲੇ ਨਾਲ ਨਵੇਂ ਸਮਝੌਤੇ ਦਾ
ਇਕਰਾਰ ਕੀਤਾ ਗਿਆ।
ਮੈਂ ਫਿਰ ਸੈਨਿਕ ਬਣ ਗਿਆ।

ਜੰਗ ਵਿਚ ਮੈਂ ਸਿਖਿਆ
ਕਿ ਜੀਉਂਦੇ ਕਿਵੇਂ ਰਹਿਣਾ ਹੈ।
ਮਰਨਾ ਕਿਵੇਂ ਹੈ
ਇਹ ਮੈਂ ਪਹਿਲਾਂ ਹੀ ਜਾਣਦਾ ਸੀ।

ਜੰਗ ਮੁੱਕੀ
ਬਲਡ ਰੀਚ ਨਾਰਮੈਂਡੀ ਵਿਚ ਮਰ ਮੁੱਕ ਗਈ
ਹੀਰੋਸ਼ੀਮਾ ਨੂੰ ਅੱਗ ਦਾ ਦੈਂਤ ਨਿਗਲ ਗਿਆ।
ਮੈਨੂੰ ਕਦੇ ਸਮਝ ਨਾ ਆਈ
ਕਿ ਯਹੂਦੀਆਂ ਤੇ ਜ਼ੁਲਮ ਕਿਉਂ ਹੁੰਦਾ ਸੀ।

ਮੈਂ ਵਾਪਸ ਬਰੋਂਜ਼ੇਵਿਲੇ ਪਰਤ ਆਇਆ
ਮੇਰੇ ਕੋਲ ਜ਼ੂਆਂ ਖਾਧਾ ਇਕ ਤਗਮਾਂ ਸੀ
ਤੇ ਉੱਡੀ ਹੋਈ ਇਕ ਲੱਤ।

ਮੈਂ ਅਮਰੀਕੀ ਸੁਪਨੇ ਦੀ ਤਲਾਸ਼ ਕਰਦਾ ਰਿਹਾ
ਪਰ ਮੇਰੇ ਨਾਲ ਦਗ਼ਾ ਹੋਇਆ ਸੀ
ਘਿਰਣਾ ਜਰਮਨੀ ਵਿਚ ਹੀ ਖ਼ਤਮ ਨਹੀਂ ਸੀ ਹੋਈ
ਅਮਰੀਕਾ ਵਿਚ ਹਾਲੀ ਵੀ ਅੱਡੋ ਅੱਡ ਕਬਰਸਤਾਨ ਸਨ।
ਅਖੀਰ ਮੈਨੂੰ ਸਮਝ ਆਈ ਕਿ ਯਹੂਦੀਆਂ ਤੇ
ਜ਼ੁਲਮ ਕਿਉਂ ਹੁੰਦਾ ਸੀ।

ਬੰਦੂਕਾਂ ਦੀ ਥਾਂ ਉਥੇ ਸੰਕੇਤ ਸਨ
ਤੇ ਬੰਬ ਦੀ ਥਾਂ ਇੱਕ, ਰੱਸਾ,
ਐਪਰ ਬਰੋਂਜ਼ੇਵਿਲੇ ਲੜਕੇ ਲਈ
ਕਿਤੇ ਵੀ ਇਨਸਾਫ ਨਹੀਂ ਸੀ।

## ਕਵੀਆਂ ਲਈ ਸੂਚਨਾ

ਪਿਛਲੇ ਅੰਕਾ ਤੋਂ ਸਾਡੇ ਕੋਲ ਨਵੇਂ ਕਵੀਆਂ ਦੀਆਂ ਕਾਫੀ ਸਾਰੀਆਂ ਨਜ਼ਮਾਂ ਛਪਣ ਲਈ ਪ੍ਰਵਾਨ ਹੋਈਆਂ ਪਈਆਂ ਹਨ, ਜਿਹੜੀਆ ਚਾਹੁੰਦੇ ਹੋਏ ਵੀ ਥਾ ਦੀ ਥੁੜ੍ਹੋਂ ਕਾਰਨ ਅਸੀ ਛਾਪ ਨਹੀਂ ਸਕੇ। ਅਗਲੇ ਅੰਕ ਵਿਚ ਗ਼ਜ਼ਲਾਂ ਦੀ ਥਾਂ ਇਹਨਾਂ ਨਜ਼ਮਾ ਨੂੰ ਪਹਿਲ ਦਿੱਤੀ ਜਾਵੇਗੀ। ਸੰਪਾਦਕ



*ਲੇਖ*

# ਸਾਹਿਤਕਾਰ ਦੀ ਲੋਕਪ੍ਰਤੀਬੱਧਤਾ

*ਸੂਫ਼ੀ ਅਮਰਜੀਤ*

"ਇਹ ਸੱਚ ਹੈ ਕਿ ਅੱਜ ਦੇ ਦੌਰ ਵਿਚ ਸਾਹਿਤ ਸੰਮੇਲਨ ਕਰਨਾ ਬਹੁਤ ਮਹਿੰਗਾ ਹੋ ਗਿਆ ਹੈ। ਸਾਹਿਤਕਾਰਾਂ ਦਾ ਆਮ ਲੋਕਾਂ ਵਿਚ ਆਉਣ ਜਾਣ ਘਟਿਆ ਹੈ। ਸਾਹਿਤ ਅਤੇ ਸਾਹਿਤਕਾਰਾਂ ਦੀ ਹਰਮਨ-ਪਿਆਰਤਾ ਵਿਚ ਆਏ ਨਿਘਾਰ ਦਾ ਡੂੰਘਾ ਸੰਬੰਧ ਸਾਹਿਤ, ਸਾਹਿਤਕਾਰਾਂ ਅਤੇ ਲੋਕਾਂ ਵਿਚਾਲੇ ਸਬੰਧਾਂ ਵਿਚ ਆਪਣੇ ਪਿਆਰ ਨਾਲ ਜੁੜਿਆ ਹੋਇਆ ਹੈ। ਇਹ ਸੰਬੰਧ ਜਿੰਨਾ ਜਿਉਂਦਾ ਜਾਗਦਾ ਹੋਵੇਗਾ, ਓਨਾ ਹੀ ਸਾਹਿਤ ਅਤੇ ਲੋਕਾਂ ਦਾ ਸਾਹਿਤ ਬੋਧ 'ਅਮੀਰ' ਹੋਵੇਗਾ। ਸਾਹਿਤਕਾਰਾਂ ਵਲੋਂ ਲੋਕਾਂ ਦੇ ਵਿਆਪਕ ਸਰੋਕਾਰਾਂ ਤੋਂ ਅਲੱਗ ਰਹਿ ਕੇ ਸਿਰਫ਼ ਸਾਹਿਤ ਦੀ ਸੇਵਾ ਕਰਨ ਨਾਲ ਸਾਹਿਤ ਅਮੀਰ ਨਹੀਂ ਹੁੰਦਾ। ਸਾਹਿਤ ਅਤੇ ਸਾਹਿਤਕਾਰ ਉਦੋਂ ਅਮੀਰ ਬਣਦਾ ਹੈ ਜਦੋਂ ਸਾਹਿਤਕਾਰ ਲੋਕਾਂ ਦੇ ਸੰਘਰਸ਼ਾਂ ਵਿਚ ਹਿੱਸਾ ਲਵੇ। ਲੋਕਾਂ ਦੇ ਸਰੋਕਾਰਾਂ ਪ੍ਰਤੀ ਆਪਣੀ ਆਵਾਜ਼ ਬੁਲੰਦ ਕਰੇ। ਅੱਜ ਦੇ ਦੌਰ ਵਿਚ ਇਹ ਰੁਚੀ ਘੱਟ ਰਹੀ ਹੈ। ਅੱਜ ਉਹ ਸੁਚੇਤ ਲੋਕਾਂ ਦੀਆਂ ਅਗਾਂਹਵਧੂ ਸਫਾਂ ਵਿਚ ਕਿਤੇ ਦਿਖਾਈ ਨਹੀਂ ਦਿੰਦਾ। ਸਿਰਜਕ, ਚਿੰਤਕ ਅਤੇ ਵਿਚਾਰਕ ਹੋਣ ਦੇ ਕਾਰਨ ਲੇਖਕ ਨੂੰ ਸਭ ਤੋਂ ਜਾਗਰੂਕ ਹੋਣਾ ਚਾਹੀਦਾ ਹੈ। ਪਰੰਤੂ ਰੋਜ਼ਾਨਾ ਜ਼ਰੂਰਤਾਂ ਦੀ ਪੂਰਤੀ ਦੇ ਚੱਕਰ ਵਿਚ ਅਜਿਹਾ ਅਡੰਬਰ ਖੜ੍ਹਾ ਕੀਤਾ ਹੈ ਕਿ ਉਸ ਨੂੰ ਸਮਾਜਿਕ-ਰਾਜਨੀਤਕ ਸੁਆਲਾਂ ਨੂੰ ਜਾਣਨ ਦੀ ਕੋਈ ਲੋੜ ਹੀ ਮਹਿਸੂਸ ਨਹੀਂ ਹੁੰਦੀ। ਅੱਜ ਦੇ ਵਧੇਰੇ ਲੇਖਕ ਸਮਾਜਿਕ-ਰਾਜਨੀਤਿਕ ਵਿਵਾਦਾਂ ਤੋਂ ਇਕ ਦਮ ਨਿਖੜੇ ਰਹਿੰਦੇ ਹਨ। ਇਹਨਾਂ ਵਿਵਾਦਾਂ ਦੀ ਪੇਚੀਦਗੀ ਜਾਣਨਾ ਤਾਂ ਬਹੁਤ ਹੀ ਦੂਰ ਦੀ ਗੱਲ ਹੈ।"

ਇਹ ਉਪਰੋਕਤ ਸਤਰਾਂ ਮਰਾਠੀ ਲੇਖਕ ਸ੍ਰੀ ਮਨਸੁਖਾ ਦੀਆਂ ਹਨ, ਜੋ 2 ਜਨਵਰੀ 2000 ਦੇ ਸਪਤਾਹਿਕ ਲੋਕ ਲਹਿਰ ਚੰਡੀਗੜ੍ਹ ਵਿਚ "ਸਾਹਿਤ ਅਤੇ ਬਹੁਕੌਮੀ ਕੰਪਨੀਆਂ ਦੇ ਨਾਂ ਦੇ ਗੰਭੀਰ ਲੇਖ ਵਿਚੋਂ ਹਨ। ਇਹਨਾਂ ਦੀ ਸਾਰਥਿਕਤਾ, ਲੇਖਕਾਂ ਦੀਆਂ ਜੱਥੇਬੰਦੀਆਂ ਦੇ ਰਾਜਸੀ ਅਤੇ ਸਮਾਜਿਕ ਪ੍ਰਬੰਧ ਦੇ ਮੌਜੂਦਾ ਮਾਹੌਲ ਵਿਚ ਬੜੀ ਹੀ ਮਹੱਤਤਾ ਰੱਖਦੀਆਂ ਹਨ। ਸਾਹਿਤ ਦੇ ਹੋਰਨਾਂ ਉਦੇਸ਼ਾਂ ਤੋਂ ਬਿਨਾਂ ਇਕ ਉਦੇਸ਼ ਮਨੁੱਖ ਨੂੰ ਜੀਵਨ ਵਿਚ ਇਸ ਤਰ੍ਹਾਂ ਚੇਤਨ ਕਰਨਾ ਹੈ ਕਿ ਉਹ ਮਨੁੱਖਤਾ ਵਿਰੋਧੀ ਸਮਾਜਿਕ ਸ਼ਕਤੀਆਂ, ਸਥਿਤੀਆਂ ਅਤੇ ਸਾਜ਼ਸ਼ੀ, ਰੁਝਾਨਾਂ ਨੂੰ ਸਮਝ ਕੇ ਉਸ ਨੂੰ ਬਦਲਨ ਹਿਤ ਸੰਘਰਸ਼ ਦਾ ਰਾਹ ਅਖਤਿਆਰ ਕਰੇ।

ਸੰਘਰਸ਼ ਜੀਵਨ ਦੀ ਗਤੀ ਲਈ ਤੇ ਵਿਕਾਸ ਲਈ ਜ਼ਰੂਰੀ ਹੈ। ਖੜੋਤ ਤੇ ਪ੍ਰਤੀਗਾਮਤਾ ਵਿਨਾਸ਼ ਨੂੰ ਪੱਲੇ ਪਾਉਂਦੇ ਹਨ। ਇਸ ਕਥਨ ਨੂੰ ਕੇਵਲ ਮਾਰਕਸੀ ਸਮਝ ਵਾਲੇ ਚਿੰਤਕਾਂ ਦੀ ਦ੍ਰਿਸ਼ਟੀ ਤੋਂ ਹੀ ਨਹੀਂ ਵੇਖਣਾ ਚਾਹੀਦਾ ਹੈ। ਸਗੋਂ ਸੰਸਾਰ ਸਾਹਿਤ, ਇਸਦਾ ਇਤਿਹਾਸਕ ਗਵਾਹ ਹੈ। ਹੋਰ ਦੂਰ ਨਾ ਜਾਂਦੇ ਹੋਏ ਅਸੀਂ ਪੰਜਾਬ ਦੇ ਇਤਿਹਾਸਕ ਪਿਛੋਕੜ ਵੱਲ ਨਜ਼ਰ ਮਾਰ ਕੇ ਦੇਖ ਸਕਦੇ ਹਾਂ। ਗੁਰੂ ਗੋਬਿੰਦ ਸਿੰਘ ਦਾ ਜੀਵਨ ਇਕ ਦਾਰਸ਼ਨਿਕ ਚਿੰਤਕ ਸਾਹਿਤਕਾਰ ਦਾ ਜੀਵਨ ਸੀ। ਉਹਨਾਂ ਸਮਾਜ ਵਿਚ ਦੱਬੇ ਕੁਚਲੇ, ਜਾਤੀਵਾਦ ਦੇ ਭੰਨੇ-ਲਿਤਾੜੇ ਮਿਹਨਤਕਸ਼ ਵਰਗਾਂ ਨੂੰ ਖਾਲਸੇ ਦੇ ਰੂਪ ਵਿਚ ਸੰਗਠਿਤ ਕਿਸੇ ਧਾਰਮਿਕ ਉਦੇਸ਼ ਲਈ ਨਹੀਂ ਕੀਤਾ ਸੀ ਸਗੋਂ ਸਮਾਜ ਵਿਚ, ਸਮੇਂ ਦੀ ਹਕੂਮਤ ਦੀ ਸੰਪਰਦਾਇਕ ਹੱਠ ਧਰਮੀ, ਦਾਬੇ ਨੂੰ ਖਤਮ ਕਰਨ ਲਈ ਸਮਾਜਿਕ ਤਬਦੀਲੀ ਲਈ, ਧਾਰਮਿਕ ਸੰਕੀਰਨਤਾ ਖ਼ਤਮ ਕਰਨ ਅਤੇ ਅੰਧਵਿਸ਼ਵਾਸ਼ਾਂ ਨੂੰ ਦੂਰ ਕੇ ਜਾਗਰੂਪਤਾ ਪੈਦਾ ਕਰਨ ਲਈ ਕੀਤੀ ਸੀ। ਉਹਨਾਂ ਦੀਆਂ ਲਿਖਤਾਂ ਦੇ ਸਿਧਾਂਤਕ ਵਿਸਤਾਰ ਨੂੰ ਪਾਸੇ ਰੱਖ ਕੇ, ਉਹਨਾਂ ਦੇ ਅਨੰਦਪੁਰ ਨੂੰ ਛੱਡਣ ਤੋਂ, ਕੁਝ ਸਮਾਂ ਪਹਿਲਾਂ ਦੀਆਂ ਰਚਨਾਵਾਂ, ਚੋਪਈ ਅਤੇ ਸਵੱਈਏ ਖਾਸ ਧਿਆਨ ਖਿੱਚਦੇ ਹਨ। ਇਹਨਾਂ ਵਿਚ ਸਮਾਜ ਦੀਆਂ ਜਮਾਤੀ ਵੰਡਾਂ ਵਿਚ ਦੱਬੇ ਕੁਚਲੇ ਲੋਕਾਂ ਦੇ ਸੰਘਰਸ਼ ਦੀ ਜਿੱਤ ਕਾਮਨਾ ਕੀਤੀ ਗਈ ਹੈ। ਧਾਰਮਿਕ ਪਾਖੰਡਾਂ ਨੂੰ ਭੰਡਿਆਂ ਤੇ ਨਿੰਦਿਆਂ ਹੈ।

ਇਹੋ ਹੀ ਨਹੀਂ 'ਜਬ ਆਬ ਕੀ ਆਉਦ ਨਿਦਾਨ ਬਣੇ ਅਤਿ ਹੀ ਰਣ ਮੇਂ ਤਬ ਜੂਝ ਮਰੂ ਦਾ ਦ੍ਰਿੜ ਸੰਕਲਪ ਦਹੁਰਾਇਆ ਹੈ। ਸੰਸਾਰ ਪ੍ਰਸਿੱਧ ਸਾਹਿਤਕਾਰ ਮੈਕਸਮ ਗੋਰਕੀ, ਨਾਜ਼ਮ ਹਿਕਮਤ, ਪਾਬਲੋ ਨੇਰੂਦਾ ਆਦਿ ਹੋਰ ਉਦਾਹਰਨਾਂ ਦੇ ਨਾਲ ਸਾਡੇ ਮੁਨਸ਼ੀ ਪ੍ਰੇਮ ਚੰਦ, ਰਾਮ ਪ੍ਰਸਾਦ ਬਿਸਮਲ, ਗਿਆਨੀ ਹੀਰਾ ਸਿੰਘ ਦਰਦ ਦੀਆਂ ਜੀਵਨੀਆਂ ਤੇ ਰਚਨਾਵਾਂ ਨੂੰ ਦੇਖ ਸਕਦੇ ਹਾਂ।

ਸ੍ਰੀ ਮਨਸੂਖਾ ਨੇ ਸਾਹਿਤ ਅਤੇ ਸਾਹਿਤਕਾਰ ਬਾਰੇ ਟਿੱਪਣੀਆਂ, ਪਿੱਛੇ ਜਿਹੇ "ਕੋਂਕਣ ਮਰਾਠੀ ਸਾਹਿਤ ਪ੍ਰੀਸ਼ਦ" ਨੂੰ ਅਮਰੀਕਨ ਬਹੁਕੌਮੀ ਕਾਰਪੋਸ਼ਨ ਐਨਰੋਨ ਵਲੋਂ ਢਾਈ ਲੱਖ ਰੁਪਏ ਫੰਡ ਦੇਣ ਦਾ ਜ਼ਿਕਰ ਕਰਦਿਆਂ ਕੀਤੀਆਂ। ਇਸਤੋਂ ਸਾਡੀ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਜੇਕਰ ਕੁਝ ਸਿੱਖ ਲਵੇ ਤਾਂ ਚੰਗਾ ਹੋਵੇਗਾ। ਕੇਂਦਰੀ ਸਭਾ ਨੇ ਕੁਝ ਸਮਾਂ ਪਹਿਲਾਂ ਚੰਡੀਗੜ੍ਹ ਵਿਚ ਇਕ ਸਰਕਾਰੀ ਸੰਸਥਾ ਨਾਲ ਮਿਲਕੇ ਇਕ ਸਮਾਗਮ ਕੀਤਾ ਸੀ ਇਸ ਵਿਚ ਸਭਾ ਦੇ ਉਸ ਸਮੇਂ ਦੇ ਮੁਖੀਆਂ ਤੇ ਉਹਨਾਂ ਦੇ ਕਾਰਜਕਾਰਨੀ ਵਿਚ ਦੇ ਵਧੇਰੇ ਨੇੜੇ ਦੇ ਸਲਾਹਕਾਰ-ਸਹਿਯੋਗੀਆਂ ਨਾਲ ਮਿਲਕੇ, ਇਸ ਸਮਾਗਮ ਵਿਚ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੂੰ ਇਸ ਝਾਕ ਨਾਲ ਬੁਲਾਇਆ ਸੀ ਕਿ ਉਹ ਕੇਂਦਰੀ ਸਭਾ ਦੇ ਹੈਡਕੁਆਟਰ ਲਈ ਦੋ-ਢਾਈ ਲੱਖ ਰੁਪਏ ਦੇ ਜਾਵੇਗਾ। ਸ੍ਰੀ ਬਾਦਲ ਨੂੰ ਉਸਦੇ ਸਰਕਾਰੀ ਸਲਾਹਕਾਰ ਅਧਿਕਾਰੀਆਂ ਨੇ ਕੇਂਦਰੀ ਸਭਾ ਬਾਰੇ ਜਾਣਕਾਰੀ ਦਿੱਤੀ ਹੋਵੇਗੀ। ਕਿ ਇਸ ਦੀ ਬਣਤਰ ਤੇ ਉਦੇਸ਼ ਅਜਿਹੇ ਹਨ ਜੋ ਰਾਜਸੱਤਾ ਦੇ ਮੇਚ ਨਹੀਂ ਬੈਠਦੇ। ਇਸ ਲਈ ਸ੍ਰੀ ਬਾਦਲ ਨੇ ਦੇਣਾ ਤਾਂ ਕੀ ਸੀ ਸਗੋਂ ਕੇਂਦਰੀ ਸਭਾ ਤੇ ਉਸ ਦੇ ਮੁਖੀਆਂ ਨੂੰ ਇਕ ਤਰ੍ਹਾਂ ਜਿੱਚ ਕਰਕੇ ਉਹ ਚਲੇ ਗਏ। ਇਹ ਡਾਢੀ ਨਮੋਸ਼ੀ ਦੀ ਗੱਲ ਸੀ ਜਿਸ ਨਾਲ ਕੇਂਦਰੀ ਸਭਾ ਦਾ ਅਪਮਾਨ ਹੀ ਹੋਇਆ ਸੀ। ਸਭਾ ਦੇ ਪ੍ਰਬੰਧਕਾਂ ਪਤਾ ਨਹੀਂ ਇਸਨੂੰ ਕਿਵੇਂ ਲਿਆ ਹੋਵੇ। ਇਸ ਤਰ੍ਹਾਂ ਦੀ ਪਹੁੰਚ ਅਪਣਾਉਣ ਲਈ ਨਵੀਂ ਚੁਣੀ ਗਈ ਕੇਂਦਰੀ ਸਭਾ ਦੀ ਲੀਡਰਸ਼ਿਪ ਵਿਚ ਕੋਈ ਫ਼ਰਕ ਨਜ਼ਰ ਨਹੀਂ ਆ ਰਿਹਾ ਜਾਪਦਾ।

ਹੁਣ ਜਦੋਂ ਅਸੀਂ ਦੇਖਦੇ ਹਾਂ ਕਿ ਮਹਾਂਰਾਸ਼ਟਰ ਦੇ ਮਰਾਠੀ ਲੇਖਕਾਂ ਨੇ ਉਸ 'ਕੋਂਕਣ ਮਰਾਠੀ ਸਾਹਿਤ ਪ੍ਰੀਸ਼ਦ' ਨਾਲੋਂ ਆਪਣੇ ਆਪ ਨੂੰ ਵੱਖ ਕਰਕੇ ਦਰੁਸਤ ਕਦਮ ਹੀ ਉਠਾਇਆ ਸੀ। ਕਿਉਂਕਿ ਪ੍ਰੀਸ਼ਦ ਨੂੰ ਫੰਡ ਦੇਣ ਵਾਲੀ ਕੰਪਨੀ ਐਨਰੋਨ ਦੇ ਬਿਜਲੀ ਪ੍ਰੋਜੈਕਟ ਦੇ ਕਾਰਨ ਸੈਂਕੜੇ ਪਰਵਾਰਾਂ ਨੂੰ ਘਰ ਛੱਡਣੇ ਪਏ ਅਤੇ ਭੂਮੀ ਤੋਂ ਬੇਦਖ਼ਲ ਹੋਣਾ ਪਿਆ ਸੀ। ਇਸਦਾ ਵਿਰੋਧ ਮਹਾਂਰਾਸ਼ਟਰ ਦੇ ਮਰਾਠਾ ਲੇਖਕਾਂ ਨੇ ਸਾਰੀਆਂ ਜ਼ਮਹੂਰੀ ਸ਼ਕਤੀਆਂ ਦੇ ਨਾਲ ਖਲੋਕੇ ਕੀਤਾ ਸੀ। ਸਾਡੇ ਪੰਜਾਬ ਦੀ ਕੇਂਦਰੀ ਸਭਾ ਨੇ ਬਾਦਲ ਸਰਕਾਰ ਵਲੋਂ, ਸ੍ਰੀ ਬਾਦਲ ਨੂੰ ਸੱਦਣ ਸਮੇਂ, ਲੋਕਾਂ ਉਪਰ ਲਗਾਤਾਰ ਪਾਏ ਜਾ ਰਹੇ ਬੋਝ, (ਭ੍ਰਿਸ਼ਟਾਚਾਰ) ਦੂਰ ਪ੍ਰਬੰਧ ਤੇ ਉਸਦੀ ਪਹਿਲੀ ਜਮਾਤ ਤੋਂ ਪੰਜਾਬੀ ਦੇ ਨਾਲ ਅੰਗ੍ਰੇਜ਼ੀ ਲਾਗੂ ਕਰਨ ਦੇ ਪੰਜਾਬੀ ਸੱਭਿਆਚਾਰ ਦੇ ਜੜ੍ਹੀ ਤੇਲ ਦੇਣ ਵਾਲੀਆਂ ਨੀਤੀਆਂ ਤੇ ਪੰਜਾਬੀ ਨੂੰ ਰਾਜ ਪੱਧਰ ਉਪਰ ਲਾਗੂ ਨਾ ਕਰਨ ਦੀਆਂ ਨੀਤੀਆਂ ਆਦਿ ਨੂੰ ਉਕਾ ਹੀ ਅੱਖੋਂ ਉਹਲੇ ਕਰ ਦਿੱਤਾ। ਹੋਰ ਤਾਂ ਹੋਰ ਬਾਦਲ ਸਰਕਾਰ ਦਾ ਦੇਸ਼ ਦੀ ਅਤਿ ਦੀ ਫਿਰਕੂ ਪਾਰਟੀ ਭਾਜਪਾ ਨਾਲ ਰਾਜ ਸੱਤਾ ਵਿਚ ਦੀ ਸਾਂਝੀਦਾਰੀ ਵੀ ਧਿਆਨ ਵਿਚ ਨਹੀਂ ਰੱਖੀ।

ਚਲੋ ਉਹ ਤਾਂ ਪਿਛਲੀ ਕਮੇਟੀ ਦੀ 'ਪ੍ਰਾਪਤੀ' ਸੀ। ਕੇਂਦਰੀ ਸਭਾ ਦੀ ਨਵੀਂ ਲੀਡਰਸ਼ਿੱਪ ਪੁਰਾਣੀ ਸੋਚ ਨੂੰ ਹੀ ਨਵੇਂ ਰੂਪ ਵਿਚ ਵਿਉਂਤ ਰਹੀ ਹੈ। ਹੁਣ ਇਹ ਪੰਜਾਬ ਦੇ ਲੋਕ ਸਭਾ ਅਤੇ ਰਾਜ ਸਭਾ ਮੈਂਬਰਾਂ ਤੋਂ ਧਨ ਪ੍ਰਾਪਤ ਕਰਨ ਦੀ ਯੋਜਨਾ ਉਲੀਕ ਰਹੀ ਹੈ। ਇਹ ਪਹੁੰਚ ਲੋਕਾਂ ਤੋਂ ਦੂਰ ਰਹਿਣ ਵਾਲੀ ਪਹੁੰਚ ਹੈ। ਸਭਾ ਦੇ ਮੁਖੀਆਂ ਦੀ ਭਾਰੂ ਪਹੁੰਚ ਇਸ ਲਈ ਅਜਿਹੀ ਹੈ ਕਿ ਉਹ ਸਾਹਿਤ ਸਿਰਜਣਾ ਨੂੰ ਸਾਹਿਤ ਸਿਰਜਣਾ ਤੱਕ ਹੀ ਸੀਮਤ ਰੱਖਣਾ ਚਾਹੁੰਦੇ ਹਨ। ਜੋ ਸਾਹਿਤਕਾਰ ਇਸ ਤਰ੍ਹਾਂ ਦੇ ਲੋਕਾਂ ਤੋਂ ਦੂਰ ਰਹਿਣ ਦੀ ਪਹੁੰਚ ਨਾਲ ਸਹਿਮਤ ਨਹੀਂ, ਉਹਨਾਂ ਨੂੰ 'ਰਾਜਨੀਤੀ ਤੋਂ ਪ੍ਰੇਰਤ', 'ਪੁਰਾਣੀ ਸੋਚ ਵਾਲੇ' ਆਦਿ ਵਿਸ਼ੇਸ਼ਣਾਂ ਨਾਲ ਪੁਕਾਰਿਆ ਜਾਂਦਾ ਹੈ। ਪਰੰਤੂ ਸ੍ਰੀ ਮਨਸੁਖਾ ਦਾ ਵਿਚਾਰ ਹੈ-

"ਇਕ ਸਾਹਿਤਕਾਰ ਲਈ ਸਾਹਿਤ ਦੀ ਸਮਝ ਤੋਂ ਪਹਿਲਾਂ ਸਮਾਜ ਦੀ ਠੀਕ ਸਮਝ ਹੋਣੀ ਚਾਹੀਦੀ ਹੈ। ਜਿਹੜੇ ਸਾਹਿਤਕਾਰ ਸਾਹਿਤ ਨੂੰ ਮੁੱਢਲਾ ਅਤੇ ਸਮਾਜ ਨੂੰ ਸੈਕੰਡਰੀ ਮੰਨਦੇ ਹਨ, ਉਹ ਸਾਹਿਤ ਵਿਚ



ਸੌਖੇ ਰਾਹ ਦੀ ਖੋਜ ਕਰਦੇ ਹਨ। ਸਮਾਜ ਦੀ ਜਿੰਨੀ ਸਾਫ ਸਮਝ ਹੋਵੇਗੀ ਸਾਹਿਤ ਅਤੇ ਸਾਹਿਤਕਾਰ ਦਾ ਰਵੱਈਆ ਵੀ ਓਨਾ ਹੀ ਸਾਫ ਹੋਵੇਗਾ। ............ ਸਾਹਿਤ ਕੋਈ ਰਵਾਜ, ਆਦਤ ਜਾਂ ਅਭਿਆਸ ਮਾਤਰ ਨਹੀਂ ਹੈ।"

ਸ੍ਰੀ ਮਨਸੁੱਖਾ ਅੱਗੇ ਹੋਰ ਕਹਿੰਦੇ ਹਨ—

"ਆਧੁਨਿਕ ਕਾਲ ਵਿਚ ਸਾਹਿਤ ਦੀ ਕੋਈ ਵੀ ਚਰਚਾ ਕੌਮੀ ਹਿੱਤਾਂ ਨੂੰ ਲਾਂਭੇ ਰੱਖ ਕੇ ਕਰਨੀ ਸੰਭਵ ਨਹੀਂ ਹੈ। ਆਧੁਨਿਕ ਰਾਸ਼ਟਰ ਅਤੇ ਮਨੁੱਖ ਦੇ ਹਿੱਤਾਂ ਨੂੰ ਅਣਡਿੱਠ ਕਰਕੇ ਹੋਰ ਜੋ ਕੁਝ ਵੀ ਸਾਹਮਣੇ ਆਵੇਗਾ ਉਸਦੇ ਉੱਤਰ-ਆਧੁਨਿਕਤਾ ਦੇ ਜਾਲ ਵਿਚ ਫਸਣ ਦੀ ਸੰਭਾਵਨਾ ਨੂੰ ਪੈਦਾ ਕਰੇਗਾ।"

ਉੱਤਰ-ਆਧੁਨਿਕਤਾ ਦੀ ਉਪਭੋਗਤਾਵਾਦੀ ਰੁਚੀ ਦੇ ਸ਼ਿਕਾਰ ਹੋਏ ਲੇਖਕਾਂ ਨੂੰ ਜਦੋਂ ਥੋਥੇ ਸਨਮਾਨਾਂ ਦੀ ਪ੍ਰਾਪਤੀ ਦੀ ਦੌੜ ਵਿਚ ਹਾਲੋ-ਬੇਹਾਲ ਹੋਏ ਦੇਖਦੇ ਹਾਂ ਤਾਂ ਉਹਨਾਂ ਦੀ ਸਾਹਿਤਕ ਨੈਤਿਕਤਾ ਡਿੱਕ ਡੋਲੇ ਖਾਂਦੀ ਨਜ਼ਰ ਆਉਣ ਲੱਗਦੀ ਹੈ। ਭਰਿਸ਼ਟ ਹੋਈ ਬੌਧਿਕ ਨੈਤਿਕਤਾ ਵਾਲੇ ਸਾਹਿਤਕਾਰਾਂ ਤੋਂ ਸਮਾਜ ਕੀ ਆਸ ਰੱਖ ਸਕਦਾ ਹੈ। ਸਨਮਾਨਾਂ ਨੇ ਖਾਸ ਕਰਕੇ ਜਿਨ੍ਹਾਂ ਨਾਲ ਕੁਝ ਰਾਸ਼ੀ ਜੁੜੀ ਹੁੰਦੀ ਹੈ, ਇਕ ਰਸਹੀਣ ਸਾਹਿਤਕ ਮਾਹੌਲ ਸਿਰਜ ਦਿੱਤਾ ਹੈ। ਇਸਦਾ ਇਹ ਵੀ ਅਰਥ ਨਹੀਂ ਕਿ ਲੇਖਕਾਂ ਦੇ ਸਨਮਾਨ ਹੋਣੇ ਨਹੀਂ ਚਾਹੀਦੇ। ਸਨਮਾਨ ਮੰਡੀ ਦੀ ਵਸਤੂ ਨਹੀਂ ਹੋਣੇ ਚਾਹੀਦੇ। ਸਨਮਾਨ ਇੰਨੇ ਸਸਤੇ ਤੇ ਹੋਲੇ ਦਿਸਣ ਲੱਗਦੇ, ਹਨ। ਜਦੋਂ ਉਹ ਜਾਂ ਤਾਂ ਗ਼ਲਤ ਵਿਅਕਤੀਆਂ ਨੂੰ ਦਿੱਤੇ ਜਾਂਦੇ ਹਨ ਜਾਂ ਇਕੋ ਵਿਅਕਤੀ ਨੂੰ ਜਿਸ ਦੀ ਸਾਹਿਤ ਤੇ ਸਮਾਜ ਨੂੰ ਗਿਣਨਯੋਗ ਦੇਣ ਹੋਵੇ, ਮੁੜ-ਮੁੜ ਬਖਸ਼ੇ ਜਾਂਦੇ ਹਨ। ਜਿਵੇਂ ਹੋਰ ਚੰਗਾ ਲੇਖਕ ਰਹਿ ਹੀ ਨਾ ਗਿਆ ਹੋਵੇ। ਪਰ ਕਈ ਵਾਰ ਵਧੀਆ ਲੇਖਕਾਂ ਨੂੰ ਚੰਗੇ ਇਨਾਮਾਂ ਨਾਲ ਸਪਰਸ਼ ਨਹੀਂ ਹੋਣ ਦਿੱਤਾ ਜਾਂਦਾ। ਕਈ ਬਾਰ ਵਧੀਆ ਲੇਖਕ ਘਟੀਆ ਇਨਾਮਾਂ ਨੂੰ ਪਰਵਾਨ ਕਰਕੇ ਸਗੋਂ ਹੋਲੇ ਦਿਸਣ ਲੱਗ ਜਾਂਦੇ ਹਨ।

ਜਿਵੇਂ ਮਰਾਠੀ ਲੇਖਕਾਂ ਨੇ ਐਨਰੋਨ ਵਲੋਂ ਦਿੱਤੀ ਰਾਸ਼ੀ 'ਕੋਂਕਣ ਮਰਾਠੀ ਸਾਹਿਤ ਪ੍ਰੀਸ਼ਦ' ਨੂੰ ਦੇਣ ਲਈ ਜੋ ਵਿਰੋਧ ਕੀਤਾ ਉਸਦਾ ਦੂਜਾ ਪੱਖ ਇਹ ਸੀ ਕਿ ਇਕ ਬਦਨਾਮ ਅਦਾਰਾ ਜਿਵੇਂ ਪੁੰਨਦਾਨ ਕਰਕੇ ਭੱਲ ਖੱਟਣੀ ਚਾਹੁੰਦਾ ਹੈ। ਏਸੇ ਤਰ੍ਹਾਂ ਹੀ ਕੁਝ ਇਨਾਮ ਇਸ ਲਈ ਸਥਾਪਤ ਕੀਤੇ ਜਾਂਦੇ ਹਨ ਕਿ ਉਹ ਇਸ ਨਾਲ ਆਪਣੀ ਸਮਾਜਕ ਦਿੱਖ ਨੂੰ ਹੋਰ ਉਭਾਰ ਸਕਣ। ਬੇਸ਼ੱਕ ਕੁਝ ਕੁ ਇਨਾਮ ਭਾਵਨਾਵਾਂ ਨਾਲ ਜੁੜੇ ਹੁੰਦੇ ਹਨ। ਮੇਰੇ ਵਿਚਾਰ ਵਿਚ ਅਜਿਹੇ ਇਨਾਮ ਜਿਸ ਵਿਅਕਤੀ ਦੀ ਯਾਦ ਵਿਚ ਰੱਖੇ ਜਾਣ ਉਸਦੀਆਂ ਰੁਚੀਆਂ ਦੇ ਅਨੁਕੂਲ ਹੋਣੇ ਚਾਹੀਦੇ ਹਨ। ਨਾ ਕਿ ਇਨਾਮ ਸਥਾਪਤ ਕਰਨ ਵਾਲੇ ਦੀ ਰੁਚੀ ਅਨੁਸਾਰ। ਹੁਣ ਐਨਰੋਨ ਵਲੋਂ ਸਾਹਿਤਕ ਪ੍ਰੀਸ਼ਦ ਨੂੰ ਇੱਡਾ ਵੱਡਾ ਫੰਡ ਵਿਸ਼ੇਸ਼ ਹਿੱਤਾ ਦੀ ਪੂਰਤੀ ਲਈ ਸੀ ਨਾ ਕਿ ਉਸ ਦੀ ਸਾਹਿਤ ਨੂੰ ਵਿਕਸਤ ਕਰਨ ਦੀ ਭਾਵਨਾ ਦੇ ਕਾਰਨ। ਜਦੋਂ ਰਾਜ ਸੱਤਾ ਤੇ ਸੱਤਾ ਨਾਲ ਸ਼੍ਰੇਣਿਕ ਤੌਰ ਤੇ ਸੰਬੰਧਿਤ ਲੋਕਾਂ ਵਲੋਂ ਸਥਾਪਤ ਕੀਤੇ ਇਨਾਮਾਂ ਦੀ ਪ੍ਰਾਪਤੀ ਲਈ ਹੋਛੇ ਕਿਸਮ ਦੇ ਢੰਗ ਵਰਤੇ ਜਾਣ ਤਾਂ ਸਾਹਿਤਕ ਜਗਤ ਕਿਸੇ ਸੰਕਟ ਦਾ ਸ਼ਿਕਾਰ ਹੀ ਹੋ ਸਕਦਾ ਹੈ। ਸੰਕਟ ਜੋ ਬੌਧਿਕ ਗਰੀਬੀ ਤੇ ਨੈਤਿਕ ਨਿਵਾਣਾਂ ਦੇ ਪੋਲਾਂ ਦੇ ਵਿਚਕਾਰ ਮੂੰਹ ਅੱਡੀ ਖਲੋਤਾ ਹੈ।

ਦੁੱਖ ਹੁੰਦਾ ਹੈ ਜਦੋਂ ਇਨਾਮ ਅਜਿਹੀਆਂ ਲਿਖਤਾਂ ਜਾਂ ਲੇਖਕਾਂ ਨੂੰ ਦਿੱਤਾ ਜਾਂਦਾ ਹੈ ਜੋ ਫਿਰਕੂ ਭਾਵਨਾਵਾਂ, ਰੂੜੀਵਾਦੀ ਸੋਚਾਂ ਤੇ ਨਫ਼ਰਤ ਨੂੰ ਪਰਚਾਰਨ ਵਾਲਾ ਹੁੰਦਾ ਹੈ। ਕੁਝ ਸਮਾਂ ਪਹਿਲਾਂ ਸ੍ਰੀ ਹਰਿੰਦਰ ਸਿੰਘ ਮਹਿਬੂਬ ਨੂੰ ਸਾਹਿਤ ਇਕਾਡਮੀ ਦਾ ਇਨਾਮ ਏਸੇ ਘੇਰੇ ਵਿਚ ਆਇਆ ਸੀ। ਪਿਛਲੇ ਦਿਨੀਂ ਇਕ ਅਮਰੀਕਨ ਕਰੋੜਪਤੀ ਵਲੋਂ ਸਥਾਪਤ ਸ੍ਰੀ ਕਰਤਾਰ ਸਿੰਘ ਧਾਲੀਵਾਲ ਯਾਦਗਾਰੀ ਇਨਾਮ ਲਈ ਮਰਹੂਮ ਸ੍ਰੀ ਪ੍ਰੀਤਮ ਸਿੰਘ ਸਫੀਰ ਨੂੰ ਉਹਨਾਂ ਦੇ ਰਹੱਸਵਾਦੀ ਲੇਖਕ ਹੋਣ ਦੇ ਨਾਤੇ ਦਿੱਤਾ ਗਿਆ। ਸ੍ਰੀ ਸਫੀਰ ਦੀ ਜਿਹੜੇ ਸੱਜਣਾਂ ਨੇ ਚੋਣ ਕੀਤੀ ਜਾਂ ਚੁਣੇ ਜਾਣ ਲਈ ਸਲਾਹ ਦਿੱਤੀ ਕੀ ਉਹਨਾਂ ਐਨਰੋਨ ਦੀ ਦ੍ਰਿਸ਼ਟੀ ਦੀ ਵਰਤੋਂ ਕੀਤੀ ਜਾਂ ਸ੍ਰੀ ਸਫੀਰ ਦੀ ਰਚਨਾ ਦੇ ਅਜੋਕੇ ਸੰਕਟ ਗ੍ਰਸਤ ਸਮਾਜ ਵਿਚ ਜਨਸਾਧਾਰਨ ਨੂੰ ਹਨੇਰੇ ਥਾਲ-ਪਰੋਸਣ ਦੀ ਪੁਸ਼ਟੀ ਕੀਤੀ ਹੈ।

ਟੱਬ ਫਿਰ ਸ੍ਰੀ ਮਨਸੁਖਾ ਦੇ ਸ਼ਬਦਾਂ ਦੀ ਪੁਸ਼ਟੀ ਹੁੰਦੀ ਹੈ ਜਦੋਂ ਉਹ ਲਿਖਦੇ ਹਨ-

"ਸਾਹਿਤ ਨੂੰ ਸਮਾਜਿਕ ਸਰੋਕਾਰਾਂ ਦਾ ਪ੍ਰਗਟਾਵਾ ਕਰਨ ਲਈ ਬੁਨਿਆਦੀ ਤੌਰ ਤੇ ਪੂੰਜੀ ਦੀ ਖੇਡ ਤੋਂ ਸਾਹਿਤ-ਸੰਬੰਧ ਨੂੰ ਬਾਹਰ ਕੱਢਣਾ ਹੋਵੇਗਾ। ਪੈਸੇ ਨਾਲ ਜੁੜੇ ਦਿਲ ਵਿਚ ਤਬਦੀਲੀ ਦੀਆਂ ਸੰਭਾਵਨਾਵਾਂ ਨਹੀਂ ਹੁੰਦੀਆਂ। ਇਸ ਵਿਚ ਪ੍ਰਗਟਾਵੇ ਦੇ ਖ਼ਤਰੇ ਉਠਾਉਣ ਦੀ ਜੁਰਅੱਤ ਨਹੀਂ ਹੁੰਦੀ।"

ਇਸ ਤਰ੍ਹਾਂ ਅਸੀਂ ਪੰਜਾਬੀ ਸੱਭਿਆਚਾਰ, ਭਾਸ਼ਾ, ਸਾਹਿਤ ਤੇ ਸਾਹਿਤਕ ਸੰਸਥਾਵਾਂ ਨੂੰ ਵੱਡੇ ਮਾਰੂ ਖ਼ਤਰਿਆਂ ਵਿਚ ਘਿਰੇ ਹੋਏ ਦੇਖ ਰਹੇ ਹਾਂ। ਜਿਸਦੇ ਲਈ ਏਕਤਾ ਅਤ ਸੰਘਰਸ਼ ਦੀ ਪਹੁੰਚ ਅਪਣਾਕੇ, ਪੰਜਾਬੀ ਜਨ-ਸਮੂਹ ਨੂੰ ਨਾਲ ਜੋੜਨਾ ਚਾਹੀਦਾ ਹੈ। ਇਸ ਤਰ੍ਹਾ ਪਜਾਬੀ ਸੱਭਿਆਚਾਰ ਨੂੰ ਦਰਪੇਸ਼ ਖ਼ਤਰਿਆਂ ਨੂੰ ਹਾਰ ਦੇਣ ਲਈ ਸਾਰੇ ਸਾਹਿਤਕ ਮੰਚਾਂ ਨੂੰ ਸਹੀ ਸੇਧ ਵਿਚ ਕਿਰਿਆਸ਼ੀਲ ਹੋਣਾ ਜ਼ਰੂਰੀ ਹੈ।

*ਯਾਦਾਂ*

## ਆਈਸਲਾ ਨੇਗਰਾ ਮੇਰਾ ਘਰ/

***ਪਾਬਲੋ ਨੇਰੂਦਾ***

ਮੈਂ ਆਪਣਾ ਮਨ ਬਣਾ ਲਿਆ ਸੀ ਕਿ ਮੈਂ ਵੱਧ ਸਮੇਂ ਮਾਣ ਤੇ ਸ਼ਕਤੀ ਨਾਲ ਆਪਣੇ ਆਪ ਨੂੰ ਲਿਖਣ ਦੇ ਕਾਰਜ ਵਿਚ ਲਾ ਦੇਵਾਂ। ਸਪੇਨ ਦਾ ਮੇਰੀ ਯਾਤਰਾ ਨੇ ਮੈਨੂੰ ਵਾਧੂ ਸ਼ਕਤੀ ਤੇ ਪਰਪੱਕਤਾ ਦੇ ਦਿੱਤੀ ਸੀ। ਮੇਰੀ ਕਵਿਤਾ ਵਿਚਲੀ ਤਲਖੀ ਖਤਮ ਹੋਣ ਵਾਲੀ ਸੀ। "ਪਿਆਰ ਕਵਿਤਾਵਾਂ" ਵਿਚਲੀ ਅੰਤਰਮੁਖੀ ਦਿਲਗੀਰੀ ਅਤੇ Residence On Earth ਦੀ ਦੁਖਵਾਲੀ ਚਿੰਤਾ ਮੁੱਕਣ ਵਾਲੀ ਸੀ। ਉਹਨਾਂ ਵਿਚੋਂ ਮੈਂ ਹੁਣ ਸੋਚਦਾ ਇਕ ਨਾੜ ਫੜ ਲਈ ਸੀ। ਪੱਥਰਾਂ ਵਿਚ ਨਹੀਂ ਸਗੋਂ ਪੁਸਤਕ ਦੇ ਸਫ਼ਿਆਂ ਵਿਚੋਂ।

ਕੀ ਕਵਿਤਾ ਸਾਡੇ ਸੰਗੀਆਂ-ਸਾਥੀਆਂ ਦੀ ਸੇਵਾ ਕਰ ਸਕਦੀ ਸੀ? ਕੀ ਮਨੁੱਖ ਦੇ ਸੰਗਰਾਮਾਂ ਵਿਚ ਥਾਂ ਲੱਭ ਸਕਦੀ ਸੀ? ਮੈਂ ਅਤਾਰਰਿਕਤਾ ਤੇ ਨਾਹਮੁਖਤਾ ਬਾਰੇ ਕਾਫੀ ਅਵਾਰਾ ਗਰਦੀ ਕਰ ਚੁੱਕਾ ਸੀ। ਮੈਨੂੰ ਰੁਕ ਕੇ ਸਾਹ ਲੈਣਾ ਤੇ ਮਨੁੱਖਵਾਦ ਦੀ ਸੜਕ ਲੱਭਣੀ ਪੈਣੀ ਸੀ, ਜਿਸਨੂੰ ਸਮਕਾਲੀ ਸਾਹਿਤ ਵਿਚ ਗੈਰ-ਕਾਨੂੰਨੀ ਕਰਾਰ ਦੇ ਦਿੱਤਾ ਗਿਆ ਸੀ। ਪਰ ਜਿਹੜਾ ਮਨੁੱਖ-ਜਾਤੀ ਦੀਆਂ ਅਸ਼ਾਵਾਂ ਵਿਚ ਡੂੰਘੀ ਤਰ੍ਹਾਂ ਜੜ੍ਹਾਂ ਮਾਰੀ ਬੈਠਾ ਸੀ।

ਮੈਂ ਆਪਣੀ ਪੁਸਤਕ Canto-general ਤੇ ਕੰਮ ਸ਼ੁਰੂ ਕਰ ਦਿੱਤਾ।

ਇਸ ਕਾਰਜ ਲਈ ਮੈਨੂੰ ਕੰਮ ਕਰਨ ਲਈ ਥਾਂ ਚਾਹੀਦੀ ਸੀ। ਮੈਨੂੰ ਇਕ ਪੱਥਰਾਂ ਦਾ ਘਰ ਲੱਭ ਗਿਆ ਜਿਸ ਦਾ ਮੂੰਹ ਸਮੁੰਦਰ ਵੱਲ ਸੀ, ਇਸ ਆਈਸਲਾ ਨੇਗਰਾ, ਜਗ੍ਹਾ ਨੂੰ ਕੋਈ ਨਹੀਂ ਸੀ ਜਾਣਦਾ। ਇਸ ਦਾ ਮਾਲਕ, ਲੰਮੇ ਸਮੇਂ ਤੋਂ ਸਮਾਜਵਾਦੀ ਖਿਆਲਾਂ ਦਾ ਸੀ। ਸਮੁੰਦਰੀ ਫੌਜ਼ ਦਾ ਕਪਤਾਨ ਤੇ ਇਸਦਾ ਨਾਂ ਸੀ ਡਾਨ ਅਲਾਡੀਓ ਸਬਰੀਨੋ। ਉਹ ਇਹ ਘਰ ਆਪਣੇ ਪਰਿਵਾਰ ਲਈ ਬਣਾ ਰਿਹਾ ਸੀ, ਪਰ ਮੈਨੂੰ ਵੇਚਣ ਲਈ ਸਹਿਮਤ ਹੋ ਗਿਆ। ਮੈਂ ਇਹ ਕਿੱਥੋਂ ਖਰੀਦਣ ਜੋਗਾ ਸੀ। ਮੈਂ ਕਾਂਟੋ ਜਨਰਲ, ਦੀ ਪੁਸਤਕ ਬਾਰੇ ਯੋਜਨਾ ਤਿਆਰ ਕੀਤੀ, ਪਰ ਮੇਰੇ ਪ੍ਰਕਾਸ਼ਕ ਨੇ ਇਹ ਰੱਦ ਕਰ ਦਿੱਤੀ। 1939 ਵਿਚ, ਇਕ ਹੋਰ ਪ੍ਰਕਾਸ਼ਕ ਨੇ ਸਾਰੀ ਰਕਮ ਸਿੱਧੇ ਹੀ ਮਾਲਕ ਨੂੰ ਅਦਾ ਕਰ ਦਿੱਤੀ ਤੇ ਅਖੀਰ ਮੈਂ ਕੰਮ ਕਰਨ ਲਈ ਆਈਸਲਾ ਵਾਲਾ ਘਰ ਪ੍ਰਾਪਤ ਕਰਨ ਵਿਚ ਸਫ਼ਲ ਹੋ ਗਿਆ।

ਮੈਨੂੰ ਇਕ ਐਸੀ ਕਵਿਤਾ ਲਿਖਣ ਦੀ ਤਲਬ ਹੋ ਰਹੀ ਸੀ, ਜਿਸਦਾ ਕੇਂਦਰੀ ਵਿਸ਼ਾ ਐਸਾ ਹੋਵੇ ਕਿ ਇਸ ਵਿਚ ਇਤਿਹਾਸਿਕ ਘਟਨਾਵਾਂ, ਭੂਗੋਲਿਕ ਸਥਿਤੀਆਂ ਤੇ ਸਾਡੇ ਲੋਕਾਂ ਦਾ ਜੀਵਨ ਤੇ ਸੰਘਰਸ਼ਾਂ ਦਾ ਵਰਨਣ ਹੋਵੇ। ਆਈਸਲਾ ਨੇਗਰਾ ਦੀ ਜੰਗਲੀ ਸਮੁੰਦਰੀ ਪੱਟੀ, ਤੇ ਇਸਦਾ ਖਰੂਦੀ ਸਮੁੰਦਰ ਇਹ ਐਸੀ ਥਾਂ ਸੀ ਕਿ ਇਸ ਵਿਚ ਮੈਂ ਨਵਾਂ ਗੀਤ ਲਿਖਣ ਲਈ ਉਤਸ਼ਾਹ ਭਰਪੂਰ ਤਰੀਕੇ ਨਾਲ ਖੁੱਭ ਗਿਆ। ✪





## ਰੰਗ ਖ਼ੁਸ਼ਬੂ ਰੌਸ਼ਨੀ/ਇੰਦਰਜੀਤ ਹਸਨਪੁਰੀ

ਇੰਦਰਜੀਤ ਹਸਨਪੁਰੀ ਸੁਚੱਜੀ ਪੰਜਾਬੀ ਗੀਤਕਾਰੀ ਵਿਚ ਲੋਹਾ ਜਮਾਉਣ ਪਿਛੋਂ ਗ਼ਜ਼ਲ ਦੇ ਮੈਦਾਨ ਵਿਚ ਹੈ। ਹਥਲੀ ਪੁਸਤਕ ਵਿਚ ਕੁਝ 80 ਗ਼ਜ਼ਲਾਂ ਹਨ। ਹਰ ਗ਼ਜ਼ਲ ਕਿਸੇ ਨਿਰਧਾਰਤ ਛੰਦ ਬਹਿਰ ਵਿਚ ਨਿਭਾਈ ਗਈ ਹੈ। ਸ਼ਾਇਰ ਨੇ (ਫਾਇਲਾਤੁਨ) ਜਿਹੇ ਇਕਹਿਰੇ ਤੇ ਨਿਕਚੂ ਬਹਿਰ ਵਿਚ ਵੀ ਗ਼ਜ਼ਲ ਕਹੀ ਹੈ। ਉਂਜ ਉਸਦੀ ਰੂਹ ਦਾ ਬਹਿਰ ਰਮਲ ਹੈ। ਬਹੁਤ ਵਧੀਆ ਸ਼ਿਅਰ ਏਸੇ ਬਹਿਰ 'ਚ ਹਨ। ਗ਼ਜ਼ਲਾਂ ਦੇ ਰੂਪ ਸੰਬੰਧੀ ਸ਼ਾਇਰ ਨੇ ਗ਼ਜ਼ਲਾਂ ਦੀ ਜ਼ੁਬਾਨੀ ਵੀ ਗੱਲ ਕੀਤੀ ਹੈ। ਸਾਰੀਆਂ ਗ਼ਜ਼ਲਾਂ ਵਿਚ ਰਵਾਇਤੀ ਇਸ਼ਕ ਸ਼ਿਅਰਾਂ ਤੇ ਭਾਰੂ ਹੈ। ਵਫਾ, ਮਹਿਰਮ, ਹੋਂਠ, ਮੁਸਕਾਨ, ਬਦਨਾਮੀਆਂ, ਇਸ਼ਕ, ਹੁਸੀਨਾ, ਹੌਕਾ, ਹੰਝੂ, ਸ਼ਬਾਬ, ਗ਼ਮ, ਜ਼ੁਲਫ, ਬੁਲ੍ਹ, ਸ਼ਰਾਬ, ਰੂਪ, ਵਸਲ, ਆਦਿ ਅਲੰਕਾਰ ਭਾਰੂ ਹਨ। ਫੇਰ ਵੀ ਹਸਨਪੁਰੀ ਨੇ ਜਦੀਦ ਵਿਸ਼ੇ ਵੀ ਬਾਖੂਬੀ ਗ਼ਜ਼ਲਾਂ ਵਿਚ ਰੂਹਦਾਰ ਕੀਤੇ ਹਨ। ਉਸਨੇ ਨਵੇਂ ਕੁਆਰੇ ਬਿੰਬ ਅਤੇ ਸ਼ਾਨਦਾਰ ਕਾਫੀਏ ਵੀ ਘੜੇ ਹਨ। ....ਪਰ ਕੁਝ ਗ਼ਜ਼ਲਾਂ ਦੇ ਮਤਲੇ ਹੀ ਨਹੀਂ। ਮੁਖੜੇ ਬਿਨ ਗੀਤ ਸੰਭਵ ਹੋ ਹੀ ਨਹੀਂ ਸਕਦਾ ਅਤੇ ਮਤਲੇ ਬਿਨ ਗ਼ਜ਼ਲ। ਸ਼ਾਇਰ ਕਈ ਥਾਈਂ ਗਲਤ ਕਾਫੀਏ ਮੇਲਦਾ ਹੈ ਜਿਵੇਂ ਚੁਭੋਇਆ ਦੇ ਬਰਅਕਸ ਹੱਸਿਆ ਕਾਫੀਆ ਗ਼ਲਤ ਹੈ ਤੇ ਜ਼ਿੰਦਗੀ ਬੰਦਗੀ ਮਤਲੇ ਦੇ ਕਾਫੀਆ ਦੇ ਸਾਹਮਣੇ ਕਵੀ ਨੇ ਬੇਵਸੀ, ਬੰਸਰੀ ਜਾਂ ਰੌਸ਼ਨੀ ਕਾਫੀਏ ਦਿੱਤੇ ਹਨ ਜੋ ਕਿ ਦਰਿੰਦਗੀ, ਸ਼ਰਮਿੰਦਗੀ, ਵੈਦਗੀ, ਆਦਿ ਹੋਣੇ ਚਾਹੀਦੇ ਸਨ। ਗਾਉਣ ਗਾਉਣ ਨੂੰ ਗਾਣ ਲਾਣ ਵੀ ਕਾਫੀਆ ਮਿਲਾਉਣ ਵਾਸਤੇ ਹੈ। ਤਲੱਫੁਜ਼ ਸਬੰਧੀ ਸ਼ਾਇਰ ਉਸਤਾਦ ਹੈ। ਪੁਸਤਕ ਕਿਸੇ ਗ਼ਜ਼ਲ ਉਸਤਾਦ ਦੇ ਹੱਥਾਂ 'ਚੋਂ ਹੋ ਕੇ ਆਈ ਪ੍ਰਤੀਤ ਲੱਗਦੀ ਹੈ। ਇਸ ਪੁਸਤਕ ਦਾ ਪੰਜਾਬੀ ਗ਼ਜ਼ਲ ਪਿਆਰੇ ਸਤਿਕਾਰ ਕਰਨਗੇ।

***ਸੁਲੱਖਣ ਸਰਹੱਦੀ***

## ਯਾਦਾਂ ਦੀ ਮਹਿਕ/ਪਿਆਰਾ ਸਿੰਘ ਟਾਂਡਾ

ਪਿਆਰਾ ਸਿੰਘ ਟਾਂਡਾ ਕੋਲ ਲੰਬੀ ਉਮਰ ਦਾ ਤਜਰਬਾ ਸੀ ਜਦ ਉਸਨੇ ਲਿਖਣਾ ਸ਼ੁਰੂ ਕੀਤਾ। ਇਹ ਵੀ ਸੱਚ ਹੈ ਕਿ 'ਦੇਸ਼ ਸੇਵਕ' ਦੀ ਨਵੀਂ ਤੋਰੀ ਵਿਧਾ ਮਿਡਲ ਟਾਂਡਾ ਦੇ ਐਸੇ ਮੇਚ ਆਈ ਕਿ ਉਸ ਨੇ ਆਪਣੀਆਂ ਯਾਦਾਂ ਦੀ ਨਿੱਕੇ-ਨਿੱਕੇ ਲੇਖਾਂ ਵਿੱਚ ਮਹਿਕ ਖਿੰਡਾ ਦਿੱਤੀ। ਲੱਗਦਾ ਹੀ ਨਹੀਂ ਕਿ ਇਹ ਪੁਸਤਕ ਲੇਖਕ ਦੀ ਪਹਿਲੀ ਪੁਸਤਕ ਹੈ। ਸਗੋਂ ਕਿਸੇ ਪਰਪੱਕ ਅਤੇ ਭਾਸ਼ਾ ਵਿੱਗ ਦੀ ਸਾਹਿਤ ਦੇ ਖੇਤਰ ਵਿਚ ਅਗਾਂਹ ਜਾ ਕੇ ਕੁਝ ਦੇਰ ਲਈ ਪਿੱਛਲ ਝਾਤ ਹੈ। 104 ਸਫਿਆਂ ਵਿਚ 39 ਵੱਖ-ਵੱਖ ਵਿਸ਼ਿਆਂ ਦੇ ਦਿਲਚਸਪ ਲੇਖਾਂ ਦੇ ਇਸ ਸੰਗ੍ਰਹਿ ਦੀ ਕੀਮਤ ਕੇਵਲ 50 ਰੁਪਏ ਹੈ। ਪੁਸਤਕ ਦੀ ਭੂਮਿਕਾ ਪੰਜਾਬੀ ਦੇ ਸੁਪ੍ਰਸਿੱਧ ਆਲੋਚਕ ਡਾ. ਅਨੂਪ ਸਿੰਘ ਨੇ ਲਿਖੀ ਹੈ। ਲੇਖਾਂ ਵਿਚ ਜ਼ਿੰਦਗੀ ਨੂੰ ਦਰਪੇਸ਼ ਅਜੋਕੇ ਮਸਲੇ ਸਮਾਜਿਕ, ਸੱਭਿਆਚਾਰ ਅਤੇ ਰਾਜਨੀਤਕ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤੇ ਗਏ ਹਨ। 'ਮਿਡਲ' ਲੇਖਕ ਦੀ ਆਪਣੀ ਹੀ ਬੇਬਾਕ ਸ਼ੈਲੀ ਹੈ। ਇਹ ਪੁਸਤਕ ਹਰ ਘਰ ਵਿਚ ਰੱਖਣ ਯੋਗ ਹੈ ਖਾਸ ਕਰ ਜੁਆਨ ਹੋ ਰਹੇ ਧੀਆਂ ਪੁੱਤਰਾਂ ਦੇ ਹੱਥਾਂ ਵਿਚ ਐਸੀਆਂ ਪੁਸਤਕਾਂ ਜਾਣੀਆਂ ਚਾਹੀਦੀਆਂ ਹਨ।

***ਸੁਲੱਖਣ ਸੁਰਹੱਦੀ***

## ਦਿੱਬ ਦੇ ਸਿੱਟੇ (ਗੁਰਦੇਵ ਚੌਹਾਨ)

'ਦਿੱਬ ਦੇ ਸਿੱਟੇ' ਗੁਰਦੇਵ ਚੌਹਾਨ ਦਾ ਨਵਾਂ ਕਾਵਿ-ਸੰਗ੍ਰਹਿ ਹੈ। ਇਹ ਸਮੁੱਚੀ ਪੁਸਤਕ, ਜੋ 9 ਸਫਿਆਂ ਵਿਚ ਫੈਲੀ ਹੋਈ ਹੈ, ਉਸਦੇ ਆਪਣੇ ਪਿੰਡ ਬਾਰੇ ਸਮੇਂ ਸਮੇਂ ਲਿਖੀਆਂ ਕਵਿਤਾਵਾਂ ਦਾ ਸੰਗ੍ਰਹਿ ਹੈ ਇਹ ਪਿੰਡ ਬਾਰੇ ਲਿਖੀ ਲੰਮਾ ਨਜ਼ਮ ਨਹੀਂ, ਸਗੋਂ ਇਕ ਮਹਾਂ ਕਾਵਿ ਹੈ, ਜਿਸਦੇ 71 ਕਾਂਡ ਹਨ। ਮੈਂ ਅ ਤੀਕ ਪੰਜਾਬ ਦੇ ਪਿੰਡ ਬਾਰੇ ਲਿਖੀ ਏਨੀ ਲੰਮੀ ਕਾਵਿ-ਰਚਨਾ ਨਹੀਂ ਪੜ੍ਹੀ।

ਕਵੀ ਭੂਮਿਕਾ ਵਿਚ ਲਿਖਦਾ ਹੈ, "ਕਵਿਤਾਵਾਂ ਸਾਦ-ਮੁਰਾਦੀ ਖੁਸ਼ੀ ਜਾਂ ਉਦਾਸੀ ਅਤੇ ਚੇਤੇ ਦ ਉਪਜ ਹੁੰਦੀਆਂ ਹਨ-ਜ਼ਿੰਦਗੀ ਨਿੱਕੀਆਂ ਨਿੱਕੀਆਂ ਤਰੰਗਾਂ ਦਾ ਜਮਾਂ-ਜੋੜ ਹੈ। ਚੱਕਦੇ ਚਲਦੇ ਇਕ ਪਲ ਲਈ ਖਲੋ ਜਾਣ ਦਾ, ਪਿੱਛੇ ਵੇਖਣ ਦਾ।

"ਇਹਨਾਂ ਕਵਿਤਾਵਾਂ ਪਿੱਛੇ ਨਿਰਉਚੇਕਤਾ ਹੈ। ਪਰ ਵਲਵਲੇ ਦੀ ਕਾਹਲ ਅਤੇ ਨਿਰਉਚੇਚਤਾ ਵੀ.... ਸ਼ਾਇਦ ਕਵਿਤਾ ਦੀ ਵੱਡੀ ਖੇਤੀ ਪਿੰਡ ਵਿਚ ਹੀ ਸੰਭਵ ਹੈ। ਇਹ ਸ਼ਬਦ ਲਿਖਦਾ ਕਵੀ ਇਕ ਤਰ੍ਹਾਂ ਨਾਲ ਪੰਜਾਬੀ ਵਿਚ ਅਚੇਤ ਹੀ ਕਿਸੇ ਨਵੇਂ ਕਾਵਿ-ਸ਼ਾਸ਼ਤਰ ਦਾ ਨਿਰਮਾਣ ਕਰ ਰਿਹਾ ਪ੍ਰਤੀਤ ਹੁੰਦਾ ਹੈ। ਪੰਜਾਬੀ ਵਿਚ, ਭਵਿੱਖ ਦੇ ਕਾਵਿ-ਰੂਪਾਂ ਦੀ ਜਦੋਂ ਗੱਲ ਚੱਲੇ ਤਾਂ ਮੇਰਾ ਉੱਤਰ ਹੁੰਦਾ ਹੈ ਕਿ ਲੈ-ਭਰਪੂਰ ਖੁੱਲ੍ਹੀ ਕਵਿਤਾ ਭਵਿੱਖ ਦਾ ਸਰਬ-ਪ੍ਰਵਾਨਤ ਰੂਪ ਪ੍ਰਤੀਤ ਹੁੰਦਾ ਹੈ। ਚੌਹਾਨ ਨੇ ਮੇਰੇ ਇਸ ਵਿਚਾਰ ਨੂੰ ਪਰਤੱਖ ਕਰ ਵਿਖਾਇਆ ਹੈ।

ਉਸ ਦੀ ਕਵਿਤਾ ਆਪਣੇ ਵਿੱਛੜ ਗਏ ਪਿੰਡ ਨੂੰ ਯਾਦ ਕਰਦੀ ਆਪ ਮੁਹਾਰੇ ਤੁਰਦੀ ਹੈ। ਕਿਸੇ ਧੀਮੀ ਤੋਰੇ ਤੁਰਦੀ ਨਦੀ ਵਾਂਗ। ਕਿਤੇ ਕਿਤੇ ਹੀ, ਵਿਰਲੇ ਟਾਵੇਂ ਮੌਕੇ ਤੇ ਕਾਫੀਏ ਨੂੰ ਖਿੱਚ-ਧੂਹ ਕੇ ਮੇਲਣ ਦੀ ਉਚੇਚੀ ਕੋਸ਼ਿਸ਼ ਨਜ਼ਰੀ ਪੈਂਦੀ ਹੈ। ਨਹੀਂ ਤਾਂ ਸਭ ਕੁਝ ਬਿਨਾਂ ਬਨਾਵਟ ਦੇ ਹੀ ਸਿਰਜਿਆ ਗਿਆ ਹੈ। ਚੌਹਾਨ ਦੀ ਸ਼ਾਇਰੀ ਪਿੰਡ ਦੇ ਵੱਖ-ਵੱਖ ਅਨੁਭਵਾਂ ਨੂੰ ਚਿਤਰਦੀ ਧਰਤੀ ਤੋਂ ਉਤਾਂਹ ਉਠਦੀ ਵੀ ਪ੍ਰਤੀਤ ਹੁੰਦੀ ਹੈ। ਪਰ ਉਹ ਪਿੰਡ ਨੂੰ ਭੁੱਲਦਾ ਨਹੀਂ। ਲਗਾਤਾਰ ਪਰ ਤੇਜ਼ੀ ਨਾਲ ਬਦਲ ਰਹੇ ਪਿੰਡ ਦੇ ਸਦੀਵੀਂ ਨਕਸ਼ਾਂ ਨੂੰ ਪਕੜਨਾ ਅੱਜ ਦੇ ਤਕਨੀਕੀ ਯੁਗ ਵਿਚ ਆਸਾਨ ਕਾਰਜ ਨਹੀਂ ਰਿਹਾ-

ਅੱਜ ਪਿੰਡ ਵਿਚ ਕੋਈ ਸੱਥ ਨਹੀਂ ਜੁੜਦੀ<br>
ਸਾਜ਼ਿਸ਼ ਜੁੜਦੀ ਹੈ<br>
ਅੱਜ ਪਿੰਡ ਵਿਚ ਹਰ ਬੁਝੇ ਟੁੱਟੇ ਦੀ<br>
ਮਿੱਟੀ ਉਡਦੀ ਹੈ<br>
ਅੱਜ ਪਿੰਡ ਵਿਚ ਲੋਕਾਂ ਦੇ ਬੋਲਾਂ ਹੇਠਾਂ<br>
ਰਹਿੰਦਾ ਹੈ ਉਹਨਾ ਦਾ ਸਵਾਰਥ<br>
ਆਪੋ ਆਪਣਾ ਮਨੋਰਥ।

ਗੁਰਦੇਵ ਚੌਹਾਨ ਨੇ ਅਚੇਤ ਹੀ ਪੰਜਾਬ ਦੇ ਪਿੰਡ ਬਾਰੇ ਮਹਾਂ-ਕਾਵਿ ਦੀ ਸਿਰਜਣਾ ਕਰ ਦਿੱਤੀ ਹੈ। ਇੰਝ ਉਸਨੇ ਕਵਿਤਾ ਦੇ ਖੇਤਰ ਵਿਚ ਬੜਾ ਹੀ ਮੌਲਿਕ ਤੇ ਸਾਰਥਕ ਤਜਰਬਾ ਕੀਤਾ ਹੈ ਤੇ ਆਪਣੀ ਕਾਵਿਕ ਸ਼ਕਤੀ ਦਾ ਲੋਹਾ ਮੰਨਵਾ ਲਿਆ ਹੈ। ਇਹ ਕਵਿਤਾ ਸਾਨੂੰ, ਬਾਰ-ਬਾਰ ਆਪਣੇ ਆਲੇ-ਦੁਆਲੇ ਵਾਪਰ ਰਹੀਆਂ ਤਬਦੀਲੀਆਂ ਦਾ ਅਹਿਸਾਸ ਬੜੀ ਤੀਬਰਤਾ ਨਾਲ ਕਰਵਾਉਂਦੀ ਹੈ ਤੇ ਭੁੱਲਦੇ ਜਾ ਰਹੇ ਪਿੰਡ ਦੇ ਅਤੀਤ ਦੇ ਨਕਸ਼ ਮਨਾਂ ਵਿਚ ਉਕਰ ਦੇਣ ਦੀ ਸਮਰੱਥਾ ਪ੍ਰਗਟਾਉਂਦੀ ਹੈ।

*(ਹ.ਸ.ਹ.)*





## ਜੜ੍ਹਾਂ ਸਲਾਮਤ ਨੇ

*—ਤਾਹਿਰ ਗੋਜਰ*

ਹਾਂ<br>
ਅਸੀਂ ਆਪਣੇ ਆਪ ਤੇ ਬੜਾ ਜ਼ੁਲਮ ਕੀਤਾ<br>
ਆਪਣੇ ਹੱਥੀਂ<br>
ਆਪਣੀਆਂ ਸ਼ਾਖ਼ਾਂ ਕੱਟੀਆਂ<br>
ਕਰੂਬਲਾਂ ਵੱਢੀਆਂ<br>
ਫੇਰ ਆਪਣੇ ਵਜੂਦ ਦੇ ਟੋਟੇ<br>
ਚਾਰ ਚੁਫੇਰੇ ਖਿਲਾਰ ਦਿੱਤੇ।<br>
ਤਮਾਸ਼ਿਆਂ ਲਈ, ਜੱਗ ਹਾਸਿਆਂ ਲਈ।<br>
ਪਰ ਯਾਦ ਰੱਖੋ<br>
ਕਰੂਬਲਾਂ ਵੱਢ ਹੋਣ ਤੋਂ ਬਾਅਦ ਵੀ<br>
ਜੜ੍ਹਾਂ ਸਲਾਮਤ ਨੇ।<br>
ਜੜ੍ਹਾਂ ਸਲਾਮਤ ਨੇ<br>
ਉਸ ਧਰਤੀ ਵਿਚ<br>
ਜਿਹਦੀ ਮਿੱਟੀ ਨੂੰ<br>
ਪੰਜ-ਪਾਣੀਆਂ ਨੇ ਗੁੰਨ੍ਹਿਆ ਏ।

ਜੜ੍ਹਾਂ ਸਲਾਮਤ ਨੇ<br>
ਤਾਂ ਇਹ ਆਸ ਵੀ ਜੀਉਂਦੀ ਏ<br>
ਕਿ ਇੱਕ ਦਿਨ ਸ਼ਗੂਫ਼ੇ ਫੁੱਟਣਗੇ<br>
ਫੇਰ ਖਿੜੇ ਫੁੱਲ<br>
ਧੌਣਾਂ ਚੁੱਕ ਚੁੱਕ ਇਕ ਦੂਜੇ ਨੂੰ ਪੁੱਛਣਗੇ<br>
ਅਸੀਂ ਕਿਵੇਂ ਉੱਗ ਪਏ ?<br>
ਅਸੀਂ ਕਿਵੇਂ ਬਚ ਗਏ ?<br>
ਤਾਂ ਮੈਂ<br>
ਜਿਹੜਾ ਇਹੋ ਸੁਣਨੇ ਦੀ ਆਸ ਤੇ ਜੀਊਂਦਾ<br>
ਬੁਝੀਆਂ ਅੱਖਾਂ ਨਾਲ ਆਖਾਂਗਾ<br>
"ਹਾਂ, ਤੁਸੀਂ ਬਚ ਗਏ<br>
ਤੁਸੀਂ ਫੇਰ ਉੱਗ ਪਏ<br>
ਕਿਉਂ ਜੋ ਤੁਹਾਡੀਆਂ ਜੜ੍ਹਾਂ ਸਲਾਮਤ ਨੇ।"

(ਰਵੇਲ ਲਾਹੌਰ)

Registered with the Registrar of News-Papers of India
NO-PUN-PUN 0 2776/AL/TC/94.

ਪੰਜਾਬੀ ਦੇ ਪ੍ਰਗਤੀਸ਼ੀਲ ਪ੍ਰਕਾਸ਼ਕ ਜਿਹੜੇ ਪੰਜਾਬੀ

ਪੁਸਤਕਾਂ ਛਾਪਣ ਵੇਲੇ, ਸਾਹਿਤਕ ਪੱਧਰ, ਨਰੋਏ

ਸੁਹਜ ਸਵਾਦ ਤੇ ਪ੍ਰਤੀਵਾਦੀ ਦਿੱਖ ਨੂੰ

ਹਮੇਸ਼ਾਂ ਧਿਆਨ ਵਿਚ ਰੱਖਦੇ ਨੇ।

ਤੁਸੀਂ ਉਹਨਾਂ ਦੀਆਂ ਛਾਪੀਆਂ

ਪੁਸਤਕਾਂ ਦੀ ਚੋਣ ਤੇ

ਮਿਆਰ ਬਾਰੇ ਭਰੋਸਾ

ਕਰ ਸਕਦੇ ਹੋ।

ਚੇਤਨਾ ਪ੍ਰਕਾਸ਼ਨ
ਪੰਜਾਬੀ ਸਾਹਿਤ ਅਕਾਡਮੀ
ਲੁਧਿਆਣਾ।

ਪ੍ਰਿੰਟਰ, ਮਾਲਕ ਤੇ ਪਬਲਿਸ਼ਰ ਡਾ. ਅਨੂਪ ਸਿੰਘ ਨੇ ਵਾਈਟ ਕਰਾਸ ਪ੍ਰਿੰਟਰਜ਼, ਜਲੰਧਰ ਤੋਂ ਛਪਵਾ ਕੇ 219, ਬਾਈ ਦਿੱਤ ਸਿੰਘ ਨਗਰ ਜਲੰਧਰ ਤੋਂ ਪ੍ਰਕਾਸ਼ਿਤ ਕੀਤਾ। ਫੋਨ : 226877